# ਨਿਸ਼ਾਨ-ਏ-ਸਿੱਖੀ

## ਖਡੂਰ ਸਾਹਿਬ


## 2026



# ਕਾਰ ਸੇਵਾ ਖਡੂਰ ਸਾਹਿਬ

ਪਿੰਡ, ਡਾਕ. ਅਤੇ ਤਹਿ: ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ (ਪੰਜਾਬ) 143117
ਈ-ਮੇਲ: nsikhi@yahoo.in, karsewa@yahoo.com
ਵੈੱਬਸਾਈਟ: www.nishan-e-sikhi.org www.kaarsewakhadursahib.com
ਮੋਬਾਇਲ: +91 9878552417, +91 9779314298

# ਕਾਰ ਸੇਵਾ ਵਾਲੇ ਮਹਾਂਪੁਰਖ




## ਸੰਤ ਬਾਬਾ ਗੁਰਮੁਖ ਸਿੰਘ ਜੀ

ਜਨਮ : 1849
ਜਨਮ ਸਥਾਨ : ਦਿਆਲਗੜ੍ਹ ਕਿਲ੍ਹਾ ਰਾਈਸੁੱਖਾਂ (ਪਟਿਆਲਾ)
ਪਿਤਾ - ਭਾਈ ਕਰਮ ਸਿੰਘ ਮਾਤਾ - ਗੁਰਦੇਈ ਜੀ
ਅਕਾਲ ਚਲਾਣਾ - 30 ਨਵੰਬਰ, 1947



## ਸੰਤ ਬਾਬਾ ਸਾਧੂ ਸਿੰਘ ਜੀ

ਜਨਮ ਸਥਾਨ : ਸ਼ਾਹਬਾਦ, ਜ਼ਿਲ੍ਹਾ ਕਰਨਾਲ
ਪਿਤਾ - ਭਾਈ ਪ੍ਰੇਮ ਸਿੰਘ ਮਾਤਾ - ਗੁਲਾਬ ਕੌਰ ਜੀ
ਅਕਾਲ ਚਲਾਣਾ - 1942



## ਸੰਤ ਬਾਬਾ ਝੰਡਾ ਸਿੰਘ ਜੀ

ਜਨਮ : 1881
ਜਨਮ ਸਥਾਨ : ਸ੍ਰੀ ਅੰਮ੍ਰਿਤਸਰ ਸਾਹਿਬ
ਅਕਾਲ ਚਲਾਣਾ - 1961



## ਸੰਤ ਬਾਬਾ ਉੱਤਮ ਸਿੰਘ ਜੀ

ਜਨਮ : 1920
ਜਨਮ ਸਥਾਨ : ਦੀਨਪੁਰ, ਜ਼ਿਲ੍ਹਾ ਤਰਨ ਤਾਰਨ
ਅਕਾਲ ਚਲਾਣਾ - 28 ਫਰਵਰੀ 1992



ਗੁਰਦੁਆਰਾ ਸ੍ਰੀ ਤਪਿਆਣਾ ਸਾਹਿਬ (ਖਡੂਰ ਸਾਹਿਬ) ਦਾ ਹਵਾਈ ਦ੍ਰਿਸ਼


# ਨਿਸ਼ਾਨ-ਏ-ਸਿੱਖੀ

ਮੈਗਜ਼ੀਨ

ਸਰਪ੍ਰਸਤ
**ਕਾਰ ਸੇਵਾ ਖਡੂਰ ਸਾਹਿਬ**

ਸੰਪਾਦਕ
**ਭਾਈ ਵਰਿਆਮ ਸਿੰਘ**

ਸਹਿ ਸੰਪਾਦਕ
**ਭਾਈ ਵਿਕਰਮਜੀਤ ਸਿੰਘ**
**ਪ੍ਰੋ. ਤਨਵੀਰ ਸਿੰਘ**
**ਸ. ਸੁਖਪ੍ਰੀਤ ਸਿੰਘ** (ਇੰਚਾਰਜ ਆਈ.ਟੀ)



ਪਤਾ :
'ਨਿਸ਼ਾਨ-ਏ-ਸਿੱਖੀ'
ਪਿੰਡ ਤੇ ਡਾਕ ਖਡੂਰ ਸਾਹਿਬ,
ਤਹਿਸੀਲ ਖਡੂਰ ਸਾਹਿਬ
ਜ਼ਿਲ੍ਹਾ ਤਰਨ ਤਾਰਨ

ਸਕੱਤਰ
**ਸ. ਜਸਵਿੰਦਰ ਪਾਲ ਸਿੰਘ**
98785-52417


## ਤਤਕਰਾ


| | |
|---|---|
| ਸੰਪਾਦਕੀ | 02 |
| ਦੋ ਸ਼ਬਦ | 04 |
| ਸਿੱਖ ਧਰਮ ਦਾ ਪ੍ਰਮੁੱਖ ਕੇਂਦਰੀ ਅਸਥਾਨ ਖਡੂਰ ਸਾਹਿਬ | 05 |
| ਕਾਰ ਸੇਵਾ ਦਾ ਆਰੰਭ ਤੇ ਵਿਕਾਸ | 09 |
| ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਸੇਵਾਵਾਂ | 13 |
| ਬਾਗ਼ ਦੀ ਮਹੱਤਤਾ | 19 |
| ਨਗਰ ਖਡੂਰ ਸਾਹਿਬ ਦੀ ਸਿਫ਼ਤ | 20 |
| ਪਹਿਲਾ ਪਾਣੀ ਜੀਉ ਹੈ... | 21 |
| ਵਾਤਾਵਰਨ ਸੰਭਾਲ ਸੰਬੰਧੀ | 22 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਸ਼ੂ-ਪੰਛੀਆਂ ਅਤੇ ਜੀਵ-ਜੰਤੂਆਂ ਦੇ ਨਾਮ | 30 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਿਤ ਪੇੜ-ਪੌਦੇ ਅਤੇ ਬਨਸਪਤੀ ਦੇ ਨਾਮ | 33 |
| ਵਿਦਿਅਕ ਅਦਾਰਿਆਂ ਦਾ ਵੇਰਵਾ | 34 |
| ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਾਤਾਵਰਨ ਸੰਭਾਲ, | 56 |
| ਵਿਸ਼ਵ ਪੱਧਰੀ ਵਾਤਾਵਰਨ ਸੰਮੇਲਨ (COP) | 60 |
| ਲੰਗਰ ਮਾਤਾ ਖੀਵੀ ਜੀ | 62 |

# ਸੰਪਾਦਕੀ



ਸ੍ਰੀ ਗੁਰੂ ਅੰਗਦ ਦੇਵ ਜੀ ਗੁਰਮੁਖੀ ਬਾਲ ਬੋਧ ਤਿਆਰ ਕਰਵਾ ਕੇ ਸਿਖਿਆਰਥੀਆਂ ਵਿੱਚ ਵੰਡਦੇ ਹੋਏ

### ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥

ਸਿੱਖ ਧਰਮ ਵਿਚ ਸਿਮਰਨ ਅਤੇ ਸੇਵਾ ਦਾ ਬਹੁਤ ਅਹਿਮ ਸਥਾਨ ਹੈ। ਸਿੱਖ ਪੰਥ ਦੇ ਗਾਡੀ ਰਾਹ ਉਤੇ ਚੱਲਣ ਵਾਲੇ ਹਰ ਜਗਿਆਸੂ ਲਈ ਜਰੂਰੀ ਹੈ ਕਿ ਉਹ ਸਿਮਰਨ ਅਤੇ ਸੇਵਾ ਨਾਲ ਜੁੜੇ। ਗੁਰਮਤਿ ਵਿਚ ਪਰਮਾਤਮਾ ਦਾ ਨਾਮ ਅਧਾਰ ਹੈ ਅਤੇ ਇਹੀ ਸਰਵਉਚ ਧਰਮ ਹੈ। ਪਰਮਾਤਮਾ ਦੇ ਨਾਮ ਨਾਲ ਜੁੜਨ ਵਾਲਾ ਜਗਿਆਸੂ ਆਪਣੇ ਜੀਵਨ ਵਿਚ ਸੇਵਾ ਦੀ ਭਾਵਨਾ ਨੂੰ ਵਿਕਸਿਤ ਕਰਦਾ ਹੈ। ਉਸ ਲਈ ਇਸ ਸੰਸਾਰ ਵਿਚ ਪਰਮਾਤਮਾ ਦਾ ਵਾਸਾ ਅਨੁਭਵ ਹੋਣਾ ਅਤੇ ਉਸ ਨਾਲ ਨੇੜਤਾ ਲਈ ਸੇਵਾ ਮੁਖੀ ਹੋਣਾ ਬਹੁਤ ਮੱਹਤਵਪੂਰਨ ਹੁੰਦਾ ਹੈ।

ਸੇਵਾ ਇਕ ਨਿਸ਼ਕਾਮ ਸਾਧਨਾ ਹੈ। 'ਸੇਵਾ' ਦੇ ਅਰਥ ਹਨ: ਸੇਵਾ ਕਰਨੀ, ਚਾਕਰੀ ਕਰਨੀ, ਭਰੋਸਾ ਰੱਖਣਾ, ਯਾਦ ਕਰਨਾ ਆਦਿ। ਇਸ ਦਾ ਮਨੁੱਖਤਾ ਦੇ ਕਲਿਆਣ ਵਿੱਚ ਵਿਸ਼ੇਸ਼ ਮਹੱਤਵ ਹੈ। ਸੰਸਾਰ ਦੇ ਲਗਭਗ ਸਾਰੇ ਆਚਾਰ-ਸ਼ਾਸਤਰਾਂ ਅਤੇ ਧਾਰਮਿਕ ਗ੍ਰੰਥਾਂ ਵਿੱਚ ਸੇਵਾ ਦੀ ਗੱਲ ਹੋਈ ਮਿਲ ਜਾਂਦੀ ਹੈ।

ਸੇਵਾ ਅਸਲ ਵਿੱਚ ਬੜੀ ਉੱਚੀ ਸਾਧਨਾ ਹੈ। ਮਨੁੱਖ ਦਾ ਹਰ ਕਾਰਜ ਹਉਮੈਂ ਨਾਲ ਯੁਕਤ ਹੁੰਦਾ ਹੈ। ਸੇਵਾ ਦੀ ਭਾਵਨਾ ਹਉਮੈਂ ਨੂੰ ਨਸ਼ਟ ਕਰਦੀ ਹੈ,ਕਿਉਂਕਿ ਹਉਮੈਂ ਧੁੰਧ ਗੁਬਾਰ ਵਾਂਗ ਹੈ ਅਤੇ ਸੇਵਾ ਪ੍ਰਕਾਸ਼ ਵਰਗੀ। ਹਉਮੈਂ ਦੀ ਅਵਸਥਾ ਵਿੱਚ ਆਪਣੇ ਆਪ ਲਈ ਜਿਊਣਾ ਹੁੰਦਾ ਹੈ, ਜਦ ਕਿ ਸੇਵਾ ਵਿੱਚ ਹੋਰਨਾਂ ਲਈ ਜੀਵਿਆ ਜਾਂਦਾ ਹੈ। ਗੁਰਮਤਿ ਵਿੱਚ ਸੇਵਾ ਦਾ ਖੇਤਰ ਬਹੁਤ ਵਿਸ਼ਾਲ ਹੈ। ਇਹ ਗੁਰੂ ਤੋਂ ਲੈ ਕੇ ਹਰ ਜੀਵ ਮਾਤਰ ਦੀ ਸੇਵਾ ਤੱਕ ਵਿਆਪਕ ਹੈ। ਨਾਮ ਦੁਆਰਾ ਜਿੱਥੇ ਮਨੁੱਖ ਆਪਣਾ ਅਧਿਆਤਮਿਕ ਵਿਕਾਸ ਕਰਦਾ ਹੈ, ਉੱਥੇ ਹੀ ਸੇਵਾ ਮਨੁੱਖ ਦੇ ਜੀਵਨ ਦੀ ਘਾੜਤ ਘੜਨ ਅਤੇ ਸਚਿਆਰ ਮਨੁੱਖ ਸਿਰਜਣ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਦੇ ਸਮਾਜ ਪ੍ਰਤੀ ਵੀ ਫ਼ਰਜ਼ ਬਣਦੇ ਹਨ, ਜਿੰਨ੍ਹਾਂ ਵਿੱਚ ਸਮਾਜ ਦੀ ਭਲਾਈ ਅਤੇ ਵਿਕਾਸ ਲਈ ਮਨੁੱਖ ਦਾ ਯੋਗਦਾਨ ਅਤਿ ਜ਼ਰੂਰੀ ਹੁੰਦਾ ਹੈ। ਆਪਣੇ ਨਿੱਜੀ ਸੁਆਰਥ ਵਿੱਚ ਫਸਿਆ ਹੋਇਆਂ ਮਨੁੱਖ ਆਪਣੇ ਲਾਭ ਹਿਤ ਕਿਸੇ ਵੀ ਹੱਦ ਤੱਕ ਗਿਰ ਸਕਦਾ ਹੈ। ਸੇਵਾ ਮਨੁੱਖ ਦੀ ਦ੍ਰਿਸ਼ਟੀ, ਸੋਚ ਅਤੇ ਖੇਤਰ ਨੂੰ ਵਿਸ਼ਾਲ ਕਰਦੀ ਹੈ। ਇਹ ਅਜਿਹੀ ਚੇਤਨਾ ਹੈ, ਜਿਸ ਵਿੱਚ ਮਨੁੱਖ ਆਪਣੇ ਨਿੱਜਤਵ ਤੋਂ ਉੱਪਰ ਉੱਠ ਕੇ ਸਮੁੱਚੇ ਬ੍ਰਹਿਮੰਡ ਨਾਲ ਆਪਣੇ ਸੰਬੰਧ ਸਥਾਪਿਤ ਕਰਦਾ ਹੈ। ਇਸ ਪ੍ਰਕਾਰ ਇਕ ਆਦਰਸ਼ਿਕ ਮਨੁੱਖ ਦੀ ਸਿਰਜਣਾ ਹੁੰਦੀ ਹੈ, ਜੋ ਨੈਤਿਕ ਗੁਣਾਂ ਜਿਵੇਂ ਸਬਰ, ਸੰਤੋਖ, ਨੇਕੀ, ਦਇਆ, ਏਕਤਾ ਆਦਿ ਨਾਲ ਭਰਪੂਰ ਹੁੰਦਾ ਹੈ। ਸੇਵਾ ਦੁਆਰਾ ਮਨੁੱਖ ਵਿੱਚ ਨਿਮਰਤਾ, ਪਿਆਰ ਅਤੇ ਹਲੀਮੀ ਜਿਹੇ ਗੁਣਾਂ ਦਾ ਵਿਕਾਸ ਹੁੰਦਾ ਹੈ, ਜਿੰਨ੍ਹਾਂ ਦੁਆਰਾ ਉਹ ਸਮਾਜ ਵਿੱਚ ਆਪਣੇ ਚੰਗੇਰੇ ਸੰਬੰਧ ਸਥਾਪਿਤ ਕਰਨ ਦੇ ਯੋਗ ਬਣਦਾ ਅਤੇ ਵਿਸ਼ਵ ਏਕਤਾ ਦੀ ਲੜੀ ਵਿੱਚ ਪਰੋਇਆ ਜਾਂਦਾ ਹੈ। ਇਸ ਨਾਲ ਸਮਾਜ ਵਿੱਚ ਫੈਲੀ ਹੋਈ ਅਰਾਜਕਤਾ, ਖਿੱਚੋ-ਤਾਣ ਅਤੇ ਤਣਾਉ ਖਤਮ ਹੋ ਜਾਂਦੇ ਹੈ। ਸੇਵਾ ਸੰਤੁਲਨ ਕਾਇਮ ਕਰਦੀ ਹੈ ਅਤੇ ਜਿਸ ਨਾਲ

ਮਨੁੱਖਤਾ ਦਾ ਅਹਿਸਾਸ ਵੱਧਦਾ ਹੈ। ਮਨੁੱਖ, ਮਨੁੱਖ ਦੀ ਅਹਿਮੀਅਤ ਨੂੰ ਸਮਝਦਾ ਹੈ ਅਤੇ ਆਪਣੇ ਕਰਤੱਵ ਤੋਂ ਜਾਣੂ ਹੁੰਦਾ ਹੈ। ਇਸ ਕਾਰਨ ਹੀ ਸਿੱਖ ਧਰਮ ਵਿੱਚ ਸੇਵਾ ਦਾ ਬਹੁਤ ਮਹੱਤਵਪੂਰਨ ਸਥਾਨ ਹੈ, ਜਿਸ ਦੀ ਗਵਾਹੀ ਸਿੱਖ ਇਤਿਹਾਸ ਭਰਦਾ ਹੈ। ਇੱਥੋਂ ਸਾਨੂੰ ਸੇਵਾ ਦੀ ਸ੍ਰੇਸ਼ਟਤਾ ਦਾ ਗਿਆਨ ਹੋ ਜਾਂਦਾ ਹੈ। ਗੁਰਬਾਣੀ ਵਿੱਚ ਵੀ ਸਾਨੂੰ ਸੇਵਾ ਲਈ ਵਾਰ-ਵਾਰ ਦ੍ਰਿੜ ਕਰਵਾਇਆ ਗਿਆ ਹੈ, ਜਿਸ ਸਮਾਜ, ਭਾਈਚਾਰੇ ਜਾਂ ਧਰਮ ਵਿੱਚ ਸੇਵਾ ਦੀ ਬਿਰਤੀ ਆਪਣੇ ਪੈਰ ਪੱਕੇ ਕਰ ਲੈਂਦੀ ਹੈ। ਉਹ ਸਮਾਜ ਮਨੁੱਖ ਗੁਣਾਂ ਨਾਲ ਸੰਪੰਨ ਹੋ ਜਾਂਦਾ ਹੈ।

ਇਸ ਪ੍ਰਕਾਰ ਸੇਵਾ ਅਤੇ ਸਿਮਰਨ ਦੇ ਮਹੱਤਵਪੂਰਨ ਬੁਨਿਆਦੀ ਥੰਮਾਂ 'ਤੇ ਆਦਰਸ਼ਿਕ ਸ਼ਖਸ਼ੀਅਤ 'ਗੁਰਮੁਖ' ਦੀ ਉਸਾਰੀ ਹੁੰਦੀ ਹੈ। ਇਸ ਕਾਰਜ ਵਿੱਚ ਵਿਸ਼ੇਸ਼ ਤੌਰ 'ਤੇ ਧਾਰਮਿਕ ਸਥਾਨ ਜਿਵੇਂ ਗੁਰਦੁਆਰਾ ਸਾਹਿਬ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਜਿੱਥੇ ਮਨੁੱਖ ਸਿਮਰਨ ਦੇ ਨਾਲ ਸੇਵਾ ਸਾਧਨਾ ਦੇ ਅਨੇਕਾਂ ਕਾਰਜ ਕਰਦਾ ਹੈ। ਇਨ੍ਹਾਂ ਵਿੱਚ ਜਲ ਦੀ ਸੇਵਾ, ਜੋੜਿਆਂ ਦੀ ਸੇਵਾ, ਸਫ਼ਾਈ ਦੀ ਸੇਵਾ ਅਤੇ ਹੋਰ ਇਮਾਰਤੀ ਸੇਵਾਵਾਂ ਆਦਿ ਮਹੱਤਵਪੂਰਨ ਹਨ, ਜੋ ਪ੍ਰਯੋਗਸ਼ਾਲਾ ਦੀ ਤਰ੍ਹਾਂ ਮਨੁੱਖ ਨੂੰ ਅਮਲੀ ਤੌਰ 'ਤੇ ਇਸ ਖੇਤਰ ਵਿੱਚ ਨਿਪੁੰਨਤਾ ਵੱਲ ਉਚਿਆਉਣ ਦੇ ਸਾਧਨ ਹਨ। ਇਨ੍ਹਾਂ ਤੋਂ ਮਨੁੱਖ ਵਿੱਚ ਸੇਵਾ ਦੀ ਭਾਵਨਾ ਜਾਗ ਉੱਠਦੀ ਹੈ ਅਤੇ ਉਹ ਇਸ ਤੋਂ ਅੱਗੇ ਵਿਕਾਸ ਕਰਦਾ ਹੋਇਆ, ਆਪ ਮੁਹਾਰੇ ਹੀ ਸਮਾਜ ਦੇ ਹਰ ਖੇਤਰ ਵਿੱਚ ਸੇਵਾ ਲਈ ਕਾਰਜਸ਼ੀਲ ਹੋ ਜਾਂਦਾ ਹੈ। ਗੁਰੂ ਮਹਾਰਾਜ ਦੀ ਬਹੁਤ ਬਖ਼ਸ਼ਿਸ਼ ਹੈ ਕਿ ਸਿੱਖ ਕੌਮ ਸ਼ੁਰੂ ਤੋਂ ਹੀ ਇਹਨਾਂ ਕਾਰਜਾਂ ਲਈ ਉੱਦਮਸ਼ੀਲ ਰਹੀ ਹੈ। ਜਿੱਥੇ ਹੁਣ ਅਜੋਕੇ ਸਮੇਂ ਦੌਰਾਨ ਸੇਵਾ ਅਤੇ ਸਮਾਜ ਭਲਾਈ ਲਈ ਬਹੁਤ ਸਾਰੇ ਸੰਗਠਨ ਅਤੇ ਸੰਸਥਾਵਾਂ ਹੋਂਦ ਵਿੱਚ ਆ ਰਹੀਆਂ ਹਨ, ਉੱਥੇ ਹੀ ਅਜਿਹੇ ਸੰਗਠਨ ਅਤੇ ਸੰਸਥਾਵਾਂ ਸਿੱਖ ਕੌਮ ਵਿੱਚ ਬਹੁਤ ਲੰਮਾ ਸਮਾਂ ਪਹਿਲਾਂ ਹੀ ਸਥਾਪਿਤ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚ ਕਾਰ-ਸੇਵਾ ਅਤੇ ਸੇਵਾਪੰਥੀ ਸੰਪਰਦਾਇ ਆਦਿ ਮੁੱਖ ਰੂਪ ਵਿੱਚ ਵਰਨਣਯੋਗ ਹਨ। ਇਹਨਾਂ ਨੇ ਸਿਮਰਨ ਦੇ ਨਾਲ-ਨਾਲ ਸਮਾਜ ਦੇ ਹਰ ਖੇਤਰ ਵਿੱਚ ਆਪਣਾ ਯੋਗਦਾਨ ਪਾਇਆ। ਵਿਦਿਆ ਦੇ ਪਸਾਰ ਲਈ ਸਕੂਲ ਅਤੇ ਕਾਲਜ, ਰੋਗੀਆਂ ਅਤੇ ਦੁਖੀਆਂ ਲਈ ਹਸਪਤਾਲ, ਗੁਰਦੁਆਰਿਆਂ ਦੀ ਉਸਾਰੀ, ਨਿਵਾਸ ਲਈ ਸਰਾਵਾਂ, ਚੰਗੇਰੇ ਵਾਤਾਵਰਨ ਦੀ ਸਿਰਜਨਾ ਅਤੇ ਹੋਰ ਲੋਕ ਭਲਾਈ ਦੇ ਕੰਮ, ਇਹਨਾਂ ਦੇ ਮਹੱਤਵਪੂਰਨ ਕਾਰਜ ਹਨ। ਇਹ ਕਾਰਜ ਬਹੁਤ ਵੱਡੇ ਪੱਧਰ ਤੇ ਅੱਜ ਵੀ ਜਾਰੀ ਹਨ, ਜਿੰਨ੍ਹਾਂ ਦਾ ਲਾਭ ਪੂਰੇ ਸਮਾਜ ਨੂੰ ਹੋ ਰਿਹਾ ਹੈ। ਇਸ ਪ੍ਰਕਾਰ ਇਕ ਚੰਗੇ ਸਮਾਜ ਦੀ ਸਿਰਜਣਾ ਲਈ ਸੇਵਾ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਹਥਲਾ ਮੈਗਜ਼ੀਨ ਉਪਰੋਕਤ ਸਿਧਾਂਤਕ ਨੁਕਤਿਆਂ ਨੂੰ ਅਮਲੀ ਰੂਪ ਵਿਚ ਕਾਰ ਸੇਵਾ ਖਡੂਰ ਸਾਹਿਬ ਦੁਆਰਾ ਕੀਤੇ ਜਾ ਰਹੇ ਕਾਰਜਾਂ ਦੇ ਵਰਣਨ ਨਾਲ ਸੰਬੰਧਤ ਹੈ। ਅਕਾਲ ਪੁਰਖ ਦੀ ਅਪਾਰ ਕਿਰਪਾ ਅਤੇ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਯੋਗ ਅਗਵਾਈ ਹੇਠ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾ ਕਾਰਜ ਵੱਖ ਵੱਖ ਪੱਖਾਂ ਤੋਂ ਲਗਾਤਾਰ ਕਾਰਜਸ਼ੀਲ ਹਨ। ਕਾਰ ਸੇਵਾ ਦੇ ਕਾਰਜਾਂ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਉਸਾਰੀ ਅਤੇ ਸਾਂਭ-ਸੰਭਾਲ ਦੇ ਕਾਰਜਾਂ ਦੇ ਨਾਲ ਨਾਲ ਵਿਦਿਆ ਅਤੇ ਵਾਤਾਵਰਨ ਦੇ ਖੇਤਰ ਵਿਚ ਕੀਤੇ ਜਾ ਰਹੇ ਕਾਰਜ ਵਰਤਮਾਨ ਸਮੇਂ ਦੀ ਲੋੜ ਅਤੇ ਚਿੰਤਾ ਦਾ ਢੁਕਵਾਂ ਸਮਾਧਾਨ ਹਨ। ਵਰਤਮਾਨ ਸਮੇਂ ਜਦੋਂ ਮਨੁੱਖ ਕਈ ਚੁਣੌਤੀਆਂ ਜਿਵੇਂ ਵਾਤਾਵਰਨ ਪ੍ਰਦੂਸ਼ਣ ਆਦਿ ਨਾਲ ਜੂਝ ਰਿਹਾ ਹੈ, ਉਸ ਲਈ ਕਾਰਜ ਕਰਨਾ ਕਾਰ ਸੇਵਾ ਖਡੂਰ ਸਾਹਿਬ ਦੀ ਅਹਿਮ ਪ੍ਰਾਪਤੀ ਹੈ।

ਹਥਲਾ ਮੈਗਜ਼ੀਨ ਨਿਸ਼ਾਨ ਏ ਸਿੱਖੀ ਚੈਰੀਟੇਬਲ ਟਰਸਟ, ਖਡੂਰ ਸਾਹਿਬ ਅਤੇ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾ ਕਾਰਜਾਂ ਨਾਲ ਸੰਬੰਧਤ ਹੈ। ਅਰੰਭ ਵਿਚ ਖਡੂਰ ਸਾਹਿਬ ਅਤੇ ਕਾਰ ਸੇਵਾ ਦੇ ਇਤਿਹਾਸ ਨੂੰ ਦਿਤਾ ਗਿਆ ਹੈ। ਇਸ ਸੰਸਥਾ ਦੇ ਅੰਤਰਗਤ ਚਲ ਰਹੇ ਵਖ ਵਖ ਅਦਾਰਿਆਂ ਦੁਆਰਾ ਕੀਤੇ ਜਾਂਦੇ ਕਾਰਜਾਂ ਅਤੇ ਉਨ੍ਹਾਂ ਦੀ ਪ੍ਰਾਪਤੀਆਂ ਦਾ ਬਾਖੂਬੀ ਵਰਣਨ ਹੈ। ਇਸ ਵਿਚ ਵਾਤਾਵਰਣ ਸੰਭਾਲ ਲਈ ਸੇਵਾ ਲਈ ਪ੍ਰੇਰਨਾ ਅਤੇ ਸੰਸਥਾ ਦੁਆਰਾ ਕੀਤੇ ਜਾ ਰਹੇ ਉੱਦਮਾਂ ਦਾ ਵੇਰਵਾ ਹੈ। ਸੰਸਥਾ ਦੇ ਪ੍ਰਬੰਧ ਅਧੀਨ ਚਲ ਰਹੇ ਸਕੂਲ, ਕਾਲਜ, ਇੰਸਟੀਚਿਊਟ ਆਦਿ ਸਾਰੇ ਵਿਦਿਅਕ ਅਦਾਰਿਆਂ ਦਾ ਇਤਿਹਾਸ ਅਤੇ ਪ੍ਰਾਪਤੀਆਂ ਵਰਤਮਾਨ ਸਮੇਂ ਵਿਚ ਵਿਦਿਆ ਦੀ ਅਹਿਮਅਤ ਨੂੰ ਉਜਾਗਰ ਕਰਦੀਆਂ ਹਨ। ਕਾਰ ਸੇਵਾ ਖਡੂਰ ਸਾਹਿਬ ਦੇ ਵਖ ਵਖ ਸੇਵਾ ਕਾਰਜਾਂ ਨੂੰ ਪੇਸ਼ ਕਰਦਾ ਇਹ ਮੈਗਜ਼ੀਨ ਪ੍ਰੇਰਣਾ ਦਿੰਦਾ ਹੈ ਕਿ ਸਾਨੂੰ ਵਰਤਮਾਨ ਸਮੇਂ ਸੇਵਾ ਪ੍ਰਤੀ ਕਿੰਨਾ ਸੰਜੀਦਾ ਹੋਣ ਦੀ ਲੋੜ ਹੈ। ਆਸ ਹੈ ਪਾਠਕ ਇਸ ਮੈਗਜ਼ੀਨ ਨੂੰ ਪੜ੍ਹ ਜਰੂਰ ਪ੍ਰੇਰਣਾ ਲੈਣਗੇ। ਸੇਵਾ ਦੀ ਭਾਵਨਾ ਦੁਆਰਾ ਆਪਸੀ ਮੇਲ-ਮਿਲਾਪ ਨਾਲ ਇਕ-ਜੁੱਟ ਹੋ ਕੇ ਹੀ ਅਸੀਂ ਆਪਣਾ ਅਤੇ ਸਮਾਜ ਦਾ ਸਹੀ ਵਿਕਾਸ ਕਰ ਸਕਦੇ ਹਾਂ।

**ਭਾਈ ਵਿਕਰਮਜੀਤ ਸਿੰਘ**
ਖੋਜਾਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।**

**ਦਸਵੰਧ ਗੁਰੁ ਨਹਿ ਦੇਵੈ ਝੂਠ ਬੋਲ ਜੋ ਖਾਇ**
**ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨਾ ਬਿਸਾਹਿ।**
**(ਰਹਿਤਨਾਮਾ)**

# ਦੋ ਸ਼ਬਦ



ਲੰਗਰ ਮਾਤਾ ਖੀਵੀ ਜੀ ਵਿਖੇ ਅੰਮ੍ਰਿਤ ਵੇਲੇ ਨਾਮ ਜਪ ਰਹੀ ਸੰਗਤ

ਨਾਮੁ ਸਿਮਰਨ ਅਤੇ ਸੇਵਾ, ਸਿੱਖੀ ਦੇ ਦੋ ਮਜਬੂਤ ਥੰਮ ਹਨ। 'ਨਾਮੁ' ਤੋਂ ਭਾਵ ਪਰਮ-ਹਸਤੀ ਦਾ ਕੇਵਲ ਨਾਓ ਹੀ ਨਹੀਂ, ਭਾਵ ਕਿ ਇਹ ਉਸ ਦੀ ਸੰਗਿਆ ਨਹੀਂ।ਇਹ ਇੱਕ ਰਹੱਸਵਾਦੀ ਵਿਸ਼ਾ ਹੈ ਅਤੇ ਇਸ ਨੂੰ ਇਸ ਤਰ੍ਹਾਂ ਪਰਭਾਸ਼ਿਤ ਕਰਨਾ ਕਠਿਨ ਹੀ ਨਹੀਂ ਬਲਕਿ ਅਸੰਭਵ ਹੈ। ਹਾਂ! ਗੁਰਬਾਣੀ ਵਿੱਚ ਆਏ ਉਪਦੇਸ਼ਾਂ ਵਿੱਚੋਂ ਇਹ ਸੰਕੇਤ ਸਪਸ਼ਟ ਮਿਲਦੇ ਹਨ ਕਿ 'ਨਾਮੁ' ਉਹ ਹੋਂਦ ਹੈ ਜੋ ਸਰਬ ਵਿਆਪਕ ਹੋ ਕੇ ਘਟ-ਘਟ ਨੂੰ ਧਾਰ ਰਹੀ ਹੈ। ਨਿਰੰਕਾਰ ਨੇ ਸਭ ਤੋਂ ਪਹਿਲਾਂ ਨਾਮੁ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕੀਤਾ ਅਤੇ ਫਿਰ ਕੁਦਰਤ ਦੀ ਸਾਜਨਾ ਕੀਤੀ।

**ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਅੰਗ:੪੬੩**

ਮਨੁੱਖ ਨੂੰ ਇਹ ਉਪਦੇਸ਼ ਵੀ ਦਿੱਤਾ ਗਿਆ ਹੈ ਕਿ ਉਹ ਇਸ 'ਹੋਂਦ' ਦੀ ਯਾਦ ਨੂੰ ਹਰ ਵਕਤ ਚਿਤ ਵਿੱਚ ਸੰਭਾਲੇ ਅਤੇ ਇਹ ਵੀ ਗੁਰਬਾਣੀ ਰਾਹੀਂ ਬਾਰ-ਬਾਰ ਪ੍ਰੇਰਨਾ ਕੀਤੀ ਗਈ ਹੈ ਕਿ ਇਹ 'ਨਾਮੁ' ਚਿੱਤ ਵਿੱਚ ਰੱਖਣ ਲਈ, ਹਿਰਦੇ ਵਿੱਚ ਟਿਕਾਉਣ ਲਈ ਮੁਢਲਾ ਸਾਧਨ 'ਸਿਮਰਨ' ਹੈ।

'ਸਤਿਨਾਮੁ' ਤੋਂ ਭਾਵ ਇਹ ਕੇਵਲ ਵਿਚਾਰ ਨਹੀਂ, ਇਕ ਖਿਆਲ ਨਹੀਂ ਇਹ ਕੋਈ ਮਿਥਿਆ ਨਹੀਂ ਇਹ 'ਹੋਂਦ' ਵਿੱਚ ਹੈ। ਬੇਸ਼ੱਕ ਸਾਡੇ ਗਿਆਨ ਇੰਦਰੇ ਇਸ 'ਹੋਂਦ' ਨੂੰ ਦੇਖ ਨਹੀਂ ਸਕਦੇ ਇਹਨਾਂ ਦੀ ਸਮਰੱਥਾ ਬਹੁਤ ਘੱਟ ਹੈ, ਪਰ ਉਹ 'ਅੱਖ' ਵੀ ਹੈ ਜੋ ਇਸ ਹੋਂਦ ਨੂੰ ਦੇਖ ਸਕਦੀ ਹੈ।

**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ਅੰਗ:੫੭੭**

ਇਸ 'ਨੇਤਰ' ਦੀ ਪ੍ਰਾਪਤੀ ਕੇਵਲ ਵਿਸ਼ੇਸ਼ ਅਨੁਭਵ ਰਾਹੀਂ ਹੀ ਹੋ ਸਕਦੀ ਹੈ ਅਤੇ ਐਸਾ ਅਨੁਭਵ ਸਿਮਰਨ ਰਾਹੀ ਜਦੋਂ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ ਤਾਂ ਹੀ ਪ੍ਰਾਪਤ ਹੋ ਸਕਦਾ ਹੈ। ਜਗਿਆਸੂ ਐਸੇ ਅਨੁਭਵ ਦੇ ਝਲਕਾਰਿਆਂ ਰਾਹੀਂ ਨਿਰੰਕਾਰ ਦੀ 'ਨਾਮੁ' ਰੂਪ ਵਿੱਚ ਘਟ ਘਟ ਨੂੰ ਧਾਰਨ ਕਰਨ ਵਾਲੀ ਜੋਤ ਦੇ ਦਰਸ਼ਨ ਕਰਦਿਆਂ ਰਹੱਸਮਈ ਅਹਿਸਾਸ ਦਾ ਆਨੰਦ ਮਾਣਦਾ ਹੈ ਅਤੇ ਇਸ ਅਨੰਦ ਵਿੱਚ ਉਹ ਪਰਮਾਤਮਾ ਦੀ ਜੋਤ ਹਰ ਥਾਂ ਵਿਆਪਕ ਦੇਖ ਕੇ ਆਪਣੀ ਹਉਮੈ ਮੋਹ ਮਮਤਾ ਵਿਸਾਰ ਕੇ ਮਨੁੱਖਤਾ ਦੀ ਸੇਵਾ ਦੇ ਕਾਰਜਾਂ ਵਿੱਚ ਆਪ ਮੁਹਾਰੇ ਜੁੱਟ ਜਾਂਦਾ ਹੈ। ਆਰੰਭ ਤੋਂ ਹੀ ਕਾਰ ਸੇਵਾ ਦੇ ਅਸਥਾਨਾਂ ਪੁਰ ਅੰਮ੍ਰਿਤ ਵੇਲੇ 'ਸਤਿਨਾਮੁ ਵਾਹਿਗੁਰੂ' ਦੀ ਧੁਨੀ ਸਰਵਣ ਕਰਨ ਨੂੰ ਮਿਲਦੀ ਰਹੀ ਹੈ ਅਤੇ ਇਹ ਧਾਰਨਾ ਸਫਰ ਕਰਦਿਆਂ, ਸੇਵਾ ਕਰਦਿਆਂ ਵੀ ਸੁਣੀ ਜਾਂਦੀ ਰਹੀ ਹੈ।

ਕਾਰ ਸੇਵਾ ਖਡੂਰ ਸਾਹਿਬ ਦੇ ਮਾਤਾ ਖੀਵੀ ਜੀ ਲੰਗਰ ਹਾਲ ਵਿੱਚ ਅੰਮ੍ਰਿਤ ਵੇਲੇ ਸਭ ਸੇਵਕ ਸੰਗਤੀ ਰੂਪ ਵਿੱਚ ਜੁੜ ਕੇ ਜਦੋਂ 'ਸਤਿਨਾਮੁ ਵਾਹਿਗੁਰੂ' ਦਾ ਜਾਪ ਕਰਦੇ ਹਨ ਤਾਂ ਇਸ ਧੁਨੀ ਨਾਲ ਸਾਰਾ ਮਾਹੌਲ ਅਧਿਆਤਮਿਕ ਅਤੇ ਸੁਹਾਵਣਾ ਹੋ ਜਾਂਦਾ ਹੈ। ਜਦ ਸਿਮਰਨ ਤੋਂ ਬਾਅਦ ਇਹ ਜਗਿਆਸੂ ਉਠਦੇ ਹਨ ਤਾਂ ਸਿਮਰਨ ਦੀ ਬਰਕਤ ਨਾਲ ਸਭ ਦੇ ਨੇਤਰ ਮਖਮੂਰ, ਗਦ ਗਦ ਕਰਦੇ ਚਿਹਰੇ ਇੱਕ ਵਿਸ਼ੇਸ਼ ਪ੍ਰਭਾਵ ਛੱਡਦੇ ਹਨ। ਉਪਰੰਤ ਸਾਰੇ ਸੇਵਕ ਨਿਤ ਨਵੀਂ ਊਰਜਾ ਅਤੇ ਉਤਸ਼ਾਹ ਨਾਲ ਆਪੋ ਆਪਣੀਆਂ ਡਿਊਟੀਆਂ/ਸੇਵਾਵਾਂ ਵਿੱਚ ਜੁੱਟ ਜਾਂਦੇ ਹਨ। ਨਿਸ਼ਾਨ-ਏ-ਸਿੱਖੀ ਅਤੇ ਕਾਰ ਸੇਵਾ ਦੇ ਕਾਰਜ ਜੋ ਨਿਤ ਨਵੀਆਂ ਉਚਾਣਾਂ ਦਾ ਇਤਿਹਾਸ ਸਿਰਜਦੇ ਹਨ, ਇਸ ਦਾ ਆਧਾਰ ਉਪਰੋਕਤ ਸਿਮਰਨ ਦੀ ਬਰਕਤ ਨਾਲ ਬਣਿਆ ਉਤਸ਼ਾਹ, ਸੰਗਤਾਂ ਦਾ ਸਹਿਯੋਗ ਗੁਰੂ ਮਹਾਰਾਜ ਅਤੇ ਮਹਾਂਪੁਰਖਾਂ ਦਾ ਅਸ਼ੀਰਵਾਦ ਹੈ।

ਨਿਸ਼ਾਨ-ਏ- ਸਿੱਖੀ ਮੈਗਜ਼ੀਨ ਦਾ ਇਹ ਹਥਲਾ ਅੰਕ- ਨਗਰ ਖਡੂਰ ਸਾਹਿਬ, ਡੇਰਾ ਕਾਰ ਸੇਵਾ, ਨਿਸ਼ਾਨ-ਏ- ਸਿੱਖੀ ਤਹਿਤ ਚਲਦੀਆਂ ਸੰਸਥਾਵਾਂ ਅਤੇ ਬਾਕੀ ਸਬੰਧਿਤ ਵਿੱਦਿਅਕ ਸੰਸਥਾਵਾਂ ਦੀ ਜਾਣਕਾਰੀ ਨਾਲ ਭਰਪੂਰ ਹੈ। ਵਿਸ਼ੇਸ਼ ਤੌਰ ਤੇ ਸਾਰੀਆਂ ਸੰਸਥਾਵਾਂ ਵਿੱਚ ਹੋਈਆਂ ਤਰੱਕੀਆਂ ਅਤੇ ਪ੍ਰਾਪਤੀਆਂ ਦਾ ਢੁਕਵੇ ਥਾਵਾਂ ਪੁਰ ਵਿਸਤ੍ਰਿਤ ਵਰਣਨ ਹੈ। ਵਾਤਾਵਰਨ ਦੇ ਖੇਤਰ ਵਿੱਚ ਰੁੱਖ, ਜੰਗਲ, ਬਾਗ ਆਦਿ ਦੀ ਗਿਣਤੀ ਵਿੱਚ ਹੋਏ ਵਾਧਿਆਂ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਆਸ ਕਰਦੇ ਹਾਂ ਕਿ ਸੰਗਤਾਂ ਪੜ੍ਹ ਸੁਣ ਕੇ ਸੰਤੁਸ਼ਟ ਅਤੇ ਪ੍ਰਸੰਨ ਹੋਣਗੀਆਂ ਅਤੇ ਅੱਗੋਂ ਉਹਨਾਂ ਵੱਲੋਂ ਹੋਰ ਭਰਵਾਂ ਸਹਿਯੋਗ ਸੰਸਥਾਵਾਂ ਨੂੰ ਪ੍ਰਾਪਤ ਹੋਵੇਗਾ।

ਇਹ ਅੰਕ ਪ੍ਰਕਾਸ਼ਿਤ ਕਰਨ ਵਿੱਚ ਇਥੋਂ ਦੀ ਧਾਰਮਿਕ ਸੰਸਥਾ ਦੇ ਪੁਰਾਣੇ ਵਿਦਿਆਰਥੀ ਡਾਕਟਰ ਵਿਕਰਮਜੀਤ ਸਿੰਘ ਦਾ ਭਰਪੂਰ ਸਹਿਯੋਗ ਪ੍ਰਾਪਤ ਹੋਇਆ, ਜਿਸ ਲਈ ਉਹਨਾਂ ਦੇ ਧੰਨਵਾਦੀ ਹਾਂ।

**ਭਾਈ ਵਰਿਆਮ ਸਿੰਘ**
ਪ੍ਰਿੰਸੀਪਲ, ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼
ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ

# ਸਿੱਖ ਧਰਮ ਦਾ ਪ੍ਰਮੁੱਖ ਕੇਂਦਰੀ ਅਸਥਾਨ ਖਡੂਰ ਸਾਹਿਬ

## ਇਤਿਹਾਸ ਅਤੇ ਮਹੱਤਵ



ਗੁਰਦੁਆਰਾ ਸ੍ਰੀ ਤਪਿਆਣਾ ਸਾਹਿਬ, ਖਡੂਰ ਸਾਹਿਬ

ਸਿੱਖ ਧਰਮ ਦੇ ਕੇਂਦਰੀ ਗੁਰਧਾਮਾਂ ਵਿੱਚੋਂ ਖਡੂਰ ਸਾਹਿਬ ਇੱਕ ਅਹਿਮ ਸਥਾਨ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਆਪਣੇ ਪ੍ਰਚਾਰ-ਪ੍ਰਸਾਰ ਦਾ ਕੇਂਦਰੀ ਸਥਾਨ ਬਣਾਇਆ। ਖਡੂਰ ਸਾਹਿਬ ਨਗਰ ਭਾਵੇਂ ਇਸ ਤੋਂ ਪਹਿਲਾਂ ਵੀ ਆਬਾਦ ਸੀ, ਪਰ ਗੁਰੂ ਜੋਤ ਦੀ ਛੋਹ ਪ੍ਰਾਪਤ ਹੋਣ ਨਾਲ ਇਹ ਨਗਰ ਸਹੀ ਅਰਥਾਂ ਵਿੱਚ ਵੱਸਣ ਲੱਗਾ। ਖਡੂਰ ਸਾਹਿਬ ਵਿਖੇ ਹੀ ਗੁਰਬਾਣੀ ਦੀ ਸਾਂਭ ਸੰਭਾਲ, ਗੁਰ ਇਤਿਹਾਸ ਨੂੰ ਲਿਖਣ, ਸੰਗਤ-ਪੰਗਤ ਅਤੇ ਲੰਗਰ ਆਦਿ ਦਾ ਪ੍ਰਬੰਧ ਨਿਯੰਤਰ ਵਿੱਚ ਚੱਲਣ ਲੱਗਾ। ਗੁਰਮੁਖੀ ਲਿਪੀ ਦੇ ਵਿਕਾਸ ਨੂੰ ਖਾਸ ਤਰਜੀਹ ਦਿੰਦਿਆਂ ਇਹ ਕਾਰਜ ਗੁਰੂ ਜੀ ਨੇ ਆਪ ਕੀਤਾ ਅਤੇ ਲੰਗਰ ਦੀ ਸੰਸਥਾ ਨੂੰ ਮਹੱਤਵਪੂਰਨ ਸਮਝਦਿਆਂ ਇਹ ਜਿੰਮੇਵਾਰੀ ਮਾਤਾ ਖੀਵੀ ਜੀ ਨੇ ਨਿਭਾਈ। ਖਡੂਰ ਸਾਹਿਬ ਰਹਿੰਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਕੀਤੇ ਕਾਰਜਾਂ ਸਦਕਾ ਜਿੱਥੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਨੂੰ ਹੁਲਾਰਾ ਮਿਲਿਆ ਉੱਥੇ ਨਾਲ ਹੀ ਸਿੱਖੀ ਦੀ ਵੱਖਰੀ ਪਹਿਚਾਣ ਸਮਾਜ ਵਿੱਚ ਉਭਰੀ।

ਭਾਈ ਅਮਰ ਸਿੰਘ ਤ੍ਰੇਹਣ ਦੇ ਵਿਚਾਰ ਅਨੁਸਾਰ ਖਡੂਰ “ਖੰਡਰ” ਸ਼ਬਦ ਦਾ ਵਿਗੜਿਆ ਹੋਇਆ ਰੂਪ ਹੈ, ਲੇਖਕ ਨੇ ਇਸ - ਵਿਚਾਰ ਦੀ ਪੁਸ਼ਟੀ ਲਈ ਕਿਸੇ ਤਵਾਰੀਖੀ ਸ੍ਰੋਤ ਨੂੰ ਅਧਾਰ ਨਹੀ ਬਣਾਇਆ, ਉਨ੍ਹਾਂ ਦੇ ਇਸ ਵਿਚਾਰ ਦੇ ਪਿੱਛੇ ਸ਼ਾਇਦ ਇਹ ਵੀ ਕਾਰਨ ਹੋ ਸਕਦਾ ਹੈ ਕਿ ਬਿਆਸ ਦਰਿਆ ਖਡੂਰ ਸਾਹਿਬ ਤੋਂ ਕੁੱਝ - ਹੀ ਦੂਰੀ 'ਤੇ ਵਗਦਾ ਹੈ, ਹੋ ਸਕਦਾ ਹੈ ਕਿ ਪ੍ਰਾਚੀਨ ਸਮੇਂ ਵਿੱਚ ਦਰਿਆ ਵਿੱਚ ਹੜ੍ਹ ਆਉਣ ਕਰਕੇ ਇਸ ਪਿੰਡ ਦੀ ਅਬਾਦੀ ਕਿਸੇ ਹੋਰ ਪਾਸੇ ਪ੍ਰਵਾਸ ਕਰ ਗਈ ਹੋਵੇ ਅਤੇ ਇਹ ਪਿੰਡ ਖੰਡਰ ਦੇ ਰੂਪ ਵਿੱਚ ਤਬਦੀਲ ਹੋ ਗਿਆ ਹੋਵੇ, ਕੁੱਝ ਸਮੇਂ ਬਾਅਦ ਫਿਰ ਇਹ ਨਗਰ ਆਬਾਦ ਹੋ ਗਿਆ ਹੋਵੇ। ਐਚ.ਏ. ਰੋਜ਼ ਅਨੁਸਾਰ 13ਵੀਂ ਸਦੀ ਵਿੱਚ ਖਡੂਰ ਸਾਹਿਬ ਵਿੱਚ ਸਿਧੂ ਗੋਤ ਦੇ ਜੱਟਾਂ ਦਾ ਵਾਸਾ ਸੀ, ਇਸ ਸਦੀ ਵਿੱਚ ਖਹਿਰਾ ਗੋਤ ਦੇ ਜੱਟ ਕਬੀਰਵਾਲ ਜਿਲ੍ਹਾ ਮੁਲਤਾਨ ਤੋਂ ਹਿਜ਼ਰਤ ਕਰਕੇ ਇਸ ਨਗਰ ਵਿੱਚ ਵਸ ਗਏ ਸਨ। ਇਸ ਪਿੰਡ ਵਿੱਚ ਖਹਿਰਿਆਂ ਦੀ ਗਿਣਤੀ ਵਧਣ ਲੱਗੀ, ਜਿਸ ਕਰਕੇ ਖਡੂਰ ਨੂੰ 'ਖਹਿਰਿਆਂ ਦਾ ਖਡੂਰ' ਵੀ ਕਿਹਾ ਜਾਣ ਲੱਗਾ। ਪਿੰਡ ਦੀ ਹੱਦਬੰਦੀ ਨੂੰ ਲੈ ਕੇ ਖਹਿਰਾ ਅਤੇ ਕੰਗ ਗੋਤ ਵਿਚਾਲੇ ਅਨੇਕ ਆਪਸੀ ਝਗੜੇ ਹੋਣ ਕਰਕੇ ਇਸ ਨਗਰ ਦਾ ਕਾਫੀ ਨੁਕਸਾਨ ਹੋਇਆ । ਬਾਬਾ ਸੁਜਾਦਾ ਜੀ ਅਤੇ ਬਾਬਾ ਮੱਲ੍ਹਾ ਜੀ ਦੀ ਲੜਾਈ ਤੋਂ ਬਾਅਦ ਪਿੰਡਾਂ ਦੀਆਂ ਪੱਕੀਆਂ ਹੱਦਬੰਦੀਆਂ ਤੈਅ ਕੀਤੀਆਂ ਗਈਆਂ।

ਗੁਰੂ ਸਾਹਿਬਾਨ ਦੇ ਚਰਨ ਪੈਣ ਤੋਂ ਪਹਿਲਾਂ ਖਡੂਰ ਸਾਹਿਬ ਦੇ ਲੋਕ ਜ਼ਿਆਦਾਤਰ ਦੁਰਗਾ ਪੂਜਾ ਅਤੇ ਯੋਗ ਮੱਤ ਨੂੰ ਮੰਨਣ ਵਾਲੇ ਸਨ। ਗੁਰੂ ਅੰਗਦ ਦੇਵ ਜੀ ਵੱਲੋਂ ਖਡੂਰ ਸਾਹਿਬ ਨੂੰ ਗੁਰਸਿੱਖੀ ਦਾ ਪ੍ਰਮੁੱਖ ਕੇਂਦਰ ਬਣਾਉਣ ਕਰਕੇ ਇਸ ਨਗਰ ਅਤੇ ਆਲੇ-ਦੁਆਲੇ ਦੇ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਦੇ ਧਾਰਮਿਕ ਜੀਵਨ ਵਿੱਚ ਬਹੁਤ ਪਰਿਵਰਤਨ ਹੋਇਆ। ਲੋਕ ਬਹੁਦੇਵਵਾਦ ਦੀ ਪੂਜਾ ਤਿਆਗ ਕੇ ਬਾਣੀ ਅਤੇ ਸਿੱਖ ਸਿਧਾਂਤਾਂ ਨਾਲ ਜੁੜਨ ਲੱਗੇ। ਗੁਰੂ ਸਾਹਿਬ ਦੇ ਨਿਵਾਸ ਕਾਰਨ ਖਡੂਰ ਨਾਲ 'ਸਾਹਿਬ' ਸ਼ਬਦ ਆਦਰ ਵੱਜੋਂ ਜੁੜ ਗਿਆ ਅਤੇ ਇਹ ਨਗਰ ਖਡੂਰ, 'ਖਹਿਰਿਆਂ ਦੇ ਖਡੂਰ' ਤੋਂ 'ਖਡੂਰ ਸਾਹਿਬ' ਬਣ ਗਿਆ।

ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਦੇ ਅਵਸਰ ਨੂੰ ਖਡੂਰ ਸਾਹਿਬ ਦੇ ਨਾਲ ਜੋੜਿਆ ਹੈ। ਸੁਲਤਾਨਪੁਰ ਤੋਂ ਬਰਾਤ ਚੜ੍ਹਨ ਤੋਂ ਬਾਅਦ ਬਰਾਤ ਬਿਆਸ ਦਰਿਆ ਪਾਰ ਕਰਨ ਉਪਰੰਤ ਖਡੂਰ ਸਾਹਿਬ ਪੁੱਜੀ। ਗੁਰੂ ਸਾਹਿਬ ਨੇ ਬਰਾਤ ਸਮੇਤ ਇਕ ਰਾਤ ਇਸ ਨਗਰ ਵਿਚ ਠਹਿਰਾਉ ਕੀਤਾ ਅਤੇ ਸਵੇਰੇ ਬਟਾਲਾ ਵੱਲ ਨੂੰ ਰਵਾਨਾ ਹੋ ਗਏ। ਭਾਈ ਵੀਰ ਸਿੰਘ ਅਨੁਸਾਰ ਖਡੂਰ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਚਰਨ ਪੈਣ ਕਰਕੇ ਇਸ ਨਗਰ ਵਿੱਚ ਸਿੱਖ ਸੰਗਤ ਦੀ ਨੀਂਹ ਰੱਖੀ ਗਈ। ਖਡੂਰ ਸਾਹਿਬ ਨਿਵਾਸੀ ਮਾਈ ਭਰਾਈ ਜੀ ਗੁਰੂ ਜੀ ਦੀ ਅਨਿੰਨ ਸਿੱਖ ਤੇ ਸ਼ਰਧਾਲੂ ਸੀ। ਖਡੂਰ ਸਾਹਿਬ ਦਾ ਵਸਨੀਕ ਭਾਈ ਜੋਧ ਜੀ ਖਹਿਰਾ ਜੱਟ ਗੁਰੂ ਨਾਨਕ ਦੇਵ ਜੀ ਦਾ ਗੁਰਸਿੱਖ ਸੀ, ਜੋ ਸਿੱਖ ਸੰਗਤ ਦੀ ਇਕੱਤਰਤਾ ਕਰਕੇ ਗੁਰਸਿੱਖੀ ਦਾ ਪ੍ਰਚਾਰ ਕਰਿਆ ਕਰਦਾ ਸੀ, ਭਾਈ ਗੁਰਦਾਸ ਜੀ ਲਿਖਦੇ ਹਨ:

**ਫਿਰਣਾ ਖਹਿਰਾ ਜੋਧੁ ਸਿਖ ਜੀਵਾਈ ਗੁਰ ਸੇਵ ਕਮਾਵੈ॥**

ਤਵਾਰੀਖ ਗੁਰੂ ਖਾਲਸਾ ਦਾ ਕਰਤਾ ਲਿਖਦਾ ਹੈ ਕਿ ਭੱਟੀ ਕੌਮ ਦੇ ਮੁਸਲਮਾਨਾਂ ਨੇ ਲੁੱਟ ਘਸੁੱਟ ਕਰਕੇ ਬਹੁਤ ਪਿੰਡ ਉਜਾੜ ਦਿੱਤੇ ਸਨ ਉਦੋਂ ਮੱਤੇ ਦੀ ਸਰਾਂ ਨਗਰ ਵੀ ਉਜੜ ਗਿਆ ਸੀ। ਇਸ ਕਰਕੇ ਭਾਈ ਫੇਰੂ ਮੱਲ ਜੀ ਪਰਿਵਾਰ ਸਮੇਤ ਹਰੀਕੇ ਪਿੰਡ ਜਾ ਵਸੇ ਸਨ। ਹਰੀਕੇ ਵਿੱਚ ਕਾਰੋਬਾਰ ਵਿੱਤ ਅਨੁਸਾਰ ਨਾ ਚੱਲਣ ਕਰਕੇ ਆਪ ਨੇ ਮਾਤਾ ਭਰਾਈ ਜੀ ਦੇ ਕਹਿਣ 'ਤੇ ਖਡੂਰ ਨਗਰ ਆ ਕੇ ਦੁਕਾਨ ਪਾ ਲਈ। ਚੌਧਰੀ ਤਖਤ ਮੱਲ ਦੀ ਭੈਣ ਮਾਤਾ ਭਰਾਈ ਜੀ ਖਡੂਰ ਸਾਹਿਬ ਵਿਆਹੇ ਹੋਏ ਸਨ, ਉਨ੍ਹਾਂ ਨੂੰ ਭਾਈ ਫੇਰੂ ਮੱਲ ਜੀ ਭੈਣ ਆਖ ਕੇ ਬੁਲਾਉਂਦੇ ਸਨ। ਉਨ੍ਹਾਂ ਨੇ ਲਹਿਣਾ ਜੀ ਦਾ ਰਿਸ਼ਤਾ ਖਡੂਰ ਸਾਹਿਬ ਲਾਗੇ ਪਿੰਡ ਸੰਘਰ ਕਰਵਾ ਦਿੱਤਾ। ਭਾਈ ਲਹਿਣਾ ਜੀ ਦਾ ਵਿਆਹ ਸੰਮਤ 1576 (1519 ਈ.) ਨੂੰ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਭਾਈ ਲਹਿਣਾ ਜੀ ਦੇ ਘਰ ਦੋ ਪੁੱਤਰਾਂ ਬਾਬਾ ਦਾਸੂ ਜੀ ਅਤੇ ਬਾਬਾ ਦਾਤੂ ਜੀ ਅਤੇ ਦੋ ਸਪੁਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਨੇ ਜਨਮ ਲਿਆ। 1526 ਈ. ਵਿੱਚ ਭਾਈ ਫੇਰੂ ਮੱਲ ਜੀ ਅਕਾਲ ਚਲਾਣਾ ਕਰ ਗਏ ਤੇ ਘਰ ਦੀ ਸਾਰੀ ਜਿੰਮੇਵਾਰੀ ਭਾਈ ਲਹਿਣਾ ਜੀ ਉਪਰ ਆ ਪਈ ਸੀ।

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਇੱਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਜੀ, ਜੋ ਖਡੂਰ ਸਾਹਿਬ ਦਾ ਨਿਵਾਸੀ ਸੀ, ਗੁਰੂ ਨਾਨਕ ਦੇਵ ਜੀ ਦੀ 'ਆਸਾ ਕੀ ਵਾਰ' ਦੀ ਇਹ ਪਉੜੀ

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥**
**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥**

ਪੜ੍ਹ ਰਹੇ ਸਨ, ਗੁਰਬਾਣੀ ਉਨ੍ਹਾਂ ਨੂੰ ਬੜੀ ਮਿੱਠੀ ਲੱਗੀ । ਸੱਚੇ ਮਾਲਕ ਨਾਲ ਪ੍ਰੀਤ ਅਤੇ ਸਰਬੱਤ ਦੇ ਭਲੇ ਦੀ ਲੋਚਾ ਅਤੇ ਨੇਕ ਕਰਨੀ ਦਾ ਸੰਦੇਸ਼ ਦਿੰਦੀ ਅੰਮ੍ਰਿਤ ਬਾਣੀ ਅੰਤਹਕਰਣ ਵਿੱਚ ਇੰਨੀ ਡੂੰਘੀ ਲਹਿ ਗਈ ਕਿ ਭਾਈ ਲਹਿਣਾ ਜੀ ਨੇ ਪੁੱਛ ਹੀ ਲਿਆ ਕਿ ਇਹ ਬਾਣੀ ਕਿਸ ਦੀ ਹੈ, ਭਾਈ ਜੋਧ ਜੀ ਤੋਂ ਗੁਰੂ ਨਾਨਕ ਦੇਵ ਜੀ ਬਾਰੇ ਜਾਣ ਕੇ ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ।

ਗਿਆਨੀ ਗਿਆਨ ਸਿੰਘ ਅਨੁਸਾਰ ਸੰਮਤ 1589 (1532 ਈ.) ਨੂੰ ਅੱਸੂ ਦੇ ਮਹੀਨੇ ਸੰਗ ਨਾਲ ਵੈਸ਼ਨੂੰ ਦੇਵੀ ਜਾਂਦੇ ਹੋਏ ਭਾਈ ਲਹਿਣਾ ਜੀ ਸੰਗੀਆਂ ਨੂੰ ਪੁੱਛਦੇ ਹਨ ਕਿ ਇਥੇ ਸਤਿਪੁਰਖ ਰਹਿੰਦੇ ਹਨ, ਉਨ੍ਹਾਂ ਦੇ ਦਰਸ਼ਨ ਕਰਦੇ ਚੱਲੀਏ। ਸਭ ਨੇ ਹਾਂ ਕਰ ਦਿੱਤੀ। ਸੰਗ ਦੇ ਜਾਣ ਦਾ ਰਾਹ ਕਰਤਾਰਪੁਰ ਵਿੱਚੋਂ ਦੀ ਬਣਾ ਕੇ ਆਪ ਜੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਜਾ ਪਹੁੰਚੇ। ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਵੀ ਅੱਗੋਂ ਆਪ ਨੂੰ ਲੈਣ ਲਈ ਆ ਖੜ੍ਹੇ ਹੋਏ ਸਨ। ਘੋੜੀ ਬੰਨ੍ਹ ਕੇ ਜਦ ਭਾਈ ਲਹਿਣਾ ਜੀ ਧਰਮਸ਼ਾਲ ਅੰਦਰ ਪ੍ਰਵੇਸ਼ ਕਰਦੇ ਹਨ ਤਾਂ ਦੇਖਦੇ ਹਨ ਕਿ ਜਿਸ ਬਜ਼ੁਰਗ ਸਖਸ਼ੀਅਤ ਤੋਂ ਗੁਰੂ ਸਾਹਿਬ ਜੀ ਦੇ ਦਰ ਦਾ ਰਸਤਾ ਪੁੱਛਿਆ ਸੀ,ਉਹੀ ਸਖਸ਼ੀਅਤ ਗੁਰੂ ਨਾਨਕ ਦੇਵ ਜੀ ਦੇ ਰੂਪ ਵਿੱਚ ਪੁੱਛ ਰਹੇ ਸਨ -

**"ਰਾਜੀ ਏਂ ਪੁਰਖਾ ! ਕਿਥੋਂ ਆਇਆਂ ਏ ਨਾਂ ਕੀ ਏ ?**

ਭਾਈ ਲਹਿਣਾ ਜੀ ਨੇ ਆਖਿਆ ਕਿ ਆਪ ਦੀ ਮਿਹਰ ਸਦਕਾ ਸੁਖੀ ਹਾਂ, ਖਡੂਰ ਸੰਘਰ ਤੋਂ ਆਇਆ ਹਾਂ ਤੇ ਨਾਉ ਲਹਿਣਾ ਏ।" ਭੱਟ ਕਲਸਹਾਰ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੇ ਮੱਥੇ'ਤੇ ਆਪਣਾ ਪਾਵਨ ਹੱਥ ਰੱਖਿਆ ਤੇ ਉਦੋਂ ਹੀ ਉਨ੍ਹਾਂ ਦੇ ਮਨ ਵਿੱਚ ਨਾਮ ਰੂਪੀ ਅੰਮ੍ਰਿਤ ਤੇ ਟਿਕਾਉ ਪੈਦਾ ਹੋ ਗਿਆ:

**ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ ॥**
**ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ ॥**
**ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ**
**ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ ॥**

ਇਸ ਤਰ੍ਹਾਂ ਸੱਚ ਦੀ ਖੋਜ ਲਈ ਚਿਰਾਂ ਤੋਂ ਉਪਜੀ ਭਟਕਣਾ ਮੁਕ ਗਈ। ਐਸੀ ਪੱਕੀ ਪ੍ਰੀਤ ਪਈ ਕਿ ਦੇਵੀ ਲਈ ਜਾਣ ਦੀ ਬਜਾਏ ਆਪ ਨੇ ਰਹਿੰਦਾ ਜੀਵਨ ਗੁਰੂ ਜੀ ਦੇ ਚਰਨਾ ਵਿੱਚ ਬਤੀਤ ਕਰਨਾ ਹੀ ਪ੍ਰਵਾਨ ਕਰ ਲਿਆ ਸੀ । ਗੁਰੂ ਨਾਨਕ ਦੇਵ ਜੀ ਨੇ ਆਪਣੇ ਚਲਾਏ ਨਿਰਮਲ ਪੰਥ ਲਈ ਯੋਗ ਵਾਰਿਸ ਨਿਯੁਕਤ ਕਰਨਾ ਜਰੂਰੀ ਸਮਝਿਆ। ਉਤਰਾਧਿਕਾਰੀ ਦੀ ਚੋਣ ਲਈ ਗੁਰੂ ਸਾਹਿਬ ਨੇ ਚੰਗੀ ਘੋਖ ਕੀਤੀ । ਦਰਅਸਲ ਇਹ ਪਰਖ ਸੀ ਸਿੱਖਾਂ ਦੇ ਸਿਦਕ, ਸੇਵਾ ਅਤੇ ਆਗਿਆਕਾਰਤਾ ਦੀ, ਜਿਸ ਵਿੱਚ ਕੇਵਲ ਭਾਈ ਲਹਿਣਾ ਜੀ ਪੂਰੇ ਉਤਰੇ ਸਨ। ਗੁਰਬਾਣੀ ਇਸਦਾ ਪ੍ਰਤੱਖ ਪ੍ਰਮਾਣ ਹੈ:

**ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥**
**ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥**

ਭਾਈ ਲਹਿਣਾ ਜੀ ਦੀ ਰਹਿਣੀ, ਭਗਤੀ, ਗੁਰਮੁਖਤਾ, ਗੁਰੂ ਆਗਿਆ ਪਾਲਣ ਵਿੱਚ ਤਤਪਰਤਾ ਨੂੰ ਦੇਖ ਕੇ ਗੁਰੂ ਨਾਨਕ ਦੇਵ ਜੀ ਨੂੰ ਵਿਸਵਾਸ਼ ਹੋ ਗਿਆ ਕਿ ਉਹ 'ਅੰਗਦ' ਹੋ ਗਏ ਹਨ, ਉਹ ਅੰਗੇ ਗਏ ਹਨ, ਉਹਨਾਂ ਨੂੰ ਪ੍ਰਵਾਨਗੀ ਦਾ ਨਿਸ਼ਾਨ ਜਾਂ ਅੰਗ ਲੱਗ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦਾ ਨਾਮ 'ਅੰਗਦ' ਕਰ ਦਿੱਤਾ ਅਤੇ ਉਨ੍ਹਾਂ ਨੂੰ 1539 ਈ. ਵਿੱਚ ਗੁਰਿਆਈ ਦੀ ਬਖਸ਼ਿਸ਼ ਕਰਕੇ ਸੰਗਤ ਸਮੇਤ ਨਮਸਕਾਰ ਕੀਤੀ, ਅਤੇ ਉਨ੍ਹਾਂ ਨੂੰ 'ਗੁਰੂ ਅੰਗਦ' ਬਣਾ ਦਿੱਤਾ। ਭਾਈ ਗੁਰਦਾਸ ਜੀ ਇਸ ਵਰਤਾਰੇ ਨੂੰ ਆਪਣੀਆਂ ਵਾਰਾਂ ਵਿੱਚ ਦਰਜ ਕਰਦੇ ਹਨ:

**ਅੰਗਹੁ ਅੰਗੁ ਉਪਾਇਓਨ ਗੰਗਹੁ ਜਾਣੁ ਤਰੰਗ ਉਠਾਇਆ ॥**
**ਗੁਰ ਚੇਲਾ ਚੇਲਾ ਗੁਰੂ ਗੁਰੁ ਚੇਲੇ ਪਰਚਾ ਪਰਚਾਇਆ ॥**
**ਬਾਬਾਣੇ ਗੁਰ ਅੰਗਦੁ ਆਇਆ ॥**

ਮਹਿਮਾ ਪ੍ਰਕਾਸ਼ ਦੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਦੀ ਬਖਸ਼ਿਸ਼ ਕਰਨ ਸਮੇਂ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਵਿਖੇ ਮਾਈ ਭਰਾਈ ਜੀ ਦੇ ਘਰ ਆਪਣਾ ਸਿੰਘਾਸਨ ਹੋਣ ਦਾ ਜ਼ਿਕਰ ਕਰਦੇ ਹਨ ਅਤੇ ਗੁਰੂ ਅੰਗਦ ਦੇਵ ਜੀ ਨੂੰ ਉਥੇ ਜਾ ਕੇ ਬਿਰਾਜਣ ਦਾ ਹੁਕਮ ਦਿੰਦੇ ਹਨ। ਗੁਰੂ ਆਦੇਸ਼ ਅੱਗੇ ਨਤਮਸਤਕ ਹੁੰਦੇ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਨਿਵਾਸ ਕਰਦੇ ਹਨ। ਭਾਈ ਸੰਤੋਖ ਸਿੰਘ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਬਚਨ ਕਰਦੇ ਹਨ ਕਿ ਜਦੋਂ ਤੁਹਾਡੇ ਹਿਰਦੇ ਵਿੱਚ ਸਾਡੇ ਦਰਸ਼ਨਾਂ ਦੀ ਤਾਂਘ ਪੈਦਾ ਹੋਵੇਗੀ ਤਾਂ ਅਸੀ ਦਰਸ਼ਨ ਦੇਣ ਲਈ ਖਡੂਰ ਸਾਹਿਬ ਆਪ ਹਾਜਰ ਹੋਵਾਂਗੇ:

**ਬਸਹੁ ਖਡੂਰ ਤਹਾਂ ਹਮ ਆਵੈ।**
**ਮਿਲਹਿ ਤੇਹਿ ਜਬ ਉਰਿ ਮਹਿ ਭਾਵੈ।**

ਮਹਿਮਾ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਤਵਾਰੀਖ ਗੁਰੂ ਖਾਲਸਾ ਆਦਿ ਤਵਾਰੀਖੀ ਸ੍ਰੋਤਾਂ ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਪ੍ਰੇਮ ਨਾਲ ਯਾਦ ਕਰਨ ਤੇ ਗੁਰੂ ਨਾਨਕ ਦੇਵ ਜੀ ਨੇ ਦੋ-ਤਿੰਨ ਵਾਰ ਇਸ ਨਗਰ ਵਿੱਚ ਆਪਣੇ ਪਾਵਨ ਚਰਨ ਪਾਏ ਸਨ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਸੰਗਤਾਂ ਨੂੰ ਕਰਤਾਰਪੁਰ ਵਿਖੇ ਗੁਰੂ ਜੋਤਿ ਪ੍ਰਾਪਤ ਕਰਨ ਵਾਲੇ ਗੁਰੂ ਅੰਗਦ ਦੇਵ ਜੀ ਦੇ ਦੀਦਾਰ ਨਹੀਂ ਹੋ ਰਹੇ ਸਨ, ਤਾਂ ਉਨ੍ਹਾਂ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਖਡੂਰ ਸਾਹਿਬ ਆ ਕੇ ਮਾਈ ਭਰਾਈ ਜੀ ਦੇ ਘਰੋਂ ਗੁਰੂ ਅੰਗਦ ਦੇਵ ਜੀ ਨੂੰ ਪ੍ਰਗਟ ਕੀਤਾ। ਮਹਿਮਾ ਪ੍ਰਕਾਸ਼ ਦਾ ਕਰਤਾ ਲਿਖਦਾ ਹੈ:

**ਬੁਢੇ ਦੁਆਰਬੰਦ ਜਬ ਦੇਖਾ। ਨਿਰਨੇ ਕਰ ਅੰਤਰ ਪ੍ਰਭ ਲੇਖਾ।**
**ਮਨ ਮੇ ਧਿਆਨ ਕਰ ਦੁਆਰ ਖੁਲਾਇਆ। ਸਨਮੁਖ ਸਾਹਿਬ ਦਰਸਨ ਪਾਇਆ।**

ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ਮਾਨ ਹੋਣ ਸੰਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ:

**ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।**
**ਦਿਤਾ ਛੋੜਿ ਕਰਤਾਰ ਪੁਰ ਬੈਠਿ ਖਡੂਰੇ ਜੋਤਿ ਜਗਾਈ।**

ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਕੇਂਦਰ ਬਣਾਇਆ ਅਤੇ ਗੁਰੂ ਨਾਨਕ ਦੇਵ ਜੀ ਦੇ ਥਾਪੇ ਸਿਧਾਂਤਾਂ ਨੂੰ ਅਮਲੀ ਰੂਪ ਦਿੱਤਾ। ਇਥੇ ਹੀ ਹਿੰਦੁਸਤਾਨ ਦੇ ਹੰਕਾਰੇ ਹੋਏ ਬਾਦਸ਼ਾਹ ਹਿਮਾਯੂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਸਨੂੰ ਆਤਮ ਚਿੰਤਨ ਕਰਨ ਦੀ ਪ੍ਰੇਰਨਾ ਮਿਲੀ । ਗੁਰੂ ਅੰਗਦ ਦੇਵ ਜੀ ਵਲੋਂ ਸਿੱਖ ਧਰਮ ਨੂੰ ਮਜ਼ਬੂਤ ਬਣਾਉਣ ਲਈ ਲੰਗਰ ਸੰਸਥਾ ਦਾ ਵਿਕਾਸ, ਮੱਲ ਅਖਾੜੇ ਦੀ ਸਿਰਜਣਾ, ਗੁਰਬਾਣੀ ਦੀ ਸੰਭਾਲ, ਜਨਮਸਾਖੀ ਲਿਖਵਾਉਣਾ, ਗੁਰਮੁਖੀ ਲਿੱਪੀ ਦਾ ਵਿਕਾਸ ਆਦਿ ਮਹਾਨ ਕਾਰਜ ਖਡੂਰ ਸਾਹਿਬ ਵਿਖੇ ਹੀ ਕੀਤੇ ਗਏ। ਆਪ ਸੰਮਤ 1609 ਮੁਤਾਬਿਕ 1552 ਈ. ਨੂੰ ਹਜ਼ੂਰੀ ਸੇਵਕ ਬਾਬਾ ਅਮਰਦਾਸ ਜੀ ਨੂੰ ਗੁਰੂ ਨਾਨਕ ਜੋਤਿ ਦਾ ਵਾਰਿਸ ਥਾਪ ਕੇ ਜੋਤੀ ਜੋਤਿ ਸਮਾ ਗਏ।

ਬਾਬਾ ਅਮਰਦਾਸ ਜੀ ਨੇ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਗਪਗ 12 ਸਾਲ ਸੇਵਾ ਕੀਤੀ। ਬਾਬਾ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ ਹਰ ਸਾਲ ਹਰਿਦੁਆਰ ਦੀ ਯਾਤਰਾ ਕਰਦੇ ਸਨ। ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ, ਜੋ ਬਾਬਾ ਅਮਰਦਾਸ ਜੀ ਦੇ ਭਰਾ ਮਾਣਕ ਚੰਦ ਦੇ ਪੁੱਤਰ ਨਾਲ ਵਿਆਹੀ ਹੋਈ ਸੀ, ਹਰ ਰੋਜ਼ ਦੀ ਤਰ੍ਹਾਂ ਇੱਕ ਦਿਨ ਅੰਮ੍ਰਿਤ ਵੇਲੇ ਗੁਰਬਾਣੀ ਦਾ ਜਾਪ ਕਰ ਰਹੀ ਸੀ । ਆਤਮ ਨੂੰ ਸੁਖ ਦੇਣ ਵਾਲੀ ਬਾਣੀ ਜਦੋਂ ਬਾਬਾ ਅਮਰਦਾਸ ਜੀ ਨੇ ਸਰਵਣ ਕੀਤੀ ਤਾਂ ਉਨ੍ਹਾਂ ਦੇ ਹਿਰਦੇ ਨੂੰ ਠੰਢ ਪੈ ਗਈ। ਜੋ ਸ਼ਬਦ ਬੀਬੀ ਅਮਰੋ ਜੀ ਪੜ੍ਹ ਰਹੇ ਸਨ, ਉਹ ਗੁਰਵਾਕ ਗੁਰੂ ਨਾਨਕ ਦੇਵ ਜੀ ਦਾ ਮਾਰੂ ਰਾਗ ਵਿੱਚ ਉਚਾਰਿਆ ਹੋਇਆ ਹੈ:

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥**

ਬਾਬਾ ਅਮਰਦਾਸ ਜੀ ਦੇ ਕਹਿਣ 'ਤੇ ਬੀਬੀ ਅਮਰੋ ਜੀ ਬਾਬਾ ਜੀ ਨੂੰ 1540 ਈ. ਵਿੱਚ ਖਡੂਰ ਸਾਹਿਬ ਆਪਣੇ ਪਿਤਾ ਦੇ ਦਰਬਾਰ ਲੈ ਆਏ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਤੋਂ ਬਾਅਦ ਆਪ ਪਿੰਡ ਬਾਸਰਕੇ ਵਾਪਸ ਨਾ ਗਏ ਤੇ ਖਡੂਰ ਸਾਹਿਬ ਗੁਰੂ ਜੀ ਪਾਸ ਰਹਿ ਕੇ ਲੰਗਰ ਦੀ ਸੇਵਾ ਅਤੇ ਅੰਮ੍ਰਿਤ ਵੇਲੇ ਜਲ ਦੀ ਗਾਗਰ ਬਿਆਸ ਦਰਿਆ ਤੋਂ ਲਿਆ ਕੇ ਗੁਰੂ ਸਾਹਿਬ ਨੂੰ ਇਸ਼ਨਾਨ ਕਰਾਉਣਾ ਉਨ੍ਹਾਂ ਦੇ ਨਿਤ ਦੇ ਨੇਮ ਵਿੱਚ ਸ਼ਾਮਲ ਹੋ ਗਿਆ ਸੀ। ਇਕ ਦਿਨ ਅੰਮ੍ਰਿਤ ਵੇਲੇ ਬਿਆਸ ਦਰਿਆ ਤੋਂ ਜਲ ਦੀ ਗਾਗਰ ਲਿਆਉਂਦਿਆਂ ਬਾਬਾ ਅਮਰਦਾਸ ਜੀ ਜੁਲਾਹੇ ਦੇ ਕਿੱਲ੍ਹੇ ਨਾਲ ਠੋਕਰ ਲਗ ਕੇ ਡਿਗ ਪਏ, ਪਰ ਗਾਗਰ ਨੂੰ ਡਿੱਗਣ ਨਾ ਦਿੱਤਾ। ਡਿੱਗਣ ਦੀ ਆਵਾਜ਼ ਸੁਣ ਕੇ ਜੁਲਾਹੀ ਨੇ ਆਪ ਜੀ ਨੂੰ ਅਪਮਾਨਿਤ ਸ਼ਬਦ ਬੋਲੇ। ਜਦੋਂ ਗੁਰੂ ਅੰਗਦ ਦੇਵ ਜੀ ਨੂੰ ਜੁਲਾਹੀ ਦੇ ਕਹੇ ਬਚਨਾਂ ਦਾ ਪਤਾ ਲੱਗਾ ਤਾਂ ਸਿੱਖ ਪਰੰਪਰਾ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਖਡੂਰ ਸਾਹਿਬ ਵਿਖੇ 12 ਵਰ ਦਿੱਤੇ ਸਨ। ਭਾਈ ਸੰਤੋਖ ਸਿੰਘ ਲਿਖਦੇ ਹਨ:

**ਤੁਮਹੋ ਨਿਥਾਵਨ ਥਾਨ। ਕਰਿ ਹੋ ਨਿਮਾਨਹਿ ਮਾਨ।**
**ਬਿਨ ਓਟ ਕੀ ਤੁਮ ਓਟ। ਨਿਰਧੇਨ ਕੀ ਧਿਰ ਕੋਟ।**
**ਬਿਨ ਜੋਰ ਕੇ ਤੁਮ ਜੋਰ । ਸਮ ਕੋ ਨ ਹੈ ਤੁਮ ਹੋਰ।**
**ਬਿਨ ਧੀਰ ਕੇ ਤੁਮ ਧੀਰ। ਸਤ ਪੀਰ ਕੇ ਬਡ ਪੀਰ।**
**ਤੁਮ ਹੋ ਸੁ ਗਈ ਬਹੋੜ। ਨਰ ਬੰਧ ਕੇ ਤਿਹ ਛੋੜ।**
**ਘੜ ਭੰਨਬਿ ਸਮਰੱਥ। ਜਗ ਜੀਵ ਕਾ ਤੁਮ ਹੱਥ।**
**ਬਰ ਦੀਨ ਦ੍ਵਾਦਸ਼ ਹੇਰ। ਸੁਪ੍ਰਸੰਨ ਹੋਇ ਬਡੇਰ।**

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਅਮਰਦਾਸ ਜੀ ਲਗਪਗ 22 ਸਾਲ ਗੁਰਿਆਈ 'ਤੇ ਬਿਰਾਜਮਾਨ ਰਹੇ ਤੇ ਸਮੇਂ-ਸਮੇਂ 'ਤੇ ਖਡੂਰ ਸਾਹਿਬ ਆਪਣੇ ਚਰਨ ਪਾਉਂਦੇ ਰਹੇ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਗੁਰਿਆਈ ਬਖਸ਼ਿਸ਼ ਕੀਤੀ ਤੇ ਉਨ੍ਹਾਂ ਦਾ ਨਾਮ ਗੁਰੂ ਰਾਮਦਾਸ ਰੱਖ ਦਿੱਤਾ ਅਤੇ ਗੁਰੂ ਰਾਮਦਾਸ ਜੀ ਨੂੰ ਗੁਰੂ ਕਾ ਚੱਕ ਨਗਰ ਵਸਾਉਣ ਦਾ ਹੁਕਮ ਦਿੱਤਾ। ਗੁਰੂ ਰਾਮਦਾਸ ਜੀ ਸਮੇਂ ਸਿੱਖੀ ਦਾ ਪ੍ਰਚਾਰ ਕੇਂਦਰ ਗੁਰੂ ਕਾ ਚੱਕ ਸੀ, ਜਿਸਦਾ ਵਰਤਮਾਨ ਨਾਮ ਅੰਮ੍ਰਿਤਸਰ ਸਾਹਿਬ ਹੈ। ਗੁਰੂ ਰਾਮਦਾਸ ਜੀ ਜਦੋਂ ਵੀ ਅੰਮ੍ਰਿਤਸਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਆਉਂਦੇ ਤਾਂ ਉਹ ਖਡੂਰ ਸਾਹਿਬ ਹੋ ਕੇ ਜਾਂਦੇ ਸਨ। ਗੁਰੂ ਅਰਜਨ ਦੇਵ ਜੀ ਨੇ ਵੀ ਇਸ ਨਗਰ ਵਿੱਚ ਚਰਨ ਪਾਏ। ਆਪ ਜੀ, ਮਾਤਾ ਖੀਵੀ ਜੀ ਦੇ ਗੁਰਪੁਰੀ ਸਿਧਾਰਨ ਦੀ ਖਬਰ ਸੁਣ ਕੇ ਖਡੂਰ ਸਾਹਿਬ ਆਏ। ਗੁਰੂ ਅਰਜਨ ਦੇਵ ਜੀ ਨੇ 1590 ਈ. ਵਿੱਚ ਤਰਨ ਤਾਰਨ ਸਾਹਿਬ ਨਗਰ ਵਸਾਇਆ ਅਤੇ ਇਸ ਨਗਰ ਦੀ ਸਥਾਪਨਾ ਤੋਂ ਬਾਅਦ ਗੁਰੂ ਜੀ ਵੱਖ-ਵੱਖ ਨਗਰਾਂ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਖਡੂਰ ਸਾਹਿਬ ਪਹੁੰਚੇ ਸਨ।

ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਅਤੇ ਗੁਰਬਿਲਾਸ ਪਾਤਸ਼ਾਹੀ- 6 ਅਨੁਸਾਰ ਗੁਰੂ ਅਰਜਨ ਦੇਵ ਜੀ ਜਿਸ ਸਮੇਂ ਪੋਥੀਆਂ ਲੈਣ ਗੋਇੰਦਵਾਲ ਸਾਹਿਬ ਆਏ ਸਨ ਤਾਂ ਪੋਥੀਆਂ ਲੈਣ

ਤੋਂ ਬਾਅਦ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਸਾਹਿਬ ਤੋਂ ਚਲ ਕੇ ਖਡੂਰ ਸਾਹਿਬ ਆ ਕੇ ਠਹਿਰੇ ਸਨ। ਗੁਰੂ ਅਰਜਨ ਦੇਵ ਜੀ ਨੇ, (ਗੁਰੂ) ਹਰਿਗੋਬਿੰਦ ਸਾਹਿਬ ਦੇ ਵਿਆਹ ਸਮੇਂ ਵੀ ਬਰਾਤ ਸਮੇਤ ਖਡੂਰ ਸਾਹਿਬ ਇੱਕ ਰਾਤ ਲਈ ਵਿਸ਼ਰਾਮ ਕੀਤਾ ਸੀ ।

ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ੫੨ ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾਉਣ ਤੋਂ ਬਾਅਦ ਵੱਖ-ਵੱਖ ਇਤਿਹਾਸਿਕ ਸਥਾਨਾਂ ਦੀ ਯਾਤਰਾ ਕਰਦੇ ਹੋਏ 1619 ਈ. ਨੂੰ ਖਡੂਰ ਸਾਹਿਬ ਆਏ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਬੀਬੀ ਵੀਰੋ ਜੀ ਦੇ ਅਨੰਦ ਕਾਰਜ ਦੀਆਂ ਰਸਮਾਂ ਸੰਪੂਰਨ ਕਰਨ ਤੋਂ ਬਾਅਦ ਵੀ ਖਡੂਰ ਸਾਹਿਬ ਪਹੁੰਚੇ ਸਨ । ਭਾਈ ਗੁਰਦਾਸ ਜੀ ਦੇ ਅਕਾਲ ਚਲਾਣੇ ਦੀ ਖਬਰ ਸੁਣ ਕੇ ਵੀ ਗੁਰੂ ਹਰਿਗੋਬਿੰਦ ਸਾਹਿਬ ਗੋਇੰਦਵਾਲ ਸਾਹਿਬ ਆਏ ਸਨ ਤੇ ਭਾਈ ਗੁਰਦਾਸ ਜੀ ਦਾ ਅੰਤਿਮ ਸਸਕਾਰ ਗੁਰੂ ਜੀ ਨੇ ਆਪਣੇ ਹੱਥੀ ਕੀਤਾ ਅਤੇ ਵਾਪਸ ਅੰਮ੍ਰਿਤਸਰ ਸਾਹਿਬ ਨੂੰ ਜਾਂਦਿਆਂ ਗੁਰੂ ਜੀ ਪਰਿਵਾਰ ਸਮੇਤ ਖਡੂਰ ਸਾਹਿਬ ਪਧਾਰੇ ਸਨ।

ਸਰੂਪ ਦਾਸ ਭੱਲਾ ਦੇ ਕਥਨ ਅਨੁਸਾਰ ਗੁਰੂ ਹਰਿ ਰਾਇ ਜੀ ਗੋਇੰਦਵਾਲ ਸਾਹਿਬ ਗੁਰ ਅਸਥਾਨਾਂ ਦੇ ਦਰਸ਼ਨ ਕਰਨ ਤੋਂ ਬਾਅਦ ਖਡੂਰ ਸਾਹਿਬ ਆਏ, ਅਤੇ ਗੁਰੂ ਅੰਗਦ ਦੇਵ ਜੀ ਦੀ ਬੰਸ ਦਾ ਸਤਿਕਾਰ ਕੀਤਾ ਅਤੇ ਇੱਕ ਰਾਤ ਇਸ ਨਗਰ ਵਿੱਚ ਵਿਸ਼ਰਾਮ ਕੀਤਾ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਤੇ ਸੁਭਾਇਮਾਨ ਹੋਣ ਉਪਰੰਤ ਅੰਮ੍ਰਿਤਸਰ ਸਾਹਿਬ ਦਰਸ਼ਨਾ ਨੂੰ ਜਾਂਦੇ ਹੋਏ ਖਡੂਰ ਸਾਹਿਬ ਹਾੜ ਸੰਮਤ 1721 ਵਿੱਚ ਆਪਣੇ ਚਰਨ ਪਾਏ ਸਨ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਸਿਰਸਾ ਨਦੀ ਨੂੰ ਪਾਰ ਕਰਕੇ 7 ਪੋਹ ਸੰਮਤ 1761 ਨੂੰ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ 40 ਸਿੰਘਾਂ ਸਮੇਤ ਚਮਕੌਰ ਸਾਹਿਬ ਪੁੱਜੇ ਸਨ। 8 ਪੋਹ ਨੂੰ 10 ਲੱਖ ਮੁਗ਼ਲ ਸੈਨਾ ਨਾਲ ਘਮਸਾਨ ਦਾ ਯੁੱਧ ਹੋਇਆ ਸੀ। ਯੁੱਧ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚ ਤਿੰਨ ਸਿੰਘ ਭਾਈ ਪੰਜਾਬ ਸਿੰਘ, ਭਾਈ ਦਮੋਦਰ ਸਿੰਘ, ਭਾਈ ਭਗਵਾਨ ਸਿੰਘ ਖਡੂਰ ਸਾਹਿਬ ਨਗਰ ਦੇ ਨਿਵਾਸੀ ਸਨ। ਸੀਨਾ-ਬਸੀਨਾ ਚੱਲੀ ਆਉਂਦੀ ਪਰੰਪਰਾ ਅਨੁਸਾਰ ਮੁਕਤਸਰ ਦੇ ਯੁੱਧ ਵਿੱਚ ਸ਼ਹੀਦ ਹੋਣ ਵਾਲੇ ਚਾਲੀ ਮੁਕਤਿਆਂ ਵਿਚੋਂ ਦੋ ਸ਼ਹੀਦ ਮੁਕਤੇ ਖਡੂਰ ਸਾਹਿਬ ਦੇ ਨਿਵਾਸੀ ਸਨ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪਾਵਨ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਕਥਾ ਸ੍ਰਵਨ ਕਰਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਨ ਵਾਲੇ ਅਠਤਾਲੀ (48) ਸਿੰਘਾਂ ਵਿੱਚੋਂ ਤਿੰਨ ਸਿੰਘ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਮੇਵਾ ਸਿੰਘ ਖਡੂਰ ਸਾਹਿਬ ਦੇ ਵਸਨੀਕ ਸਨ।

ਗੁਰੂ ਗੋਬਿੰਦ ਸਿੰਘ ਨੇ ਨਾਂਦੇੜ ਸਾਹਿਬ (ਮਹਾਰਾਸ਼ਟਰ) ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਸ਼ੀਰਵਾਦ ਦੇ ਕੇ ਜ਼ੁਲਮ ਦਾ ਨਾਸ਼ ਕਰਨ ਲਈ ਪੰਜਾਬ ਵੱਲ ਤੋਰਿਆ ਸੀ। ਗੁਰੂ ਜੀ ਨੇ ਇੱਕ ਨਗਾਰਾ, ਇੱਕ ਨਿਸ਼ਾਨ ਸਾਹਿਬ ਅਤੇ ਆਪਣੇ ਭੱਥੇ ਵਿੱਚੋਂ ਪੰਜ ਤੀਰ ਬਖਸ਼ਿਸ਼ ਕੀਤੇ ਅਤੇ ਪੰਜਾਂ ਪਿਆਰਿਆਂ ਵਜੋਂ ਪੰਜ ਸਿੰਘ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਯਾ ਸਿੰਘ ਅਤੇ ਭਾਈ ਰਣ ਸਿੰਘ ਸਮੇਤ 20 ਸਿੰਘ ਸਹਾਇਤਾ ਲਈ ਵੀ ਨਾਲ ਭੇਜੇ ਸਨ। ਭਾਈ ਬਿਨੋਦ ਸਿੰਘ ਅਤੇ ਭਾਈ ਕਾਹਨ ਸਿੰਘ ਪਿਉ-ਪੁੱਤਰ ਸਨ, ਜੋ ਗੁਰੂ ਅੰਗਦ ਦੇਵ ਜੀ ਦੀ ਬੰਸ਼ ਵਿੱਚੋਂ ਸਨ। ਇਹ ਦੋਵੇਂ ਸਿੰਘ ਖਡੂਰ ਸਾਹਿਬ ਦੇ ਨਿਵਾਸੀ ਸਨ। ਇਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਜੰਗਾਂ ਯੁੱਧਾਂ ਵਿੱਚ ਹਿੱਸਾ ਲਿਆ। ਕਰਨਾਲ ਸ਼ਹਿਰ ਫਤਹਿ ਕਰਨ ਤੋਂ ਬਾਅਦ ਉਸ ਸ਼ਹਿਰ ਦਾ ਪ੍ਰਬੰਧ ਬਾਬਾ ਬਿਨੋਦ ਸਿੰਘ ਨੂੰ ਸੌਂਪਿਆ ਗਿਆ ਸੀ। ਮਾਰਚ 1716 ਈ. ਵਿੱਚ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਗ੍ਰਿਫਤਾਰ ਕੀਤੇ ਗਏ ਸਿੰਘਾਂ ਵਿੱਚ 15 ਸਿੰਘ ਖਡੂਰ ਸਾਹਿਬ ਦੇ ਸਨ, ਜਿਨ੍ਹਾਂ ਨੂੰ ਦਿੱਲੀ ਵਿੱਚ - ਸ਼ਹੀਦ ਕੀਤਾ ਗਿਆ।

ਸਿੱਖ ਮਿਸਲਾਂ ਦੇ ਸਮੇਂ ਖਡੂਰ ਸਾਹਿਬ ਨਗਰ ਆਹਲੂਵਾਲੀਆ ਮਿਸਲ ਦੇ ਪ੍ਰਬੰਧ ਵਿੱਚ ਰਿਹਾ ਸੀ । ਬਾਰ੍ਹਾਂ ਮਿਸਲਾਂ ਨੂੰ ਇਕੱਠਿਆਂ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ 19ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸਿੱਖ ਰਾਜ ਸਥਾਪਿਤ ਕਰ ਦਿੱਤਾ ਸੀ। ਇਤਿਹਾਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਦੀ ਸਥਾਪਤੀ ਤੋਂ ਬਾਅਦ ਗੁਰੂ ਸਾਹਿਬਾਨਾਂ ਨਾਲ ਸੰਬੰਧਿਤ ਇਤਿਹਾਸਿਕ ਗੁਰਦੁਆਰਿਆਂ ਦੀ ਵੱਡੇ ਪੱਧਰ ਤੇ ਸੇਵਾ ਕਰਾਈ ਸੀ। ਖਡੂਰ ਸਾਹਿਬ ਦੇ ਇਤਿਹਾਸਿਕ ਗੁਰਦੁਆਰੇ ਗੁਰਦੁਆਰਾ ਤਪਿਆਣਾ ਸਾਹਿਬ ਅਤੇ ਗੁਰੂਦੁਆਰਾ ਅੰਗੀਠਾ ਸਾਹਿਬ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਸ੍ਰ. ਚਿਮਨਾ ਸਿੰਘ ਕੋਲੋਂ ਕਰਵਾਈ ਸੀ।

ਤਕਰੀਬਨ ਇਸ ਤੋਂ ਸੌ ਸਾਲ ਬਾਅਦ ਇਸ ਅਸਥਾਨ ਦੀ ਅਧਿਆਤਮਕ ਮਹੱਤਤਾ ਨੂੰ ਪਛਾਣਦਿਆਂ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਇਥੇ ਕਾਰ-ਸੇਵਾ ਦਾ ਹੈੱਡਕੁਆਟਰ ਬਣਾਕੇ ਇਨ੍ਹਾਂ ਅਸਥਾਨਾਂ ਦੀ ਸੰਗਤਾਂ ਦੇ ਸਹਿਯੋਗ ਨਾਲ ਕਾਰ ਸੇਵਾ ਅਰੰਭੀ। ਸਮੇਂ-ਸਮੇਂ ਸੰਤ ਬਾਬਾ ਸਾਧੂ ਸਿੰਘ ਜੀ, ਸੰਤ ਬਾਬਾ ਝੰਡਾ ਸਿੰਘ ਜੀ, ਸੰਤ ਬਾਬਾ ਉੱਤਮ ਸਿੰਘ ਜੀ ਅਤੇ ਅਜਕਲ ਸਤਿਕਾਰਯੋਗ ਬਾਬਾ ਸੇਵਾ ਸਿੰਘ ਜੀ ਇਨ੍ਹਾਂ ਸੇਵਾਵਾਂ ਨੂੰ ਅੱਗੇ ਵਧਾ ਰਹੇ ਹਨ। ਵਰਤਮਾਨ ਸਮੇਂ ਵਿੱਚ ਇਹ ਸੇਵਾ ਕੇਵਲ ਇਤਿਹਾਸਿਕ ਅਸਥਾਨਾਂ ਦੀਆਂ ਇਮਾਰਤਾਂ ਬਣਾਉਣ ਜਾਂ ਸੰਵਾਰਨ ਤੱਕ ਹੀ ਸੀਮਤ ਨਹੀਂ ਬਲਕਿ ਇਨ੍ਹਾਂ ਸੇਵਾਵਾਂ ਨੇ ਧਾਰਮਿਕ, ਸਮਾਜਕ, ਵਿੱਦਿਅਕ ਅਤੇ ਵਾਤਰਵਰਨ ਸੰਭਾਲ ਸੰਬੰਧੀ ਕਾਰਜਾਂ ਵਿੱਚ ਅਥਾਹ ਯੋਗਦਾਨ ਪਾਕੇ ਇੱਕ ਨਿਵੇਕਲੀ ਦਿਸ਼ਾ ਪ੍ਰਦਾਨ ਕੀਤੀ ਹੈ ਅਤੇ ਵੱਖਰੀ ਪਛਾਣ ਬਣਾਈ ਹੈ ।

ਖਡੂਰ ਸਾਹਿਬ ਪੰਜਾਬ ਰਾਜ ਦਾ ਪ੍ਰਸ਼ਾਸਨਿਕ ਤਹਿਸੀਲ ਹੈਡ ਕੁਆਟਰ, ਅਸੈਂਬਲੀ ਅਤੇ ਲੋਕ ਸਭਾ ਹਲਕਾ ਵੀ ਹੈ। ਮੌਜੂਦਾ ਸਮੇਂ ਕਾਰ ਸੇਵਾ ਖਡੂਰ ਸਾਹਿਬ ਦੀਆਂ ਵਿੱਦਿਅਕ, ਵਾਤਾਵਰਨ ਅਤੇ ਲੋਕ ਭਲਾਈ ਯੋਜਨਾਵਾਂ ਦੇ ਪ੍ਰਸਾਰ ਦੇ ਨਾਲ ਖਡੂਰ ਸਾਹਿਬ ਦੁਨੀਆਂ ਭਰ ਦੇ ਨਕਸ਼ੇ ਉੱਪਰ ਉਭਰ ਰਿਹਾ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਖਡੂਰ ਸਾਹਿਬ ਸਿੱਖ ਧਰਮ ਦਾ ਇਤਿਹਾਸਿਕ ਅਤੇ ਧਾਰਮਿਕ ਮਹੱਤਤਾ ਵਾਲਾ ਇਕ ਵਿਸ਼ੇਸ਼ ਨਗਰ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨ ਪੈਣ ਉਪਰੰਤ ਗੁਰੂ ਅੰਗਦ ਦੇਵ ਜੀ ਸਮੇਂ ਇਹ ਨਗਰ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦਾ ਪ੍ਰਮੁੱਖ ਕੇਂਦਰ ਸੀ। ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਇਸ ਨਗਰ ਦਾ ਸਿੱਖ ਧਰਮ ਦੇ ਤਵਾਰੀਖੀ ਪੰਨਿਆਂ ਨਾਲ ਸੰਬੰਧ ਹਮੇਸ਼ਾ ਕਿਸੇ ਨਾ ਕਿਸੇ ਰੂਪ ਵਿੱਚ ਜੁੜਿਆ ਰਿਹਾ ਹੈ। ਇਹ ਅਸਥਾਨ ਅਜੋਕੇ ਸਮੇਂ ਅੰਦਰ ਸਿੱਖਾਂ ਦੇ ਧਾਰਮਿਕ ਅਤੇ ਅਕਾਦਮਿਕ (ਵਿੱਦਿਅਕ ਕੇਂਦਰ) ਵਜੋਂ ਨਿਰੰਤਰ ਭੂਮਿਕਾ ਨਿਭਾਅ ਰਿਹਾ ਹੈ।

**ਤਨਵੀਰ ਸਿੰਘ**
**ਸਹਾਇਕ ਪ੍ਰੋਫ਼ੈਸਰ, ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼**
**ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ**



ਇਮਾਰਤ ਉਸਾਰੀ ਦੀ ਕਾਰ ਸੇਵਾ ਕਰਦੀ ਹੋਈ ਸੰਗਤ

# ਕਾਰ ਸੇਵਾ ਦਾ ਆਰੰਭ ਤੇ ਵਿਕਾਸ

ਸਿੱਖ ਧਰਮ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਵਾਲਾ ਧਰਮ ਹੈ। ਜਿਸ ਦੇ ਮੋਢੀ ਗੁਰੂ ਨਾਨਕ ਦੇਵ ਜੀ ਹਨ, ਜੋ ਸਾਨੂੰ ਸੰਸਾਰ ਵਿੱਚ ਰਹਿੰਦਿਆਂ ਹੀ ਨਿਰੰਕਾਰ ਦੇ ਦੇਸ਼ ਤੱਕ ਪਹੁੰਚਣ ਦਾ ਮਾਰਗ ਦਰਸਾਉਂਦੇ ਹਨ। ਇਸ ਬਿਖੜੇ ਮਾਰਗ ਦੇ ਪੰਧ ਨੂੰ ਸੇਵਾ ਅਤੇ ਸਿਮਰਨ ਰਾਹੀਂ ਹੀ ਸੁਖਾਲਾ ਤੈਅ ਕੀਤਾ ਜਾ ਸਕਦਾ ਹੈ। ਜਿਹੜਾ ਵਿਅਕਤੀ ਤਨ ਨੂੰ ਸੇਵਾ ਵਿੱਚ ਲਾਉਂਦਾ ਹੈ ਤੇ ਮਨ ਨੂੰ ਸਿਮਰਨ ਨਾਲ ਜੋੜ ਕੇ ਰੱਖਦਾ ਹੈ ਉਹ ਪਰਮਾਤਮਾ ਦੀ ਦਰਗਾਹ ਵਿੱਚ ਸੁਰਖਰੂ ਹੋ ਸਕਦਾ ਹੈ।

**ਅਰਥ** - ਜੇਕਰ ਅਸੀਂ ਸੇਵਾ ਸ਼ਬਦ ਦੇ ਅਰਥਾਂ ਦੀ ਗੱਲ ਕਰੀਏ ਤਾਂ ਇਹ ਸੰਸਕ੍ਰਿਤ ਦੇ ਸੇਵ ਧਾਤੂ ਤੋਂ ਬਣਿਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਇਸ ਦਾ ਅਰਥ ਖਿਦਮਤ ਜਾਂ ਉਪਾਸਨਾ ਕਰਦੇ ਹਨ। ਸਿੰਧੀ ਵਿੱਚ ਇਸਦਾ ਉਚਾਰਨ ਸ਼ੇਵਾ ਹੈ। ਇਸਦਾ ਅਰਥ ਪੂਜਾ ਭੇਟਾ ਵੀ ਕੀਤਾ ਜਾਂਦਾ ਹੈ।( ਦੇਖੋ ਮਹਾਨ ਕੋਸ਼)

ਫਾਰਸੀ ਵਿੱਚ ਸੇਵਾ ਸ਼ਬਦ ਨੂੰ ਸੇਵਹ ਕਹਿੰਦੇ ਹਨ। ਜਿਸ ਦਾ ਅਰਥ ਤਰੀਕਾ ਅਥਵਾ ਕਾਇਦਾ ਕੀਤਾ ਜਾਂਦਾ ਹੈ। (ਦੇਖੋ ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ)

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਨੇ ਕਾਰ ਸੇਵਾ ਸੰਬੰਧੀ ਲਿਖਿਆ ਹੈ ਕਿ ਕਾਰ ਸ਼ਬਦ ਅਰਬੀ ਭਾਸ਼ਾ ਦੇ 'ਕਅਰ' ਦਾ ਰੂਪਾਂਤਰ ਹੈ। ਅਰਬੀ ਵਿਚ 'ਕਅਰ' ਦਾ ਅਰਥ ਹੈ ਕਿਸੇ ਦਰਿਆ, ਖੂਹ ਦੀ ਗਹਿਰਾਈ। ਪਰ ਇੱਥੇ ਕਾਰ ਸੇਵਾ ਦੇ ਵਰਨਣ ਵਿੱਚ ਕਾਰ ਦਾ ਅਰਥ ਹੈ ਉਹ ਗਾਰ ਜੋ ਕਿਸੇ ਇਤਿਹਾਸਿਕ ਖੂਹ ਜਾਂ ਬਉਲੀ ਜਾਂ ਸਰੋਵਰ ਹੇਠਾਂ ਜਲ ਜਾਂ ਹਵਾ ਆਦਿ ਰਾਹੀਂ ਉਡ ਕੇ ਮਿੱਟੀ ਘੱਟੇ ਨਾਲ ਆ ਕੇ ਜਮਾ ਹੋ ਗਈ ਹੋਵੇ। ਇਸ ਗਾਰ ਨੂੰ ਪਿਆਰ, ਸ਼ਰਧਾ ਤੇ ਉਤਸ਼ਾਹ ਨਾਲ ਬਿਨ੍ਹਾਂ ਕੋਈ ਇਵਜ਼ਾਨਾ ਲਏ ਬਾਹਰ ਕੱਢਣ ਨੂੰ ਸਿੱਖ ਪ੍ਰੰਪਰਾ ਅਨੁਸਾਰ 'ਕਾਰ-ਸੇਵਾ' ਦਾ ਨਾਂ ਦਿੱਤਾ ਗਿਆ ਹੈ। (ਦੇਖੋ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਗਿਆਨੀ ਕਿਰਪਾਲ ਸਿੰਘ)

**ਗੁਰੂ ਸਾਹਿਬਾਨ ਦਾ ਸਮਾਂ** - ਗੁਰੂ ਨਾਨਕ ਦੇਵ ਜੀ ਨੇ ਸੇਵਾ ਦੀ ਪ੍ਰੰਪਰਾ ਆਪਣੇ ਘਰ ਤੋਂ ਹੀ ਆਰੰਭ ਕਰ ਦਿੱਤੀ ਸੀ। ਭਾਈ ਲਹਿਣਾ ਜੀ ਅਤੇ ਬਾਬਾ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਦੀ ਸੇਵਾਦਾਰੀ ਕਰ ਕੇ ਗੁਰਿਆਈ ਦੀ ਬਖਸ਼ਿਸ਼ ਨਾਲ ਨਿਵਾਜੇ ਗਏ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਕੇਂਦਰ ਬਣਾ ਕੇ ਲੰਗਰ, ਪੰਗਤ, ਸੰਗਤ ਦੀਆਂ ਰਿਵਾਇਤਾਂ ਨੂੰ ਹੋਰ ਪਰਪੱਕ ਕੀਤਾ। ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਨਗਰਾਂ ਦੀ ਸਥਾਪਨਾ ਕਰਕੇ ਸੇਵਾ ਦੇ ਮਹਾਨ ਕੇਂਦਰ ਸਥਾਪਿਤ ਕੀਤੇ।

**ਕਾਰ ਸੇਵਾ ਦਾ ਆਰੰਭ** - ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਆਰੰਭ ਕੀਤੀ ਤਾਂ ਉਹਨਾਂ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਆਪਣੇ ਹੱਥੀਂ ਟੱਕ ਲਾਇਆ। ਦਰਅਸਲ ਜਿਸ ਜਗ੍ਹਾ ਅੱਜ ਸ੍ਰੀ ਅੰਮ੍ਰਿਤਸਰ ਮੌਜੂਦ ਹੈ, ਉਥੇ ਉਸ ਸਮੇਂ ਨਿਰਮਲ ਜਲ ਦੀ ਇੱਕ ਢਾਬ ਸੀ । ਪਹਿਲਾਂ ਗੁਰੂ ਸਾਹਿਬ ਨੇ ਉਸ ਢਾਬ ਦੀ ਗਾਰ ਕੱਢਣ ਦੀ ਸੇਵਾ ਲਾਈ । ਇਸੇ ਨੂੰ ਹੀ ਮਹਾਂਕਵੀ ਸੰਤੋਖ ਸਿੰਘ ਜੀ ਨੇ 'ਕਾਰ' ਆਖਿਆ ਹੈ। ਇਸ ਕਾਰ-ਸੇਵਾ ਦੌਰਾਨ ਗਾਰ ਕੱਢ ਕੇ ਇੱਕ ਪਾਸੇ ਸੁੱਟੀ ਗਈ, ਜਿਥੇ ਇਕ ਉੱਚੀ ਢੇਰੀ ਬਣ ਗਈ । ਪੰਚਮ ਪਾਤਸ਼ਾਹ ਜੀ ਨੇ ਉਸੇ ਗਾਰ ਵਾਲੀ ਥਾਂ 'ਤੇ ਆਪਣੇ ਲਈ ਆਸਣ ਬਣਵਾਇਆ, ਜੋ ਕੋਠਾ ਸਾਹਿਬ ਕਰਕੇ ਜਾਣਿਆ ਗਿਆ। ਜਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ਤਾਂ ਪੰਚਮ ਪਾਤਸ਼ਾਹ ਨੇ ਮਰਿਯਾਦਾ ਥਾਪੀ ਕਿ ਹਰ ਰੋਜ਼ ਰਾਤ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ/ ਪੋਥੀ ਸਾਹਿਬ, ਕੋਠਾ ਸਾਹਿਬ ਵਿਖੇ ਸੁੱਖ-ਆਸਣ ਗ੍ਰਹਿਣ ਕਰਨਗੇ ਅਤੇ ਗੁਰੂ ਅਰਜਨ ਦੇਵ ਜੀ ਆਪ ਭੁੰਜੇ ਆਸਣ ਲਾਉਣ ਲੱਗੇ। ਇਸੇ ਮਰਿਆਦਾ ਅਨੁਸਾਰ ਅੱਜ ਵੀ ਕੋਠਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸੁੱਖ-ਆਸਣ ਵਾਲੇ ਪਲੰਘ ਹੇਠਾਂ ਜਮੀਨ ਉੱਪਰ ਇੱਕ ਆਸਣ ਲਾਇਆ ਜਾਂਦਾ ਹੈ। ਇਸੇ




ਜਗ੍ਹਾ 'ਤੇ ਛੇਵੇਂ ਸਤਿਗੁਰ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਇਸ ਪ੍ਰਕਾਰ ਸਰੋਵਰ ਦੀ ਕਾਰ-ਸੇਵਾ ਰਾਹੀਂ ਇੱਕ ਮਹਾਨ ਪ੍ਰੰਪਰਾ ਦਾ ਆਰੰਭ ਹੋਇਆ ਜੋ ਅੱਜ ਤੱਕ ਨਿਰਵਿਘਨ ਜਾਰੀ ਹੈ।

**ਸੰਪ੍ਰਦਾਇ ਕਾਰ ਸੇਵਾ** - ਸੰਪਰਦਾਵਾਂ ਕੌਮਾਂ ਦਾ ਅਨਿੱਖੜਵਾਂ ਅੰਗ ਹੁੰਦੀਆਂ ਹਨ। ਜਿਨਾਂ ਦਾ ਦਾ ਕਾਰਜ ਕੌਮੀਅਤ ਦੇ ਫਲਸਫੇ ਨੂੰ ਸੰਭਾਲਣਾ,ਪ੍ਰਚਾਰਣਾ ਤੇ ਪ੍ਰਸਾਰਨਾ ਹੈ । ਭਾਈ ਕਾਨ੍ਹ ਸਿੰਘ ਜੀ ਨਾਭਾ ਸੰਪਰਦਾਇ ਦੇ ਅਰਥ 'ਚੰਗੀ ਤਰ੍ਹਾਂ ਦੇਣ ਦੀ ਕਿਰਿਆ' ਕਰਦੇ ਹਨ। ਭਾਵ ਕਿ ਉਸ ਵਸਤੂ ਜਾਂ ਤਹਿਜ਼ੀਬ ਨੂੰ ਅੱਗੇ ਸੌਂਪਣਾ ਜੋ ਸੰਸਕ੍ਰਿਤੀ ਦੇ ਵਿੱਚੋਂ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਅੰਗਰੇਜੀ ਵਿੱਚ ਸੰਪਰਦਾਇ ਲਈ ਸੈਕਟ (sect) ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਦਾ ਅਰਥ ਭਾਗ ਜਾਂ ਹਿੱਸਾ ਹੁੰਦਾ ਹੈ ਸੰਪਰਦਾਵਾਂ ਵੇਖਣ ਵਿੱਚ ਭਾਵੇਂ ਬਾਹਰੀ ਤੌਰ ਤੇ ਅਲੱਗ ਅਲੱਗ ਹੁੰਦੀਆਂ ਹਨ ਪਰੰਤੂ ਇਹਨਾਂ ਦਾ ਮੂਲ ਧੁਰਾ ਇੱਕੋ ਹੁੰਦਾ ਹੈ।

ਇਹਨਾਂ ਦਾ ਮੁੱਖ ਉਦੇਸ਼ ਗੁਰੂ ਸਾਹਿਬਾਨ ਵੱਲੋਂ ਦਿੱਤੇ ਹੋਏ ਫਲਸਫੇ ਨੂੰ ਉਸੇ ਤਰ੍ਹਾਂ ਪ੍ਰਚਾਰ ਤੇ ਪ੍ਰਸਾਰ ਕਰਨਾ ਜਿਸ ਤਰੀਕੇ ਦੇ ਨਾਲ ਗੁਰੂ ਸਾਹਿਬ ਜੀ ਦੀ ਹਯਾਤੀ ਵਿੱਚ ਹੁੰਦਾ ਸੀ। ਸਿੱਖ ਧਰਮ ਵਿੱਚ ਵੀ ਉਦਾਸੀ, ਨਿਰਮਲੇ, ਨਿਹੰਗ ਸਿੰਘ, ਦਮਦਮੀ ਟਕਸਾਲ ਅਤੇ ਕਾਰ ਸੇਵਾ ਆਦਿ ਸੰਪਰਦਾਵਾਂ ਹਨ। ਜੋ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਲਈ ਦਿਨ ਰਾਤ ਕਾਰਜ ਸ਼ੀਲ ਹਨ।

ਗੁਰੂ ਸਾਹਿਬਾਨਾਂ ਤੇ ਬਾਅਦ ਕੁਝ ਸੰਪਰਦਾਵਾਂ ਦਾ ਆਰੰਭ ਬੰਦਗੀ ਕਰਨ ਵਾਲੇ ਮਹਾਂਪੁਰਖਾਂ ਦੁਆਰਾ ਕੀਤਾ ਗਿਆ । ਕਾਰ ਸੇਵਾ ਸੰਪਰਦਾਇ ਵੀ ਸਿੱਖ ਪੰਥ ਦੀ ਮਹਾਨ ਸੰਪਰਦਾਇ ਹੈ। ਜਿਸ ਦਾ ਆਰੰਭ ਮਹਾਂਪੁਰਖ ਬਾਬਾ ਗੁਰਮੁੱਖ ਸਿੰਘ ਬਾਬਾ ਸਾਧੂ ਸਿੰਘ ਦੁਆਰਾ ਗੁਰਧਾਮਾਂ ਦੀ ਸਾਂਭ ਸੰਭਾਲ ਕਰਨ ਲਈ ਹੋਇਆ। ਬਾਬਾ ਗੁਰਮੁੱਖ ਸਿੰਘ ਜੀ ਦਾ ਜਨਮ ਪਟਿਆਲਾ ਰਾਜ ਦੇ ਨਗਰ ਦਿਆਲਗੜ੍ਹ (ਬੁੜੀਆ) ਕਿਲ੍ਹਾ ਰਾਵੀ ਸੁੱਖਾਂ ਵਿਖੇ 1848 ਈ. ਨੂੰ ਸ. ਕਰਮ ਸਿੰਘ ਦੇ ਗ੍ਰਹਿ ਮਾਤਾ ਗੁਰਦੇਈ ਜੀ ਦੀ ਕੁੱਖੋਂ ਹੋਇਆ। ਜੁਆਨੀ ਵੇਲੇ ਕੁੱਝ ਸਮਾਂ ਪਟਿਆਲੇ ਦੇ ਸ਼ਾਹੀ ਮਹਾਵਤ ਖਾਨੇ ਵਿੱਚ ਨੌਕਰੀ ਕਰਨ ਪਿੱਛੋਂ ਫ਼ੌਜ ਵਿੱਚ ਭਰਤੀ ਹੋਏ। ਫ਼ੌਜ ਵਿੱਚੋਂ ਆ ਕੇ ਆਪ ਨੇ ਸਾਰਾ ਜੀਵਨ ਵਾਹਿਗੁਰੂ ਦੇ ਅਰਪਣ ਕਰਨ ਅਤੇ ਸੇਵਾ ਵਿੱਚ ਲਾਉਣ ਦਾ ਫ਼ੈਸਲਾ ਕਰ ਲਿਆ ।

**ਬਾਬਾ ਬੀਰਮ ਦਾਸ ਜੀ ਦੀ ਪ੍ਰੇਰਨਾ ਸਦਕਾ ਗੁਰਧਾਮਾਂ ਦੀ ਸੇਵਾ -**

ਕਾਰ ਸੇਵਾ ਦੇ ਇਤਿਹਾਸ ਵਿੱਚ ਇਸ ਕਾਲ ਵੇਲੇ ਬਾਬਾ ਬੀਰਮ ਦਾਸ ਜੀ ਮਹਾਂਪੁਰਖ ਦਾ ਵਿਸ਼ੇਸ਼ ਜ਼ਿਕਰ ਆਉਂਦਾ ਹੈ । ਆਪ ਆਪਣੇ ਭੂਆ ਜੀ ਦੇ ਪੁੱਤਰ ਬਾਬਾ ਸਾਧੂ ਸਿੰਘ ਜੀ ਨੂੰ ਨਾਲ ਲੈ ਕੇ ਸਰਹੰਦ ਨੇੜੇ ਪਿੰਡ ਬਦੇਸ਼ੀ ਵਿਖੇ ਸੰਤ ਬੀਰਮ ਦਾਸ-ਪਾਸ ਜਾ ਪੁੱਜੇ ਅਤੇ ਉਨ੍ਹਾਂ ਪਾਸ ਰਹਿ ਕੇ ਸੇਵਾ ਕਰਦੇ ਰਹੇ। ਬਾਬਾ ਸਾਧੂ ਸਿੰਘ ਜੀ ਦਾ ਜਨਮ ਸ਼ਾਹਬਾਦ, ਜਿਲ੍ਹਾ ਕਰਨਾਲ ਵਿਖੇ ਪਿਤਾ ਭਾਈ ਪ੍ਰੇਮ ਸਿੰਘ ਜੀ ਦੇ ਘਰ ਮਾਤਾ ਗੁਲਾਬ ਕੌਰ ਜੀ ਦੀ ਕੁੱਖੋਂ ਹੋਇਆ। ਸੇਵਾ-ਸਿਮਰਨ ਦੀ ਬਰਕਤ ਸਦਕਾ - ਬਾਬਾ ਗੁਰਮੁਖ ਸਿੰਘ ਜੀ ਸਚਮੁੱਚ ਹੀ ਗੁਰਮੁਖ ਅਤੇ ਬਾਬਾ ਸਾਧੂ ਸਿੰਘ ਜੀ ਸਾਧੂ' ਬਣ ਚੁਕੇ ਸਨ।

ਬਾਬਾ ਬੀਰਮ ਦਾਸ ਜੀ ਦੀ ਪ੍ਰੇਰਨਾ ਨਾਲ ਹੀ ਗੁਰਧਾਮਾਂ ਦੀ ਕਾਰ ਸੇਵਾ ਅਤੇ ਗੁਰਬਾਣੀ ਦਾ ਪ੍ਰਚਾਰ ਕਰਨ ਲਈ ਆਪ ਪਿੰਡ ਬਦੇਸ਼ੀ ਜਿਲ੍ਹਾ ਪਟਿਆਲਾ ਤੋਂ ਸ੍ਰੀ ਅੰਮ੍ਰਿਤਸਰ ਪਹੁੰਚੇ । ਆਪ ਜੀ ਦੇ ਨਾਲ ਬਾਬਾ ਸਾਧੂ ਸਿੰਘ ਜੀ ਅਤੇ ਬਾਬਾ ਜਵੰਦ ਸਿੰਘ ਜੀ ਨਿਹੰਗ ਸਿੰਘ ਵੀ ਆਏ ਸਨ । ਬਾਬਾ ਗੁਰਮੁੱਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੂੰ ਸੰਗਤਾਂ ਸਤਿਕਾਰ ਨਾਲ ਹੰਸਾਂ ਦੀ ਜੋੜੀ ਵੀ ਕਿਹਾ ਕਰਦੀਆਂ ਸਨ।

**ਅੰਮ੍ਰਿਤਸਰ ਸਾਹਿਬ ਆਉਣਾ:-**

ਬਾਬਾ ਗੁਰਮੁੱਖ ਸਿੰਘ ਜੀ 1914-15 ਈ. ਵਿੱਚ ਅੰਮ੍ਰਿਤਸਰ ਪਹੁੰਚੇ। ਇੱਥੇ ਪਹੁੰਚ ਕੇ ਆਪ ਨੇ ਮਲਵਈ ਬੁੰਗੇ ਵਿੱਚ ਟਿਕਾਣਾ ਕੀਤਾ, ਬਾਬਾ ਸ਼ਾਮ ਸਿੰਘ ਆਟਾ ਮੰਡੀ ਵਾਲੇ ਮਹਾਂਪੁਰਖ (ਜਿਨ੍ਹਾ ਨੇ 72 ਸਾਲ ਦਰਬਾਰ ਸਾਹਿਬ ਵਿਖੇ ਨਿਸ਼ਕਾਮ ਕੀਰਤਨ ਸੇਵਾ (ਸਰੰਦੇ ਨਾਲ) ਨਿਭਾਈ) ਆਪ ਜੀ ਨੂੰ ਆ ਕੇ ਮਿਲੇ, ਬਾਬਾ ਸ਼ਾਮ ਸਿੰਘ ਜੀ, ਬਾਬਾ ਗੁਰਮੁੱਖ ਸਿੰਘ ਜੀ ਦੀ ਆਤਮਿਕ ਉੱਚਤਾ ਨੂੰ ਪਛਾਣ ਗਏ ਅਤੇ ਬਾਬਾ ਜੀ ਨਾਲ ਮਿਲ ਕੇ ਕਾਰ ਸੇਵਾ ਤੇ ਨਾਮ ਬਾਣੀ ਦਾ ਪ੍ਰਵਾਹ ਜਾਰੀ ਕਰ ਦਿੱਤਾ ।

**ਸੰਤੋਖਸਰ ਸਾਹਿਬ ਸਰੋਵਰ ਦੀ ਸੇਵਾ:-**

ਅੰਗਰੇਜ਼ਾਂ ਦਾ ਰਾਜ ਹੋਣ ਕਾਰਨ ਜਿਆਦਾਤਰ ਗੁਰਧਾਮ ਅੰਗਰੇਜ਼ਾਂ ਦੇ ਪਿੱਠੂਆਂ ਦੇ ਕਬਜੇ ਹੇਠ ਸਨ । ਅੰਮ੍ਰਿਤਸਰ ਦੇ ਕੁਝ ਲੋਕ ਇਤਨੇ ਲਾਪਰਵਾਹ ਹੋ ਗਏ ਕਿ ਘਰਾਂ ਦਾ ਗੰਦਾ ਪਾਣੀ ਤੇ ਕੂੜਾ ਕਰਕਟ ਸਰੋਵਰ ਵਿੱਚ ਪਾ ਦਿੰਦੇ ਸਨ । ਅੰਗਰੇਜ਼ ਮਿਉਂਸੀਪਲ ਅਫ਼ਸਰ ਨੇ ਸੰਤੋਖਸਰ ਸਰੋਵਰ ਨੂੰ ਪੂਰਨ ਦਾ ਮਤਾ ਪਾਸ ਕਰ ਦਿੱਤਾ। ਜਦ ਇਹ ਖਬਰ ਬਾਬਾ ਬੀਰਮ ਦਾਸ ਜੀ ਨੂੰ ਮਿਲੀ ਤਾਂ ਉਹਨਾਂ ਨੇ ਬਾਬਾ ਗੁਰਮੁੱਖ ਸਿੰਘ ਅਤੇ ਬਾਬਾ ਸਾਧੂ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਭੇਜਿਆ, ਜਿਨ੍ਹਾਂ ਨੇ ਬਾਬਾ ਸ਼ਾਮ ਸਿੰਘ ਜੀ ਨਾਲ ਮਿਲ ਕੇ ਸੰਤੋਖ਼ਸਰ ਸਾਹਿਬ ਦੀ ਕਾਰ-ਸੇਵਾ ਆਰੰਭ ਕਰਨ ਦਾ ਫ਼ੈਸਲਾ ਕੀਤਾ।

**ਸਰੋਵਰ ਤੇ ਹੰਸਲੀ ਦੀ ਸੇਵਾ:-** ਸੰਤੋਖਸਰ ਸਰੋਵਰ ਦੀ ਸਫ਼ਾਈ ਕਰਵਾਈ, ਪ੍ਰਕਰਮਾਂ, ਪੌੜੀਆਂ ਨਵੀਨ ਬਣਵਾਈਆਂ, ਪਰਿਕਰਮਾਂ ਦੀ ਸੇਵਾ ਕੀਤੀ, ਬਾਬਾ ਗੁਰਮੁੱਖ ਸਿੰਘ ਜੀ ਨੇ ਕਾਰ ਸੇਵਾ ਦੇ ਕਾਰਜਾਂ ਨੂੰ ਨਿਰਵਿਘਨ ਚਲਾਉਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ 25 ਨੇਮੀ ਸਿੰਘ ਕਾਰ ਸੇਵਾ ਵਿੱਚ ਭੇਜੋ। ਇਨ੍ਹਾਂ ਵਿੱਚੋਂ ਹੀ ਸਮਕਾਲੀ ਬਾਬਾ ਝੰਡਾ ਸਿੰਘ ਜੀ, ਬਾਬਾ ਦਲੀਪ ਸਿੰਘ ਜੀ, ਬਾਬਾ ਜੀਵਨ ਸਿੰਘ ਜੀ, ਬਾਬਾ ਅਮਰ ਸਿੰਘ ਜੀ, ਬਾਬਾ ਖੜਕ ਸਿੰਘ ਜੀ, ਬਾਬਾ ਬਘੇਲ ਸਿੰਘ ਜੀ ਤੋ ਦੇ ਆਦਿਕ ਹੋਰ ਮਹਾਂਪੁਰਖ ਸਨ । ਸੰਤੋਖਸਰ ਸਰੋਵਰ ਦੀ ਕਾਰ ਸੇਵਾ ਉਪਰੰਤ ਘੀ ਮੰਡੀ ਦੇ ਬਾਹਰ ਤੋਂ ਲੈ ਕੇ ਸਰੋਵਰ ਤੱਕ ਹੰਸਲੀ ਬਣਾ ਕੇ ਸੀਮਿੰਟ ਦੇ ਫਰਮੇ ਬਣਾ ਕੇ ਪੱਕੀ ਕਰ ਦਿੱਤੀ ਗਈ, ਇਹ ਸੇਵਾ 10 ਸਾਲ ਵਿੱਚ ਪੂਰੀ ਹੋਈ।

**ਤਰਨ ਤਾਰਨ ਸਾਹਿਬ ਵਿੱਚ ਸੇਵਾ:-** ਕਾਰ ਸੇਵਾ ਦੁਆਰਾ ਕੀਤੇ ਜਾਣ ਵਾਲੇ ਕਾਰਜਾਂ ਵਿੱਚ ਸਰੋਵਰਾਂ ਦੀ ਸਫ਼ਾਈ, ਪੌੜ ਪੱਕੇ ਕਰਨਾਂ, ਪਰਿਕਰਮਾਂ ਦੀ ਸੇਵਾ, ਰਸਤਿਆਂ ਦੀ ਸੇਵਾ, ਹੰਸਲੀਆਂ ਪੱਕੀਆ ਕਰਨ ਦੀ ਸੇਵਾ, ਗੁਰਧਾਮਾਂ ਦੀ ਉਸਾਰੀ, ਕਈ ਜਗ੍ਹਾ ਪੁਲ ਬਣਾਉਣ ਦੀ ਸੇਵਾ ਆਦਿ ਸ਼ਾਮਿਲ ਹਨ। ਇਸੇ ਲੜੀ ਤਹਿਤ ਬਾਬਾ ਸ਼ਾਮ ਸਿੰਘ ਜੀ ਨੇ ਤਰਨ ਤਾਰਨ ਦੀਆ ਸੰਗਤਾਂ ਸਮੇਤ ਬਾਬਾ ਗੁਰਮੁੱਖ ਸਿੰਘ ਜੀ ਪਾਸ ਪੁੱਜ ਕੇ ਸੇਵਾ ਲਈ ਬੇਨਤੀ ਕੀਤੀ। ਸੰਤਾਂ ਨੇ ਤਰਨ ਤਾਰਨ ਡੇਰੇ ਲਾ ਲਏ, ਪਹਿਲਾਂ ਹੰਸਲੀ ਦੀ ਸੇਵਾ ਆਰੰਭੀ। ਪਹਿਲਾਂ ਪੁਟਾਈ ਹੋਈ ਫਿਰ ਸੀਮਿੰਟ ਦੇ ਫਰਮੇ ਤਿਆਰ ਹੋਏ, ਇਸ ਪ੍ਰਕਾਰ ਪੰਜ ਸਾਲਾਂ ਵਿੱਚ ਪੰਜ ਮੀਲ ਲੰਬੀ ਪੱਕੀ ਹੰਸਲੀ ਦੀ ਸੇਵਾ ਸੰਪੂਰਨ ਹੋਈ।

ਇਸ ਉਪਰੰਤ ਸਰੋਵਰ ਦੀ ਕਾਰ ਸੇਵਾ ਆਰੰਭੀ, ਸੰਗਤਾਂ ਨੇ ਵੱਡੇ ਉਤਸ਼ਾਹ ਨਾਲ ਗਾਰ ਕੱਢੀ, ਉਪਰੰਤ ਪੌੜੀਆਂ ਬਣਵਾਈਆਂ ਤੇ ਮੁਰੰਮਤ ਕਰਨ ਦਾ ਕਾਰਜ ਆਰੰਭ ਹੋਇਆ। ਤਰਨ ਤਾਰਨ ਸਰੋਵਰ ਦੀਆਂ ਹੇਠਾਂ ਤੋਂ ਉੱਪਰ ਤੱਕ ਸਾਰੀਆਂ ਪੌੜੀਆਂ ਨਵੀਆਂ ਬਣਵਾਈਆਂ ਗਈਆਂ, ਪੌੜੀਆਂ ਬਣਵਾਉਣ ਦਾ ਕਾਰਜ ਸੰਤਾਂ ਨੇ ਪੰਜ ਪਿਆਰਿਆਂ ਹੱਥੋਂ ਸ਼ੁਰੂ ਕਰਵਾਇਆ। ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸੇਵਾ ਕਰਕੇ ਜੀਵਨ ਸਫ਼ਲਾ ਕੀਤਾ। ਸੇਵਾ ਸੰਪੂਰਨ ਹੋਈ, ਜਲ ਨਾਲ ਸਰੋਵਰ ਭਰਿਆ ਗਿਆ। ਤਰਨ ਤਾਰਨ ਦੀ ਸੇਵਾ ਉਪਰੰਤ ਮਹਾਂਪੁਰਖਾਂ ਨੇ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੇਵਾ ਦਾ ਕਾਰਜ ਫਿਰ ਆਰੰਭ ਕੀਤਾ, ਪਰਿਕਰਮਾਂ ਵਿੱਚ ਜਿੱਥੇ ਨਿਸ਼ਾਨ ਸਾਹਿਬ ਕੋਲ ਝੰਡਾ ਬੁੰਗਾ ਹੈ, ਦੀਵਾਲੀ ਤੇ ਵਿਸਾਖੀ ਦੇ ਸਮੇਂ ਤੇ ਸੰਗਤ ਦੀ ਆਮਦ ਜਿਆਦਾ ਹੋਣ ਕਾਰਨ ਥਾਂ ਥੋੜ੍ਹਾ ਪੈ ਜਾਂਦਾ ਸੀ। ਸੰਤਾਂ ਨੇ ਪਰਿਕਰਮਾਂ ਅੱਗੇ ਨਾਲੋਂ ਖੁੱਲੀ ਕਰਨ ਦੀ ਸੇਵਾ ਆਰੰਭ ਕੀਤੀ।

**ਹੰਸਲੀ ਦੀ ਸੇਵਾ:-** ਇਥੇ ਸੰਤਾਂ ਨੇ ਅੰਮ੍ਰਿਤਸਰ ਦੇ ਪਾਵਨ ਸਰੋਵਰ ਦੇ ਜਲ ਲਿਆਉਣ ਲਈ ਹੰਸਲੀ ਦੀ ਸੇਵਾ ਦਾ ਆਰੰਭ ਕੀਤਾ। ਸਭ ਤੋਂ ਪਹਿਲਾਂ ਘੰਟਾ ਘਰ ਵਾਲੀ ਬਾਹੀ ਪਰ ਪਰਿਕਰਮਾਂ ਵਿੱਚ ਰੋੜੀ ਕਟਾਉਣੀ ਸ਼ੁਰੂ ਕੀਤੀ । ਹੰਸਲੀ ਦੀ ਲੰਬਾਈ ਚਾਰ ਮੀਲ ਸੀ । ਇਹ ਮਹਾਨ ਕਾਰਜ ਪੰਜ ਸਾਲਾਂ ਵਿੱਚ ਸੰਪੂਰਨ ਹੋਇਆ।

**ਸ੍ਰੀ ਮੁਕਤਸਰ ਸਾਹਿਬ ਦੀ ਸੇਵਾ:-** ਬਾਬਾ ਗੁਰਮੁੱਖ ਸਿੰਘ ਜੀ ਅੰਮ੍ਰਿਤਸਰ ਦੀ ਹੰਸਲੀ ਦੀ ਸੇਵਾ ਕਰਵਾ ਰਹੇ ਸਨ, ਤਦ ਮਾਲਵੇ ਦੀ ਸੰਗਤ ਨੇ ਬੇਨਤੀ ਕੀਤੀ ਕਿ ਮੁਕਤਸਰ ਸਾਹਿਬ ਦੇ ਅਸਥਾਨ ਦੀ ਸੇਵਾ ਕਰਵਾਈ ਜਾਵੇ । ਸੰਤ ਜੀ ਨੇ ਸੇਵਾ ਆਰੰਭ ਕੀਤੀ । ਸਭ ਤੋਂ ਪਹਿਲਾਂ ਦੁਕਾਨਾਂ ਤੇ ਮਕਾਨਾਂ ਦੇ ਦਰਵਾਜੇ ਬੰਦ ਕਰਵਾਏ ਗਏ ਜੋ ਪਰਿਕਰਮਾਂ ਵੱਲ ਨੂੰ ਖੁੱਲ੍ਹਦੇ ਸਨ । ਸੰਤਾਂ ਨੇ ਉਨ੍ਹਾਂ ਨੂੰ ਦਰਵਾਜਾ ਦੂਜੇ ਪਾਸੇ ਲਗਾਉਣ ਦਾ ਖਰਚਾ ਵੀ ਦਿੱਤਾ । ਮੁਕਤਸਰ ਦੇ ਸਰੋਵਰ ਦੀ ਕਾਰ ਸੇਵਾ ਚਲਦੀ ਰਹੀ। ਜਥੇਦਾਰ ਬਘੇਲ ਸਿੰਘ ਜੀ ਸੇਵਾ ਦੇ ਮੁਖੀ ਥਾਪੇ ਗਏ।

ਸਰੋਵਰ ਦੀ ਪਵਿੱਤਰਤਾ ਲਈ ਲੰਬੀ ਹੰਸਲੀ ਵੀ ਤਿਆਰ ਕਰਵਾਈ। ਇਸ ਤੋਂ ਇਲਾਵਾ ਦਰਬਾਰ ਸਾਹਿਬ ਦੀ ਉਪਰਲੀ ਛੱਤ ਨਵੀਂ ਬਣਵਾਈ ਤੇ ਗੁੰਬਦ ਸੁੰਦਰ ਸੰਗਮਰਮਰ ਦਾ ਬਣਵਾਇਆ। ਇਸ ਪ੍ਰਕਾਰ ਸੰਤਾਂ ਨੇ 10 ਸਾਲ ਇਥੇ ਸੇਵਾ ਕੀਤੀ।

**ਖਡੂਰ ਸਾਹਿਬ ਦੀ ਸੇਵਾ:-** ਮਾਝੇ ਦੀ ਸੰਗਤ ਦੀ ਬੇਨਤੀ ਤੇ ਸੰਤਾਂ ਨੇ ਸਤਿਬਚਨ ਕਹਿ ਕੇ ਬਾਬਾ ਗੁਰਮੁੱਖ ਸਿੰਘ ਜੀ, ਸੰਤ ਬਾਬਾ ਸਾਧੂ ਸਿੰਘ ਜੀ ਤੇ ਹੋਰ ਗੁਰਮੁਖਾਂ ਸਮੇਤ ਖਡੂਰ ਸਾਹਿਬ ਆਏ। ਕੋਈ ਚੰਗਾ ਰਸਤਾ ਨਾ ਹੋਣ ਕਾਰਨ ਸਭ ਤੋਂ ਪਹਿਲਾਂ ਗੋਇੰਦਵਾਲ ਸਾਹਿਬ ਤੋਂ ਖਡੂਰ ਸਾਹਿਬ ਤੱਕ ਪੱਕੀ ਸੜਕ ਬਣਾਉਣ ਦਾ ਫ਼ੈਸਲਾ ਕੀਤਾ। ਜ਼ਮੀਨ ਮਿਲਦੇ ਹੀ ਸੰਤਾਂ ਨੇ ਸੜਕ ਮੁਕੰਮਲ ਕਰਕੇ ਡਿਸਟ੍ਰਿਕਟ ਬੋਰਡ ਅੰਮ੍ਰਿਤਸਰ ਦੇ ਹਵਾਲੇ ਕਰ ਦਿੱਤੀ। ਉਪਰੰਤ ਸੰਤਾਂ ਨੇ ਇੱਕ ਖੁੱਲਾ ਵੱਡਾ ਸਰੋਵਰ ਤਿਆਰ ਕਰਵਾਇਆ।

ਸੰਤਾਂ ਨੇ ਖਡੂਰ ਸਾਹਿਬ ਨੂੰ ਮੁਕਾਮ ਬਣਾ ਲਿਆ ਅਤੇ ਇਥੋਂ ਹੀ ਨਨਕਾਣਾ ਸਾਹਿਬ ਆਦਿਕ ਸਥਾਨਾਂ ਦੀ ਕਾਰ ਸੇਵਾ ਲਈ ਜਾਂਦੇ ਰਹੇ। ਕਾਰ ਸੇਵਾ ਡੇਰਾ ਖਡੂਰ ਸਾਹਿਬ ਪੰਥਕ ਸੇਵਾ ਵਿੱਚ ਵੱਡਾ ਮੁਕਾਮ ਹਾਸਲ ਕਰ ਗਿਆ। ਇਥੇ ਸੰਤਾਂ ਨੇ ਸਰੋਵਰ ਦੀ ਕਾਰ ਸੇਵਾ ਤੋਂ ਬਾਅਦ ਪਰਿਕਰਮਾਂ ਬਣਵਾਈਆਂ, ਗੁਰਦੁਆਰਾ ਸਾਹਿਬ ਦੀ ਨਵੇਂ ਸਿਰਿਓ ਸੁੰਦਰ ਇਮਾਰਤ ਤਿਆਰ ਕਰਵਾਈ, ਸੰਗਮਰਮਰ ਦਾ ਗੁੰਬਦ ਲਗਵਾਇਆ, ਇਹ ਮਹਾਨ ਸੇਵਾ ਚਾਰ ਸਾਲਾਂ ਵਿੱਚ ਸੰਪੂਰਨ ਹੋਈ।

**ਬਾਬਾ ਬਕਾਲਾ ਸਾਹਿਬ ਸਰੋਵਰ ਦੀ ਸੇਵਾ**-ਖਡੂਰ ਸਾਹਿਬ ਤੋਂ ਬਾਅਦ ਸੰਤ ਜੀ ਨੇ ਬਾਬਾ ਬਕਾਲਾ ਸਾਹਿਬ ਦੇ ਸਰੋਵਰ ਦੇ ਜਲ ਦੀ ਪਵਿੱਤਰਤਾ ਲਈ ਹੰਸਲੀ ਬਣਾਉਣ ਦਾ ਕਾਰਜ ਆਰੰਭਿਆ। ਦੋ ਸਾਲਾਂ ਵਿੱਚ ਕਾਰਜ ਸਿਰੇ ਚੜ੍ਹਿਆ । ਸਰੋਵਰ ਦੀ ਪਰਿਕਰਮਾਂ ਤਿਆਰ ਕਰਵਾਈ, ਮਾਤਾ ਗੰਗਾ ਜੀ ਦੇ ਗੁਰਦੁਆਰੇ ਤੱਕ ਰਸਤਾ ਪੱਕਾ ਕਰਵਾਇਆ।

**ਡੇਹਰਾ ਸਾਹਿਬ ਦੀ ਸੇਵਾ :-** ਬਾਬਾ ਬਕਾਲਾ ਸਾਹਿਬ ਦੀ ਸੇਵਾ ਉਪਰੰਤ ਸੰਤ ਜੀ ਸੰਗਤ ਦੀ ਬੇਨਤੀ ਤੇ ਗੁ. ਡੇਹਰਾ ਸਾਹਿਬ (ਜਾਮਾਰਾਏ) ਪੁੱਜੇ। ਸਭ ਤੋਂ ਪਹਿਲਾਂ ਪਾਵਨ ਸਰੋਵਰ ਦੀਆਂ ਪੌੜੀਆਂ ਪੁਟਾ ਕੇ ਨਵੀਆਂ ਬਣਾਈਆਂ, ਬਾਅਦ ਵਿੱਚ ਗੁਰਦੁਆਰੇ ਦੀ ਸੁੰਦਰ ਇਮਾਰਤ ਉਸਾਰੀ, ਇਹ ਸੇਵਾ ਦੋ ਸਾਲਾਂ ਵਿੱਚਸੰਪੂਰਨ ਹੋਈ।

**ਸ੍ਰੀ ਨਨਕਾਣਾ ਸਾਹਿਬ ਵਿਖੇ ਸੇਵਾ:-** ਸੰਤ ਜੀ ਨੇ ਨਨਕਾਣਾ ਸਾਹਿਬ ਪੁੱਜ ਕੇ ਆਪਣੇ ਹੱਥਾਂ ਨਾਲ ਰੋੜੀ ਕੁੱਟਣੀ ਸ਼ੁਰੂ ਕੀਤੀ । ਇਸ ਸੇਵਾ ਦੇ ਜਥੇਦਾਰ ਬਾਬਾ ਦਲੀਪ ਸਿੰਘ ਜੀ ਨੂੰ ਥਾਪਿਆ ਗਿਆ। ਸਭ ਤੋਂ ਪਹਿਲਾਂ ਗੁ: ਬਾਲ ਲੀਲਾ ਸਾਹਿਬ ਦੇ ਸਰੋਵਰ ਦੀ ਗਾਰ ਕਢਵਾਉਣ ਉਪਰੰਤ ਸਰੋਵਰ ਦੀਆਂ ਪੌੜੀਆਂ ਨਵੀਆਂ ਬਣਵਾਈਆਂ। ਗੁਰਦੁਆਰਾ ਸਾਹਿਬ ਬਣਵਾਇਆ । ਇਸ ਤੋਂ ਬਾਅਦ ਗੁ: ਜਨਮ ਅਸਥਾਨ ਨਨਕਾਣਾ ਸਾਹਿਬ ਦੇ ਸਰੋਵਰ ਦੀ ਸੇਵਾ ਆਰੰਭ ਕੀਤੀ, ਉਪਰੰਤ ਪਰਿਕਰਮਾਂ ਨਵੀ ਬਣਾਈ। ਇਸ ਤੋਂ ਬਾਅਦ ਗੁਰਦੁਆਰਾ ਕਿਆਰਾ ਸਾਹਿਬ ਦੀ ਸੁੰਦਰ ਇਮਾਰਤ ਤੇ ਸਰੋਵਰ ਬਣਵਾਇਆ। ਸਰੋਵਰਾਂ ਦੇ ਜਲ ਲਈ ਹੰਸਲੀ ਦੀ ਵੀ ਉਸਾਰੀ ਕਰਵਾਈ ਗਈ।

**ਮੁੜ ਖਡੂਰ ਸਾਹਿਬ ਵਿਖੇ ਸੇਵਾ:-** ਨਨਕਾਣਾ ਸਾਹਿਬ ਦੀ ਸੇਵਾ ਉਪਰੰਤ ਖਡੂਰ ਸਾਹਿਬ ਸਰੋਵਰ ਦੀ ਹੰਸਲੀ ਦੀ ਸੇਵਾ ਸੰਤ ਜੀ ਨੇ ਆਰੰਭ ਕੀਤੀ,ਜੋ ਕੁਝ ਮਹੀਨਿਆਂ ਵਿੱਚ ਸੰਪੂਰਨ ਹੋਈ।

**ਸ੍ਰੀ ਦਰਬਾਰ ਸਾਹਿਬ ਪ੍ਰਕਰਮਾਂ ਦੀ ਸੇਵਾ:-** 1947 ਈ. ਵਿੱਚ ਸੰਤ ਜੀ ਨੇ ਘੰਟਾ ਘਰ ਵਾਲੀ ਬਾਹੀ ਤੇ ਸੇਵਾ ਆਰੰਭ ਕੀਤੀ, ਇਸੇ ਸਮੇਂ ਹੀ ਦੇਸ਼ ਦੀ ਵੰਡ ਹੋਣ ਕਾਰਨ ਸੰਤ ਮਨੁੱਖਤਾ ਦੀ ਸੇਵਾ ਵਿੱਚ ਰੁੱਝ ਗਏ। 1947 ਦੀ


ਇਮਾਰਤ ਉਸਾਰੀ ਦੀ ਕਾਰ ਸੇਵਾ ਦੌਰਾਨ ਸੰਗਤ

ਵੰਡ ਵੇਲੇ ਸੰਤ ਜੀ ਨੇ ਪਾਕਿਸਤਾਨ ਤੋਂ ਉੱਜੜ ਕੇ ਆਏ ਸ਼ਰਨਾਰਥੀਆਂ ਲਈ ਬਸਤਰ ਅਤੇ ਰਾਸ਼ਨ ਦੇ ਪ੍ਰਬੰਧ ਦੀ ਸੇਵਾ ਸੰਭਾਲੀ ।

**ਅਕਾਲ ਚਲਾਣਾ :-** ਬਾਬਾ ਗੁਰਮੁੱਖ ਸਿੰਘ ਜੀ 100 ਸਾਲ ਦੇ ਲਗਭਗ ਸਰੀਰ ਵਿੱਚ ਰਹਿ ਕੇ, ਸੇਵਾ ਸਿਮਰਨ ਨੂੰ ਜੀਵਨ ਸਮਰਪਿਤ ਕਰਦੇ ਹੋਏ, ਅੰਮ੍ਰਿਤਸਰ ਸਾਹਿਬ ਵਿਖੇ 30 ਨਵੰਬਰ 1947 ਈ. ਨੂੰ ਅਕਾਲ ਚਲਾਣਾ ਕਰ ਗਏ। ਆਪ ਜੀ ਤੋਂ ਬਾਅਦ ਸੰਤ ਬਾਬਾ ਝੰਡਾ ਸਿੰਘ ਜੀ ਨੇ ਕਾਰ ਸੇਵਾ ਦੀ ਜ਼ਿੰਮੇਵਾਰੀ ਸੌਂਪੀ ਗਈ । ਬਾਬਾ ਝੰਡਾ ਸਿੰਘ ਜੀ ਨੇ ਸੰਤਾਂ ਦੁਆਰਾ ਚਲਾਈ ਕਾਰ ਸੇਵਾ ਨੂੰ ਤਨਦੇਹੀ ਨਾਲ ਨਿਭਾਇਆ।


ਇਮਾਰਤ ਉਸਾਰੀ ਦੀ ਕਾਰ ਸੇਵਾ ਕਰਦੀ ਹੋਈ ਸੰਗਤ

### ਬਾਬਾ ਉੱਤਮ ਸਿੰਘ ਜੀ

ਬਾਬਾ ਉੱਤਮ ਸਿੰਘ ਜੀ ਸਿੱਖ ਪੰਥਕ ਜਜ਼ਬੇ ਨਾਲ ਭਰਪੂਰ ਇੱਕ ਮਹਾਨ ਸ਼ਖ਼ਸੀਅਤ ਸਨ । ਬਾਬਾ ਉੱਤਮ ਸਿੰਘ ਜੀ ਨੇ ਕਾਰ ਸੇਵਾ ਦੇ ਮਨੋਰਥ ਨੂੰ ਮੁੱਖ ਰੱਖਦਿਆਂ ਖਡੂਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ ਦੀ ਸੇਵਾ ਕਰਵਾਈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵੀ ਸੇਵਾ ਕਰਵਾਈ। ਗੁਰਦੁਆਰਾ ਦਾਤਾ ਬੰਦੀ ਛੋੜ ਗਵਾਲੀਅਰ ਦੀ ਛੇ ਮੰਜ਼ਿਲਾ ਇਮਾਰਤ ਨੂੰ ਬਹੁਤ ਜ਼ਿਆਦਾ ਮੁਸ਼ਕਿਲਾਂ ਵਿੱਚ ਤਿਆਰ ਕਰਵਾਇਆ। ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਦਾ ਕਾਰਜ ਅਰੰਭਿਆ ਗਿਆ ਸੀ । ਜਿਸਨੂੰ 1984 ਈ.ਵਿੱਚ ਭਾਰਤੀ ਫੌਜ ਦੁਆਰਾ ਢਹਿ ਢੇਰੀ ਕਰ ਦਿੱਤਾ ਗਿਆ ਸੀ, ਉਸ ਸਮੇਂ ਪੰਥ ਦੀਆਂ ਪੰਜ ਮਹਾਨ ਸ਼ਖਸੀਅਤਾਂ ਦੇ ਜ਼ਿੰਮੇ ਇਸ ਕੰਮ ਨੂੰ ਲਗਾਇਆ ਗਿਆ ਜਿਨ੍ਹਾਂ ਵਿਚ ਬਾਬਾ ਉੱਤਮ ਸਿੰਘ ਜੀ ਨੂੰ ਸੇਵਾ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ।

ਆਪ ਨੇ ਗੁਰਦੁਆਰਾ ਚਰਨ ਕਮਲ ਸਾਹਿਬ ਨਰੈਣਾ (ਰਾਜਸਥਾਨ) ਅਤੇ ਮਕਰਾਣਾ ਵਿਖੇ ਵੀ ਗੁਰਦੁਆਰਾ ਸਾਹਿਬ ਦੀ ਤਿਆਰੀ ਕਰਵਾਈ । ਇਸੇ ਤਰ੍ਹਾਂ ਆਪ ਨੇ ਹੋਰ ਕਈ ਇਤਿਹਾਸਕ ਗੁਰਧਾਮਾਂ ਦੀਆਂ ਇਮਾਰਤਾਂ ਦੀ ਕਾਰ ਸੇਵਾ ਨੂੰ ਆਰੰਭ ਕੀਤਾ। ਸੰਨ 1970 ਈ ਚ ਬਾਬਾ ਜੀ ਨੇ ਬੱਚਿਆਂ ਦੀ ਵਿਦਿਅਕ ਲੋੜ ਨੂੰ ਪੂਰਾ ਕਰਨ ਲਈ ਖਡੂਰ ਸਾਹਿਬ ਦੀ ਧਰਤੀ ਤੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਦੀ ਨੀਂਹ ਰੱਖੀ । ਬਾਬਾ ਉੱਤਮ ਸਿੰਘ ਜੀ ਨੇ ਬਾਬਾ ਸੇਵਾ ਸਿੰਘ ਜੀ ਦੀ ਯੋਗਤਾ ਨੂੰ ਦੇਖ ਕੇ 1982 ਵਿੱਚ ਹੀ ਕਾਰ ਸੇਵਾ ਦੀ ਬਹੁਤੀ ਜ਼ਿੰਮੇਵਾਰੀ ਦੇ ਦਿੱਤੀ ਸੀ । ਬਾਬਾ ਉੱਤਮ ਸਿੰਘ ਜੀ ਨੇ ਅਪ੍ਰੈਲ 1984 ਵਿੱਚ ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੀ ਸਥਾਪਨਾ ਕੀਤੀ। 1987 ਵਿੱਚ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ, ਕਰਤਾਰਪੁਰ (ਜਲੰਧਰ) ਵਿਖੇ ਸਥਾਪਿਤ ਕੀਤਾ ਅਤੇ ਪੰਥਕ ਜਜ਼ਬੇ ਹਿੱਤ ਬਾਬਾ ਉੱਤਮ ਸਿੰਘ ਜੀ ਨੇ 1984 ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੇ ਬੱਚਿਆਂ ਦੀ ਪੜ੍ਹਾਈ ਕਾਰ ਸੇਵਾ ਵੱਲੋਂ ਚਲਾਏ ਜਾਂਦੇ ਅਦਾਰਿਆ ਵਿੱਚ ਮੁਫ਼ਤ ਕਰਵਾਉਣ ਦਾ ਫੈਸਲਾ ਕੀਤਾ। ਇਸ ਪ੍ਰਕਾਰ ਅਨੇਕਾਂ ਸੇਵਾਵਾਂ ਨਿਭਾਉਂਦੇ ਹੋਏ ਬਾਬਾ ਉੱਤਮ ਸਿੰਘ ਜੀ 28 ਫਰਵਰੀ 1992 ਈ. ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਆਪ ਨੇ ਇਸ ਤੋਂ ਦੋ ਸਾਲ ਪਹਿਲਾਂ ਹੀ 1990 ਵਿੱਚ ਬਾਬਾ ਸੇਵਾ ਸਿੰਘ ਜੀ ਨੂੰ ਆਪਣੇ ਹੱਥੀਂ ਦਸਤਾਰਬੰਦੀ ਕਰਕੇ ਕਾਰ ਸੇਵਾ ਦੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਦੀ ਜ਼ਿੰਮੇਵਾਰੀ ਬੜੇ ਸੁੱਚਜੇ ਤਰੀਕੇ ਨਾਲ ਨਿਭਾ ਰਹੇ ਹਨ।

### ਅਜੋਕੇ ਸਮੇਂ ਕਾਰ ਸੇਵਾ ਖਡੂਰ ਸਾਹਿਬ

ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਵਿੱਦਿਅਕ ਅਦਾਰੇ ਬਣਾਉਣ ਸੰਬੰਧੀ ਅਨੇਕਾਂ ਯੋਜਨਾਵਾਂ ਉਲੀਕੀਆਂ ਗਈਆਂ। ਯੋਜਨਾਵਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਦੀ ਸਥਾਪਨਾ ਕੀਤੀ ਗਈ। 2004 ਈ. ਵਿੱਚ 'ਨਿਸ਼ਾਨ-ਏ-ਸਿੱਖੀ' ਅੱਠ ਮੰਜ਼ਿਲਾ ਇਮਾਰਤ ਦਾ ਟੱਪ ਲਗਾਇਆ ਗਿਆ। 2006 ਵਿੱਚ ਨੀਂਹ ਪੱਥਰ ਰੱਖ ਕੇ 'ਨਿਸ਼ਾਨ-ਏ-ਸਿੱਖੀ' ਦਾ ਉਦਘਾਟਨ 2011 ਈ. ਵਿੱਚ ਕੀਤਾ ਗਿਆ। ਬਾਬਾ ਸੇਵਾ ਸਿੰਘ ਜੀ ਦੀ ਰਹਿਨੁਮਾਈ ਹੇਠ ਵਰਤਮਾਨ ਸਮੇਂ ਵਿੱਚ ਕਾਰ ਸੇਵਾ ਖਡੂਰ ਸਾਹਿਬ ਅਧੀਨ 6 ਸਕੂਲ (ਦੋ ਸਕੂਲ ਖਡੂਰ ਸਾਹਿਬ, 4 ਸਕੂਲ ਗਵਾਲੀਅਰ (ਮੱਧ ਪ੍ਰਦੇਸ਼) ਅਤੇ 1 ਡਿਗਰੀ ਕਾਲਜ ਖਡੂਰ ਸਾਹਿਬ, 1 ਬੀ.ਐਡ ਕਾਲਜ ਖਡੂਰ ਸਾਹਿਬ ਚੱਲ ਰਹੇ ਹਨ ਨਿਸ਼ਾਨ-ਏ-ਸਿੱਖੀ ਅੰਦਰ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼, ਨਿਸ਼ਾਨ-ਏ-ਸਿੱਖੀ ਸਿਵਲ ਸੇਵਾਵਾਂ ਪ੍ਰੀਖਿਆ ਟ੍ਰੇਨਿੰਗ ਸੈਂਟਰ (UPSC Wing), ਨਿਸ਼ਾਨ- ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ (NEET/JEE Wing), ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਕਰੀਅਰ ਐਂਡ ਕੋਰਸਜ਼, ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ (NDA Wing),ਨਿਸ਼ਾਨ- ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ(CDS Wing) ਵਿੱਦਿਅਕ ਅਦਾਰੇ ਚੱਲ ਰਹੇ ਹਨ।

ਕਾਰ ਸੇਵਾ ਖਡੂਰ ਸਾਹਿਬ ਨੇ ਇਤਿਹਾਸਿਕ ਗੁਰਧਾਮਾਂ ਦੀ ਸੇਵਾ-ਸੰਭਾਲ ਤੋਂ ਇਲਾਵਾ ਵਿੱਦਿਅਕ ਖੇਤਰ ਅਤੇ ਵਾਤਾਵਰਨ ਦੀ ਸਾਂਭ ਸੰਭਾਲ ਵਿੱਚ ਵੀ ਵਡਮੁੱਲਾ ਯੋਗਦਾਨ ਪਾਇਆ ਹੈ । ਕਾਰ ਸੇਵਾ ਖਡੂਰ ਸਾਹਿਬ ਦੀ ਇਹ ਕੋਸ਼ਿਸ਼ ਹੈ ਕਿ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਉੱਤਮ ਸਿੰਘ ਜੀ ਦੁਆਰਾ ਪਾਏ ਪੂਰਨਿਆਂ ਤੇ ਲਗਾਤਾਰ ਪੂਰੇ ਉਤਸ਼ਾਹ ਸਹਿਤ ਚੱਲਿਆ ਜਾਵੇ ਅਤੇ ਵਧ- ਚੜ੍ਹ ਕੇ ਵਿੱਦਿਆ ਦੀ ਸੇਵਾ, ਗੁਰਧਾਮਾਂ ਦੀ ਸੇਵਾ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਦੀ ਸੇਵਾ ਕੀਤੀ ਜਾਵੇ । ਕਾਰ ਸੇਵਾ ਖਡੂਰ ਸਾਹਿਬ ਵੱਲੋਂ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਰਾਜਸਥਾਨ, ਮੱਧ ਪ੍ਰਦੇਸ ਆਦਿ ਬਾਹਰਲੇ ਰਾਜਾਂ ਵਿੱਚ ਵੀ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ ਧਾਰਮਿਕ ਅਸਥਾਨਾ ਦੀ ਸੇਵਾ ਸੰਭਾਲ ਅਤੇ ਵਿੱਦਿਅਕ ਕਾਰਜ ਚਲ ਰਹੇ ਹਨ। ਆਸ ਕਰਦੇ ਹਾਂ ਕਿ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਨਾਲ ਕਾਰ ਸੇਵਾ ਖਡੂਰ ਸਾਹਿਬ ਇਸੇ ਤਰੀਕੇ ਨਾਲ ਵਿਦਿਅਕ, ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਗਤੀਸ਼ੀਲ ਰਹੇਗੀ।

**ਦਿਲਪ੍ਰੀਤ ਸਿੰਘ**

ਅਸਿਸਟੈਂਟ ਪ੍ਰੋਫੈਸਰ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼।
ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ

# ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਸੇਵਾਵਾਂ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਵਿੱਚ ਅਧਿਆਤਮਿਕ ਅਤੇ ਸਮਾਜਿਕ ਵਿਕਾਸ ਕਰਨ ਹਿਤ ਸੰਗਤ, ਪੰਗਤ, ਲੰਗਰ, ਗੁਰਦੁਆਰਾ ਆਦਿ ਸੰਸਥਾਵਾਂ ਦਾ ਆਗਾਜ ਕੀਤਾ। ਇਨ੍ਹਾਂ ਵਿੱਚੋਂ ਗੁਰਦੁਆਰਾ ਮਹੱਤਵਪੂਰਨ ਸੰਸਥਾ ਹੈ ਕਿਉਂਕਿ ਸੰਗਤ, ਪੰਗਤ, ਲੰਗਰ ਆਦਿ ਸਿੱਧੇ ਜਾਂ ਅਸਿੱਧੇ ਤੌਰ ਤੇ ਗੁਰਦੁਆਰੇ ਨਾਲ ਸੰਬੰਧਿਤ ਹਨ। ਸਿੱਖ ਧਰਮ ਦੇ ਮੁੱਢ ਤੋਂ ਹੀ ਇਹ ਸੰਸਥਾ ਧਰਮਸ਼ਾਲਾ ਦੇ ਰੂਪ ਵਿੱਚ ਪ੍ਰਗਟ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਅਤੇ ਉਸ ਤੋਂ ਬਾਅਦ ਅਗਿਆਨਤਾ ਵਿੱਚ ਫਸੀ ਲੁਕਾਈ ਨੂੰ ਜਿੱਥੇ-ਜਿੱਥੇ ਅਧਿਆਤਮਿਕ ਗਿਆਨ ਬਖਸ਼ਿਸ਼ ਕੀਤਾ ਉੱਥੇ-ਉੱਥੇ ਧਰਮਸ਼ਾਲਾਵਾਂ ਕਾਇਮ ਹੋਈਆਂ ਜੋ ਬਾਅਦ ਵਿੱਚ ਗੁਰਦੁਆਰਿਆਂ ਦਾ ਰੂਪ ਧਾਰਨ ਕਰ ਗਈਆਂ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਦੁਆਰਾ ਉਹ ਅਸਥਾਨ ਹੈ, ਜਿਸਨੂੰ ਦਸ ਗੁਰੂ ਸਾਹਿਬਾਨ ਜੀ ਨੇ ਧਰਮ ਪ੍ਰਚਾਰ ਲਈ ਬਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਇਸ ਅਸਥਾਨ ਦਾ ਨਾਮ ਧਰਮਸ਼ਾਲਾ ਰਿਹਾ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਧਰਮਸ਼ਾਲਾ ਸ਼ਬਦ ਗੁਰਦੁਆਰਾ ਨਾਂ ਵਿੱਚ ਤਬਦੀਲ ਹੋ ਗਿਆ। ਗੁਰਦੁਆਰੇ ਤੋਂ ਮਿਲਦੇ ਗੁਰਉਪਦੇਸ਼ ਰਾਹੀਂ ਹੀ ਸਿੱਖ ਨੇ ਅਧਿਆਤਮਿਕਤਾ ਦੇ ਰਸਤੇ ਨੂੰ ਤੈਅ ਕਰਕੇ ਅਕਾਲ ਪੁਰਖ ਵਿੱਚ ਅਭੇਦ ਹੋਣਾ ਹੈ।

ਅਠਾਰਵੀਂ ਸਦੀ ਦੇ ਸਿੱਖ ਸੰਘਰਸ਼ ਸਮੇਂ ਸਿੱਖਾਂ ਨੂੰ ਆਪਣੇ ਘਰ ਬਾਰ ਛੱਡ ਕੇ ਜੰਗਲਾਂ ਅਤੇ ਪਹਾੜਾਂ ਵਿੱਚ ਟਿਕਾਣਾ ਕਰਨਾ ਪਿਆ ਜਿਸ ਕਰਕੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕਾਰਜ ਸੁਚੱਜੇ ਢੰਗ ਨਾਲ ਨਾ ਹੋ ਸਕਿਆ। ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਗੁਰਦੁਆਰਿਆਂ, ਮਸਜਿਦਾਂ, ਮੰਦਰਾਂ ਆਦਿ ਦੇ ਨਾਮ ਤੇ ਬਹੁਤ ਜਗੀਰਾਂ ਲਗਾਈਆਂ । ਸਿੱਖ ਰਾਜ ਦੇ ਜਾਣ ਤੋਂ ਬਾਅਦ ਪਰਮਾਤਮਾ ਦੀ ਰਹਿਮਤ ਸਦਕਾ ਨਾਮ ਦੇ ਰਸੀ, ਸੇਵਾ ਦੇ ਮੁਜੱਸਮੇ ਬਾਬਾ ਗੁਰਮੁਖ ਸਿੰਘ ਜੀ ਨੇ ਅਨੇਕਾਂ ਗੁਰਧਾਮਾਂ ਦੀ ਸੇਵਾ ਕਰਨੀ ਆਰੰਭ ਕੀਤੀ। ਸੇਵਾ ਦਾ ਇਹ ਮਹਾਨ ਕਾਰਜ ਸ੍ਰੀ ਅੰਮ੍ਰਿਤਸਰ ਦੇ ਗੁਰਦੁਆਰਿਆਂ ਦੀ ਸੇਵਾ ਤੋਂ ਸ਼ੁਰੂ ਹੋਇਆ। ਵੱਖ-ਵੱਖ ਗੁਰਦੁਆਰਿਆ ਦੀ ਸੇਵਾ ਤੋਂ ਇਲਾਵਾ ਬਾਬਾ ਗੁਰਮੁਖ ਸਿੰਘ ਜੀ ਨੇ ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਸ੍ਰੀ ਖਡੂਰ ਸਾਹਿਬ ਦੀ ਪਾਵਨ ਧਰਤੀ ਦੇ ਇਤਿਹਾਸਿਕ ਗੁਰਦੁਆਰਿਆ ਦੀ ਸੇਵਾ ਵੀ ਕਰਵਾਈ। ਬਾਬਾ ਗੁਰਮੁਖ ਸਿੰਘ ਜੀ ਦੇ ਚਲਾਣੇ ਤੋਂ ਬਾਅਦ ਬਾਬਾ ਝੰਡਾ ਸਿੰਘ ਜੀ ਨੇ ਇਹ ਸੇਵਾਵਾਂ ਨਿਭਾਈਆਂ । ਬਾਬਾ ਝੰਡਾ ਸਿੰਘ ਜੀ ਤੋਂ ਬਾਅਦ ਇਸ ਮਹਾਨ ਸੇਵਾ ਦਾ ਪ੍ਰਬੰਧ ਬਾਬਾ ਉੱਤਮ ਸਿੰਘ ਜੀ ਨੇ ਸੰਭਾਲਿਆ। ਅਕਾਲ ਪੁਰਖ ਦੀ ਕਿਰਪਾ ਨਾਲ ਅਜੋਕੇ ਸਮੇਂ ਵਿੱਚ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲੇ ਇਸ ਸੇਵਾ ਨੂੰ ਨਿਭਾਅ ਰਹੇ ਹਨ। ਕਾਰ ਸੇਵਾ ਖਡੂਰ ਸਾਹਿਬ ਦੁਆਰਾ ਪੰਜਾਬ ਅਤੇ ਪੰਜਾਬ ਤੋਂ ਬਾਹਰ ਜਿਨਾਂ ਗੁਰਧਾਮਾਂ ਦੀ ਸੇਵਾ ਕਰਵਾਈ ਜਾ ਰਹੀ ਹੈ ਉਨ੍ਹਾਂ ਗੁਰਦੁਆਰਿਆਂ ਦਾ ਸੰਖੇਪ ਇਤਿਹਾਸ ਅਤੇ ਕਾਰ ਸੇਵਾ ਦੀ ਕਾਰਗੁਜਾਰੀ ਹੇਠ ਲਿਖੇ ਅਨੁਸਾਰ ਹੈ।

## 1. ਗੁਰਦੁਆਰਾ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਖਡੂਰ ਸਾਹਿਬ


ਗੁਰਦੁਆਰਾ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਖਡੂਰ ਸਾਹਿਬ

ਗੁਰਦੁਆਰਾ ਦਰਬਾਰ ਸਾਹਿਬ ਖਡੂਰ ਸਾਹਿਬ ਦਾ ਪ੍ਰਮੁੱਖ ਇਤਿਹਾਸਿਕ ਅਸਥਾਨ ਹੈ। ਇਸ ਅਸਥਾਨ ਨੂੰ 'ਅੰਗੀਠਾ ਸਾਹਿਬ' ਵੀ ਕਿਹਾ ਜਾਂਦਾ ਹੈ। ਕਿਉਂਕਿ ਇਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅੰਗੀਠਾ ਸਾਹਿਬ ਹੈ, ਜਿਥੇ ਗੁਰੂ ਅੰਗਦ ਦੇਵ ਜੀ ਦਾ ਜੋਤੀ-ਜੋਤਿ ਸਮਾਉਣ ਮਗਰੋਂ ਸਸਕਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਉਹ ਕਿੱਲਾ' ਵੀ ਇਥੇ ਮੌਜੂਦ ਹੈ, ਜਿਸ ਨਾਲ (ਗੁਰੂ) ਅਮਰਦਾਸ ਜੀ ਨੂੰ ਬਿਆਸ ਦਰਿਆ ਤੋਂ ਜਲ ਲਿਆਉਂਦੇ ਸਮੇਂ ਠੇਡਾ ਲੱਗਾ ਸੀ। ਇਸ ਦੇ ਨਾਲ ਹੀ ਜਿੱਥੇ ਗੁਰੂ ਅਮਰਦਾਸ ਜੀ ਬੈਠ ਕੇ ਸਿਮਰਨ ਕਰਿਆ ਕਰਦੇ ਸਨ, ਉੱਥੇ ਗੁਰਦੁਆਰਾ ਥੜ੍ਹਾ ਸਾਹਿਬ ਬਣਿਆ ਹੋਇਆ ਹੈ। ਦਰਸ਼ਨੀ ਡਿਓੜੀ ਤੋਂ ਸੱਜੇ ਪਾਸੇ ਬੀਬੀ ਅਮਰੋ ਜੀ ਦਾ ਪੁਰਾਤਨ ਖੂਹ ਵੀ ਮੌਜੂਦ ਹੈ ਜਿਸ ਦੀ ਸਾਂਭ-ਸੰਭਾਲ ਕਰਕੇ ਤਿਆਰ ਕੀਤਾ ਗਿਆ। ਇਸ ਸਭ ਦੇ ਨਾਲ ਇਸੇ ਅਸਥਾਨ 'ਤੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਕ ਆਧੁਨਿਕ ਤਕਨੀਕ ਨਾਲ ਲੈੱਸ ਸਿੱਖ ਅਜਾਇਬਘਰ ਬਣਵਾਇਆ ਗਿਆ ਹੈ। ਗੁਰਦੁਆਰਾ ਸਾਹਿਬ ਦੇ ਚੁਗਿਰਦੇ ਦੇ ਅੰਦਰ-ਬਾਹਰ ਸੁੰਦਰ ਪਾਰਕਾਂ ਬਣਾਈਆਂ ਗਈਆਂ ਹਨ ਇਸ ਪਾਵਨ ਅਸਥਾਨ ਦੀ ਸੇਵਾ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਕੀਤੀ ਗਈ ਹੈ ਅਤੇ ਇਸ ਦਾ ਪ੍ਰਬੰਧ ਸ਼੍ਰੋ.ਗੁ.ਪ੍ਰਬੰਧਕ ਕਮੇਟੀ ਦੀ ਲੋਕਲ ਕਮੇਟੀ ਵੱਲੋਂ ਕੀਤਾ ਜਾ ਰਿਹਾ ਹੈ। ਇਥੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸੁੰਦਰ ਦਰਬਾਰ ਸਾਹਿਬ, ਭਾਈ ਜੋਧ ਜੀ ਹਾਲ, 45 ਖੁੱਲ੍ਹੇ ਕਮਰਿਆਂ ਦੀ ਸਰਾਂ ਅਤੇ ਗੁਰਦੁਆਰਾ ਥੜ੍ਹਾ ਸਾਹਿਬ ਦੇ ਦਰਬਾਰ ਸਾਹਿਬ ਦੀ ਸੇਵਾ ਕਰਵਾਈ ਗਈ ਹੈ।

## 2. ਗੁਰਦੁਆਰਾ ਤਪਿਆਣਾ ਸਾਹਿਬ, ਖਡੂਰ ਸਾਹਿਬ


ਗੁਰਦੁਆਰਾ ਤਪਿਆਣਾ ਸਾਹਿਬ, ਖਡੂਰ ਸਾਹਿਬ

ਇਹ ਪਾਵਨ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਉਹਨਾਂ ਦੇ ਨਾਲ ਸਾਥੀ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਵੀ ਇਸ ਅਸਥਾਨ ਉੱਪਰ ਆਏ ਸਨ। ਇੱਥੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਕਹਿਣ 'ਤੇ ਭਾਈ ਬਾਲਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਪ੍ਰਮੁੱਖ ਸਾਖੀਆ ਤੇ ਘਟਨਾਵਾਂ ਦੱਸੀਆਂ ਸਨ, ਜਿਨ੍ਹਾਂ ਨੂੰ ਗੁਰੂ ਜੀ ਨੇ ਭਾਈ ਪੈੜਾ ਮੋਖਾ ਜੀ ਪਾਸੋਂ ਲਿਖਵਾ ਕੇ ਜਨਮਸਾਖੀ ਤਿਆਰ ਕਰਵਾ ਲਈ ਸੀ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨੇੜੇ ਇਕ ਛੋਟਾ ਜਿਹਾ ਥੜ੍ਹਾ ਵੀ ਮੌਜੂਦ ਹੈ, ਜਿੱਥੇ ਭਾਈ ਬਾਲਾ ਜੀ ਦਾ ਸਸਕਾਰ ਕੀਤਾ ਗਿਆ ਸੀ। ਗੁਰਦੁਆਰਾ ਸਾਹਿਬ ਦੇ ਸਾਹਮਣੇ ਇਕ ਸੁੰਦਰ ਸਰੋਵਰ ਬਣਿਆ ਹੋਇਆ ਹੈ, ਜਿਸ ਦੇ ਆਲੇ-

ਦੁਆਲੇ ਪਰਿਕਰਮਾ ਵਿੱਚ ਅੰਬਾਂ ਦੇ ਫ਼ਲਦਾਰ ਅਤੇ ਫੁੱਲਦਾਰ ਬੂਟੇ ਲਗਾ ਕੇ ਗੁਰਦੁਆਰਾ ਸਾਹਿਬ ਦੀ ਦਿੱਖ ਨੂੰ ਹੋਰ ਵੀ ਸੋਹਣਾ ਬਣਾਇਆ ਗਿਆ ਹੈ। ਸਰੋਵਰ ਦੇ ਦੂਜੇ ਪਾਸੇ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਤਪ-ਅਸਥਾਨ ਸਾਹਿਬ ਹੈ, ਜਿਸਦੇ ਖੱਬੇ ਪਾਸੇ ਕਾਰ ਸੇਵਾ ਖਡੂਰ ਸਾਹਿਬ ਦੇ ਦੂਸਰੇ ਮਹਾਪੁਰਖ ਬਾਬਾ ਸਾਧੂ ਸਿੰਘ ਜੀ ਦੀ ਯਾਦਗਾਰ ਵੀ ਬਣੀ ਹੋਈ ਹੈ। ਗੁਰਦੁਆਰਾ ਤਪਿਆਣਾ ਸਾਹਿਬ ਦੇ ਨੇੜੇ ਹੀ ਬਹੁਤ ਸੁੰਦਰ ਅਤੇ ਵਿਸ਼ਾਲ ਲੰਗਰ ਹਾਲ ਮਾਤਾ ਖੀਵੀ ਜੀ ਦੀ ਯਾਦ ਚ ਬਣਿਆ ਹੈ, ਜਿੱਥੇ ਦੇਸੀ ਘਿਓ ਦੀ ਖੀਰ ਰੋਜ਼ਾਨਾ ਵਰਤਾਈ ਜਾਂਦੀ ਹੈ। ਗੁਰਬਾਣੀ ਵਿੱਚ ਵੀ ਜਿੱਥੇ ਮਾਤਾ ਖੀਵੀ ਜੀ ਵਡਿਆਈ ਕੀਤੀ ਗਈ ਹੈ ਓਥੇ ਨਾਲ ਘਿਆਲੀ ਖੀਰ ਦਾ ਵੀ ਜ਼ਿਕਰ ਆਇਆ ਹੈ।

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (ਅੰਗ ੯੬੭)**

ਮਾਤਾ ਖੀਵੀ ਲੰਗਰ ਹਾਲ ਨੂੰ ਹੋਰ ਵਡੇਰਾ ਕਰਨ ਲਈ ਲੰਗਰ ਹਾਲ ਦੀ ਇਕ ਨਵੀਂ ਇਮਾਰਤ ਅਤੇ ਨਵੇਂ ਰਸੋਈ ਘਰ ਦੀ ਉਸਾਰੀ ਵੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੁਰਾਤਨ ਬਾਰਾਦਰੀ ਅਤੇ ਪੁਰਾਤਨ ਖੂਹੀ ਵੀ ਮੌਜੂਦ ਹੈ, ਜਿਸ ਦੀ ਪੁਰਾਤਨਤਾ ਨੂੰ ਕਾਇਮ ਰੱਖਦੇ ਹੋਏ ਸਾਂਭ-ਸੰਭਾਲ ਦੀ ਸੇਵਾ ਸੁਚੱਜੇ ਢੰਗ ਨਾਲ ਕਰਵਾਈ ਜਾ ਰਹੀ ਹੈ।

### 3. ਗੁਰਦੁਆਰਾ ਮਾਈ ਭਰਾਈ ਜੀ, ਖਡੂਰ ਸਾਹਿਬ

ਇਹ ਅਸਥਾਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਿਤਾ ਬਾਬਾ ਫੇਰੂ ਮੱਲ ਜੀ ਦੀ ਮੂੰਹ ਬੋਲੀ ਭੈਣ ਮਾਈ ਭਰਾਈ ਜੀ ਦਾ ਘਰ ਸੀ। ਜਦੋਂ ਗੁਰੂ ਅੰਗਦ ਦੇਵ ਜੀ ਕਰਤਾਰਪੁਰ ਸਾਹਿਬ ਤੋਂ ਗੁਰੂ ਨਾਨਕ ਦੇਵ ਜੀ ਦੀ ਗੁਰਿਆਈ/ਗੱਦੀ ਦੇ ਉਤਰਾਅਧਿਕਾਰੀ ਬਣ ਕੇ ਉਹਨਾਂ ਦੇ ਆਦੇਸ਼ ਅਨੁਸਾਰ ਖਡੂਰ ਸਾਹਿਬ ਆਏ ਸਨ ਅਤੇ ਉਹਨਾਂ ਨੇ ਇਸ ਅਸਥਾਨ ਉੱਪਰ ਟਿਕਾਣਾ ਕਰਕੇ ਇਕਾਂਤ ਵਿੱਚ ਸਿਮਰਨ ਕਰਨ ਦਾ ਫ਼ੈਸਲਾ ਕੀਤਾ ਸੀ। ਸੰਗਤਾਂ ਜਦੋਂ ਆਪ ਜੀ ਦੇ ਦਰਸ਼ਨਾਂ ਲਈ ਵਿਆਕੁਲ ਹੋਣ ਲੱਗੀਆਂ ਤਾਂ ਬਾਬਾ ਬੁੱਢਾ ਜੀ ਦੀ ਬੇਨਤੀ ਮੰਨ ਕੇ ਆਪ ਜੀ ਨੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਗੁਰੂ ਅੰਗਦ ਦੇਵ ਜੀ ਲਗਭਗ 6 ਮਹੀਨੇ ਇਸ ਅਸਥਾਨ 'ਤੇ ਰਹੇ। ਇਸ ਅਸਥਾਨ 'ਤੇ ਦਰਬਾਰ ਸਾਹਿਬ ਦੀ ਸੇਵਾ ਅਤੇ ਸਰਾਂ ਦੀ ਸੇਵਾ ਵੀ ਕਰਵਾਈ ਗਈ ਹੈ।


ਗੁਰਦੁਆਰਾ ਮਾਈ ਭਰਾਈ ਜੀ, ਖਡੂਰ ਸਾਹਿਬ


ਗੁਰਦੁਆਰਾ ਚੁਬੱਚਾ ਸਾਹਿਬ ਪਾ: ਪੰਜਵੀਂ, ਮੰਡਾਲਾ(ਤਰਨ ਤਾਰਨ ਸਾਹਿਬ)

### 4. ਗੁਰਦੁਆਰਾ ਚੁਬੱਚਾ ਸਾਹਿਬ ਪਾ: ਪੰਜਵੀਂ, ਮੰਡਾਲਾ(ਤਰਨ ਤਾਰਨ)

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਬਾਬਾ ਮੋਹਨ ਜੀ ਪਾਸੋਂ ਗੋਇੰਦਵਾਲ ਸਾਹਿਬ ਤੋਂ ਪੋਥੀਆਂ ਪ੍ਰਾਪਤ ਕਰਨ ਮਗਰੋਂ ਅੰਮ੍ਰਿਤਸਰ ਸਾਹਿਬ ਵਾਪਸ ਜਾਂਦੇ ਸਮੇਂ ਇਸ ਅਸਥਾਨ 'ਤੇ ਵਿਸ਼ਰਾਮ ਕੀਤਾ ਗਿਆ ਸੀ। ਇੱਥੋਂ ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਕਰਦੇ ਹੋਏ ਤਰਨ ਤਾਰਨ ਸਾਹਿਬ ਵੱਲ ਨੂੰ ਰਵਾਨਾ ਹੋਏ ਸਨ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਸ ਅਸਥਾਨ 'ਤੇ ਦਰਬਾਰ ਸਾਹਿਬ ਦੀ ਸੇਵਾ ਕਰਵਾਈ ਗਈ ਤੇ ਹੁਣ ਦੀਵਾਨ ਹਾਲ ਦੀ ਸੇਵਾ ਚੱਲ ਰਹੀ ਹੈ। ਇਸ ਅਸਥਾਨ ਤੇ ਜੈਵਿਕ ਖੇਤੀ ਕੀਤੀ ਜਾ ਰਹੀ ਹੈ।

### 5. ਗੁਰਦੁਆਰਾ ਦਰਬਾਰ ਸਾਹਿਬ ਪਾਤਸ਼ਾਹੀ ਪਹਿਲੀ, ਡੇਰਾ ਬਾਬਾ ਨਾਨਕ (ਗੁਰਦਾਸਪੁਰ)

ਜਨਮਸਾਖੀ ਸਾਹਿਤ ਅਨੁਸਾਰ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਤੋਂ ਬਾਅਦ ਇਸ ਅਸਥਾਨ 'ਤੇ ਬਣੇ ਇਕ ਖੂਹ ਕੋਲ ਆ ਕੇ ਬੈਠੇ ਸਨ। ਇਹ ਖੂਹ ਪਿੰਡ ਪੱਖੋਕੇ ਰੰਧਾਵੇ ਦੇ ਚੌਧਰੀ ਅਜਿੱਤਾ ਰੰਧਾਵੇ ਦਾ ਸੀ। ਗੁਰੂ ਜੀ ਦੇ ਆਉਣ ਦੀ ਖਬਰ ਸੁਣ ਕੇ ਸੰਗਤਾਂ ਦਰਸ਼ਨ ਕਰਨ ਲਈ ਆਈਆਂ। ਅਜਿੱਤਾ ਰੰਧਾਵਾ ਵੀ ਚੱਲ ਕੇ ਆਇਆ ਅਤੇ ਗੁਰੂ ਜੀ ਨਾਲ ਗੋਸ਼ਟ ਵੀ ਕੀਤੀ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਸ ਪਾਵਨ ਅਸਥਾਨ 'ਤੇ ਸਰੋਵਰ, ਲੰਗਰ ਹਾਲ, ਦੀਵਾਨ ਹਾਲ, ਸਰਾਵਾਂ, ਕਾਰ ਪਾਰਕਿੰਗ ਅਤੇ ਦਰਬਾਰ ਸਾਹਿਬ ਦੀ ਨਵੀਂ ਇਮਾਰਤ ਦੀ ਸੇਵਾ ਕਰਵਾਈ ਗਈ ਹੈ। 23 ਫਰਵਰੀ, 2022 ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਨਵੇਂ ਤਿਆਰ ਕੀਤੇ ਦਰਬਾਰ ਸਾਹਿਬ ਦੀ ਅਰੰਭਤਾ ਕੀਤੀ ਗਈ। ਇਸ ਤੋਂ ਇਲਾਵਾ ਗੁਰੂ ਦਰਬਾਰ ਦੀ ਇਮਾਰਤ ਵਾਸਤੇ ਸੋਨੇ ਦੀ ਪਾਲਕੀ, ਸੋਨੇ ਦੇ ਗੁੰਬਦ ਅਤੇ ਕਲਸ਼ ਦੀ ਸੇਵਾ ਵੀ ਹੋ ਰਹੀ ਹੈ ਅਤੇ ਅਜਿੱਤਾ ਰੰਧਾਵੇ ਦੇ ਪੁਰਾਤਨ ਖੂਹ ਦੀ ਪੁਰਾਤਨ ਦਿੱਖ ਨੂੰ ਕਾਇਮ ਰੱਖਣ ਦੀ ਸੇਵਾ ਸੰਪੰਨ ਹੋ ਚੁੱਕੀ ਹੈ। ਇਸ ਅਸਥਾਨ 'ਤੇ ਹਰ ਸਾਲ 4 ਮਾਰਚ ਨੂੰ ਸਲਾਨਾ ਜੋੜ-ਮੇਲਾ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ-ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਗੁਰ-ਅਸਥਾਨ ਤੋਂ ਕਰਤਾਰਪੁਰ ਪਾਕਿਸਤਾਨ ਕੋਰੀਡੋਰ ਲਗਭਗ 1 ਕਿ. 'ਤੇ ਹੈ। ਇਸ ਤੇ ਇਲਾਵਾ ਗੁਰਦੁਆਰਾ ਚੋਲਾ ਸਾਹਿਬ ਵਿਖੇ ਪੁਰਾਤਨ ਖੂਹ ਦੀ ਸਾਂਭ ਸੰਭਾਲ ਦੀ ਸੇਵਾ ਚੱਲ ਰਹੀ ਹੈ।


ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਪਾਤਸ਼ਾਹੀ ਪਹਿਲੀ, ਡੇਰਾ ਬਾਬਾ ਨਾਨਕ (ਗੁਰਦਾਸਪੁਰ)

## 6. ਗੁਰਦੁਆਰਾ ਕੰਧ ਸਾਹਿਬ ਪਾਤਸ਼ਾਹੀ ਪਹਿਲੀ, ਬਟਾਲਾ (ਗੁਰਦਾਸਪੁਰ)


ਗੁਰਦੁਆਰਾ ਕੰਧ ਸਾਹਿਬ ਪਾਤਸ਼ਾਹੀ ਪਹਿਲੀ, ਬਟਾਲਾ (ਗੁਰਦਾਸਪੁਰ)

ਇਹ ਉਹ ਪਵਿੱਤਰ ਅਸਥਾਨ ਹੈ ਜਿਥੇ ਜਗਤ-ਗੁਰੂ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਭਾਦੋਂ ਸੁਦੀ ਸੱਤਵੀਂ ਸੰਮਤ 1544 ਮੁਤਾਬਿਕ ਸੰਨ 1487 ਈਸਵੀ ਨੂੰ ਬਾਬਾ ਮੂਲ ਚੰਦ ਪਟਵਾਰੀ ਤੇ ਮਾਤਾ ਚੰਦੋ ਰਾਣੀ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਵਿਆਹ ਕਰਨ ਵਾਸਤੇ ਸੁਲਤਾਨਪੁਰ ਲੋਧੀ ਤੋਂ ਬਰਾਤ ਦੇ ਰੂਪ ਵਿੱਚ ਪੁੱਜੇ ਸਨ। ਗੁਰੂ ਸਾਹਿਬ ਜੀ ਦੀ ਬਰਾਤ ਵਿੱਚ ਭਾਈ ਬਾਲਾ ਜੀ, ਭਾਈ ਮਰਦਾਨਾ ਜੀ, ਹਾਕਮ ਰਾਏ ਬੁਲਾਰ ਜੀ ਤੇ ਨਵਾਬ ਦੌਲਤ ਖਾਂ ਆਦਿ ਰਿਸ਼ਤੇਦਾਰ ਅਤੇ ਪਰਿਵਾਰਕ ਮੈਂਬਰ ਸ਼ਾਮਲ ਸਨ ।ਇਸ ਅਸਥਾਨ ਤੇ ਗੁਰੂ ਸਾਹਿਬ ਜੀ ਦੀ ਬਰਾਤ ਦਾ ਠਹਿਰਾਅ ਕੀਤਾ ਗਿਆ ਸੀ । ਇਹ ਕੱਚੀ ਹਵੇਲੀ ਸੀ ਇਹ ਹਵੇਲੀ ਭਾਈ ਜ਼ਮੀਤ ਰਾਏ ਬੰਸੀ ਦੀ ਸੀ । ਜਦੋਂ ਗੁਰੂ ਸਾਹਿਬ ਜੀ ਦੀ ਬਰਾਤ ਆਈ ਸੀ । ਉਸ ਸਮੇਂ ਇਸ ਸਥਾਨ ਤੇ ਪੁਰਾਤਨ ਕੱਚੀ ਕੰਧ ਸੀ । ਇਸ ਕੱਚੀ ਕੰਧ ਦੇ ਪਾਸ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਿਠਾਇਆ ਗਿਆ ਸੀ। ਉਸ ਸਮੇਂ ਉੱਥੇ ਮੌਜੂਦ ਇੱਕ ਬਜ਼ੁਰਗ ਮਾਤਾ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਬੇਟਾ ਇਹ ਕੰਧ ਕੱਚੀ ਹੈ ਜੋ ਢਹਿਣ ਹੀ ਵਾਲੀ ਹੈ ਤੁਹਾਡੇ ਉੱਪਰ ਡਿੱਗ ਜਾਵੇਗੀ ਤੁਸੀਂ ਉੱਠ ਕੇ ਜ਼ਰਾ ਪਰੇ ਹੋ ਕੇ ਬੈਠ ਜਾਓ। ਬਜ਼ੁਰਗ ਮਾਤਾ ਦੇ ਇਹ ਬੋਲ ਸੁਣ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਹਿਜ ਸੁਭਾਅ ਵਿੱਚ ਕਿਹਾ ਕਿ ਮਾਤਾ ਭੋਲੀਏ ਇਹ ਕੱਚੀ ਕੰਧ ਜੁਗੋ ਜੁਗ ਕਾਇਮ ਰਹੇਗੀ ਅਤੇ ਇਹ ਕੱਚੀ ਕੰਧ ਸਾਡੇ ਵਿਆਹ ਦੀ ਯਾਦਗਾਰ ਹੋਵੇਗੀ। ਇਹ ਕੱਚੀ ਕੰਧ ਗੁਰਦੁਆਰਾ ਸਾਹਿਬ ਅੰਦਰ ਸੁੰਦਰ ਸ਼ੀਸ਼ੇ ਦੇ ਫਰੇਮ ਵਿੱਚ ਸੁਰੱਖਿਅਤ ਅੱਜ ਵੀ ਮੌਜੂਦ ਹੈ। ਮਹਾਰਾਜਾ ਸ਼ੇਰ ਸਿੰਘ ਜੀ ਨੇ ਆਪਣੇ ਰਾਜ-ਕਾਲ ਦੌਰਾਨ ਇਸ ਸਥਾਨ ਤੇ ਪੱਕਾ ਗੁਰੂ-ਅਸਥਾਨ ਬਣਾਇਆ। ਇਸ ਅਸਥਾਨ ਤੇ ਹਰ ਸਾਲ ਭਾਦੋਂ ਸੁਦੀ ਸੱਤਵੀਂ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਸਾਲਾਨਾ ਜੋੜ ਮੇਲਾ ਮਨਾਇਆ ਜਾਂਦਾ ਹੈ। ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਨਵ ਉਸਾਰੀ ਦੀ ਸੇਵਾ ਚਲ ਰਹੀ ਹੈ ।

## 7. ਗੁਰਦੁਆਰਾ ਸਤਿਕਰਤਾਰੀਆ ਪਾ: ਛੇਵੀਂ, ਬਟਾਲਾ (ਗੁਰਦਾਸਪੁਰ)


ਗੁਰਦੁਆਰਾ ਸਤਿਕਰਤਾਰੀਆ ਪਾ: ਛੇਵੀਂ, ਬਟਾਲਾ (ਗੁਰਦਾਸਪੁਰ)

ਇਸ ਅਸਥਾਨ ਉੱਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ 29 ਵੈਸਾਖ, ਸੰਮਤ 1681 ਨੂੰ ਵਿਆਹੁਣ ਆਏ ਸਨ। ਬਾਬਾ ਗੁਰਦਿੱਤਾ ਜੀ ਦਾ ਵਿਆਹ ਭਾਈ ਰਾਮ ਮੱਲ ਜੀ ਦੀ ਸਪੁੱਤਰੀ ਬੀਬੀ ਅਨੰਦੀ ਜੀ ਨਾਲ ਇਸ ਅਸਥਾਨ 'ਤੇ ਹੋਇਆ ਸੀ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇੱਥੇ ਦਰਸ਼ਨੀ ਡਿਓੜ੍ਹੀ, ਪਰਿਕਰਮਾ, ਕਾਰ ਪਾਰਕਿੰਗ ਅਤੇ ਲੰਗਰ ਹਾਲ ਦੀ ਸੇਵਾ ਕਰਵਾਈ ਗਈ। ਇਸ ਤੋਂ ਇਲਾਵਾ ਦਰਬਾਰ ਦੀ ਇਮਾਰਤ ਦੀ ਸੇਵਾ ਚਲ ਰਹੀ ਹੈ ।

## 8. ਗੁਰਦੁਆਰਾ ਡੇਹਰਾ ਸਾਹਿਬ, ਬਟਾਲਾ (ਗੁਰਦਾਸਪੁਰ)


ਗੁਰਦੁਆਰਾ ਡੇਹਰਾ ਸਾਹਿਬ, ਬਟਾਲਾ (ਗੁਰਦਾਸਪੁਰ)

ਇਹ ਪਾਵਨ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਅਸਥਾਨ ਭਾਵ ਗੁਰੂ ਜੀ ਦੇ ਸਹੁਰਾ ਸਾਹਿਬ ਭਾਈ ਮੂਲ ਚੰਦ ਜੀ ਦਾ ਘਰ ਅਤੇ ਮਾਤਾ ਸੁਲੱਖਣੀ ਜੀ ਦਾ ਜਨਮ ਅਸਥਾਨ ਹੈ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਤਿਆਰ ਕੀਤੀ ਗਈ। ਇਸ ਅਸਥਾਨ 'ਤੇ ਪੁਰਾਤਨ ਖੂਹੀ ਅੱਜ ਵੀ ਮੌਜੂਦ ਹੈ,ਜਿਸ ਦੀ ਪੁਰਾਤਨ ਦਿੱਖ ਅਤੇ ਸਾਂਭ ਸੰਭਾਲ ਦੀਆਂ ਹੋਰ ਸੇਵਾਵਾਂ ਚਲ ਰਹੀਆਂ ਹਨ।

## 9 ਗੁਰਦੁਆਰਾ ਸਾਹਿਬ ਪਾ: ਪੰਜਵੀਂ, ਓਠੀਆਂ (ਗੁਰਦਾਸਪੁਰ)


ਗੁਰਦੁਆਰਾ ਸਾਹਿਬ ਪਾ: ਪੰਜਵੀਂ, ਓਠੀਆਂ (ਗੁਰਦਾਸਪੁਰ)

ਇਹ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਹੈ। ਜਦੋਂ ਗੁਰੂ ਜੀ ਨੇ ਬਾਬਾ ਸ੍ਰੀ ਚੰਦ ਜੀ ਪਾਸੋਂ ਬਾਰਠ ਸਾਹਿਬ ਤੋਂ ਸੰਗਤ ਸਮੇਤ ਚਾਲੇ ਪਾਏ ਤਾਂ ਰਸਤੇ ਵਿੱਚ ਗੁਰੂ ਜੀ ਨੇ ਗੁਰਦੁਆਰਾ ਬੁਰਜ ਸਾਹਿਬ ਵਿਖੇ ਵਿਸ਼ਰਾਮ ਕਰਨ ਉਪਰੰਤ ਇਸ ਜਗ੍ਹਾ 'ਤੇ ਪਿੱਪਲ ਦੇ ਸੁਹਾਵਣੇ ਦਰੱਖ਼ਤ ਹੇਠ ਆਸਣ ਲਾਏ ਸਨ। ਇਥੇ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਗੁਰੂ ਜੀ 8 ਨੁੱਕਰਾਂ ਵਾਲੇ ਖੂਹ ਦੀ ਸੇਵਾ ਕਰਵਾਈ। ਇਥੇ ਇਕ ਖੂਬਸੂਰਤ ਸਰੋਵਰ ਵੀ ਹੈ। ਗੁਰੂ ਜੀ ਦੀ ਕਿਰਪਾ ਸਦਕਾ ਪਵਿੱਤਰ ਖੂਹ ਤੇ ਸਰੋਵਰ ਰਾਹੀਂ ਬੇਅੰਤ ਸੰਗਤਾਂ ਆਪਣੇ ਰੋਗ ਦੂਰ ਕਰਦੀਆਂ ਹਨ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇੱਥੇ ਦਰਬਾਰ ਹਾਲ, ਦਰਸ਼ਨੀ ਡਿਓੜ੍ਹੀ ਤਿਆਰ ਕੀਤੇ ਗਏ ਹਨ। ਇਸ ਤੋਂ ਇਲਾਵਾ ਸਰੋਵਰ ਨੂੰ ਨਵੀਂ ਦਿੱਖ ਦੇਣ ਦੇ ਨਾਲ-ਨਾਲ ਪੁਰਾਤਨ ਪਿੱਪਲ ਤੇ ਖੂਹ ਨੂੰ ਤਿਆਰ ਕਰਕੇ ਸੁੰਦਰ ਦਿੱਖ ਦਿੱਤੀ ਗਈ ਅਤੇ ਲੰਗਰ ਹਾਲ ਦੀ ਨਵੀਂ ਇਮਾਰਤ ਅਤੇ ਰਸੋਈ ਘਰ ਦੀ ਸੇਵਾ ਵੀ ਕੀਤੀ ਗਈ ਹੈ। ਇਸ ਅਸਥਾਨ ਤੇ ਇੱਕ ਏਕੜ 'ਗੁਰੂ ਨਾਨਕ ਯਾਦਗਾਰੀ ਜੰਗਲ' ਵੀ ਲਾਇਆ ਗਿਆ ਹੈ। ਇਸ ਅਸਥਾਨ ਤੇ ਵਿਆਹ ਕਾਰਜਾਂ ਲਈ ਸ਼ੈੱਡ ਦੀ ਸੇਵਾ ਚੱਲ ਰਹੀ ਹੈ।

### 10. ਗੁਰਦੁਆਰਾ ਕੋਠੜੀ ਸਾਹਿਬ, ਬਾਬਾ ਬੁੱਢਾ ਜੀ, ਸ਼ਾਹਪੁਰ ਜਾਜਨ (ਗੁਰਦਾਸਪੁਰ)

ਇਹ ਅਸਥਾਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਤੇ ਉਹਨਾਂ ਦੀ ਅੰਸ-ਬੰਸ ਨਾਲ ਸੰਬੰਧਿਤ ਹੈ। ਬਾਬਾ ਜੀ ਦਿਨ ਸਮੇਂ ਮੱਝਾਂ-ਗਾਂਵਾਂ ਚਾਰਨ ਤੋਂ ਬਾਅਦ ਰਾਤ ਇਸ ਜਗ੍ਹਾ ਉਪਰ ਟਿਕਾਣਾ ਕਰਦੇ ਸਨ। ਇੱਥੇ ਇਕ ਛੋਟੀ ਜਿਹੀ ਕੋਠੜੀ ਸੀ, ਜਿਸ ਵਿੱਚ ਬਾਬਾ ਜੀ ਭਜਨ-ਬੰਦਗੀ ਕਰਦੇ ਸਨ। ਬਾਬਾ ਜੀ ਤੋਂ ਬਾਅਦ ਉਨ੍ਹਾਂ ਦੀ ਅੰਸ ਵਿੱਚ ਸਾਹਿਬ ਰਾਮ ਕੁਇਰ ਗੁਰਬਖਸ਼ ਸਿੰਘ) ਇਥੇ ਆਏ ਅਤੇ ਉਹਨਾਂ ਤੋਂ ਬਾਅਦ ਬਾਬਾ ਜੀ ਦੀ ਬੰਸ ਵਿੱਚੋਂ ਹੀ ਬਾਬਾ ਸ਼ਾਮ ਸਿੰਘ ਨੇ ਇਥੇ ਆ ਕੇ ਇਹ ਸਥਾਨ ਪ੍ਰਗਟ ਕੀਤਾ। ਇਥੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸੁੰਦਰ ਦਰਬਾਰ ਹਾਲ ਤਿਆਰ ਕੀਤਾ ਗਿਆ ਹੈ । ਇਸ ਸਮੇਂ ਸੁਖਆਸਣ ਅਸਥਾਨ , ਦਰਸ਼ਨੀ ਡਿਉੜੀ ਅਤੇ ਲੰਗਰ ਹਾਲ ਦੀ ਸੇਵਾ ਚਲ ਰਹੀ ਹੈ।



ਗੁਰਦੁਆਰਾ ਕੋਠੜੀ ਸਾਹਿਬ, ਬਾਬਾ ਬੁੱਢਾ ਜੀ, ਸ਼ਾਹਪੁਰ ਜਾਜਨ (ਗੁਰਦਾਸਪੁਰ)



ਗੁਰਦੁਆਰਾ ਚੋਲਾ ਸਾਹਿਬ ਪਾ: ਨੌਵੀਂ, ਪਿੰਡ ਕਾਲੇਕੇ (ਅੰਮ੍ਰਿਤਸਰ)

### 11. ਗੁਰਦੁਆਰਾ ਚੋਲਾ ਸਾਹਿਬ ਪਾ: ਨੌਵੀਂ, ਪਿੰਡ ਕਾਲੇਕੇ (ਅੰਮ੍ਰਿਤਸਰ)

ਇਹ ਗੁਰਦੁਆਰਾ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਹੈ। ਗੁਰੂ ਜੀ ਅੰਮ੍ਰਿਤਸਰ ਦੇ ਦਰਸ਼ਨਾਂ ਤੋਂ ਬਾਅਦ ਸੰਗਤਾਂ ਨੂੰ ਗੁਰ- ਉਪਦੇਸ਼ ਦਿੰਦੇ ਹੋਏ ਇਸ ਅਸਥਾਨ 'ਤੇ ਪਹੁੰਚੇ ਸਨ। ਇੱਥੇ ਗੁਰੂ ਜੀ ਨੂੰ ਅਸਚਰਜ ਬੁੱਧੀ ਵਾਲਾ ਨਾਰੂ ਨਾਂ ਦਾ ਬਾਲਕ ਮਿਲਿਆ। ਇਹ ਬਾਲਕ ਗੁਰਬਾਣੀ ਨਾਲ ਜੁੜਿਆ ਹੋਇਆ ਅਤੇ ਸਦਗੁਣਾਂ ਨਾਲ ਭਰਪੂਰ ਸੀ। ਨੌਵੇਂ ਗੁਰੂ ਜੀ ਬਾਲਕ ਨੂੰ ਆਪਣੇ ਨਾਲ ਲੈ ਗਏ ਤੇ ਇਹ ਗੁਰੂ ਜੀ ਦੀ ਸ਼ਹਾਦਤ ਤੱਕ ਉਨ੍ਹਾਂ ਦੇ ਨਾਲ ਰਿਹਾ, ਇਸ ਤੋਂ ਉਪਰੰਤ ਉਹ ਗੁਰੂ ਗੋਬਿੰਦ ਸਿੰਘ ਜੀ ਪਾਸ ਆ ਕੇ ਅੰਮ੍ਰਿਤਧਾਰੀ ਸਿੱਖ ਨਰ ਸਿੰਘ ਬਣਿਆ। ਇਸ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਇਸ ਨੂੰ ਦੋ ਬਖਸ਼ਿਸ਼ਾਂ-ਤਨ ਦਾ ਚੋਲਾ ਅਤੇ ਤੀਰ ਦੀ ਮੁਖੀ ਨਾਲ ਦਸਤਖ਼ਤ ਦਿੱਤੀਆ, ਜੋ ਅੱਜ ਵੀ ਇਸ ਅਸਥਾਨ ਵਿਖੇ ਮੌਜੂਦ ਹੈ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਥੇ ਆਲੀਸ਼ਾਨ ਦਰਬਾਰ ਹਾਲ, ਸਰੋਵਰ ਤੇ ਚਾਰ-ਦੀਵਾਰੀ ਦੀ ਸੇਵਾ ਕੀਤੀ ਗਈ। ਇਸ ਅਸਥਾਨ ਤੇ ਪੁਰਾਤਨ ਖੂਹ ਦੀ ਸੇਵਾ ਚੱਲ ਰਹੀ ਹੈ।



ਗੁਰਦੁਆਰਾ ਸਤਲਾਣੀ ਸਾਹਿਬ ਪਾ: ਛੇਵੀਂ, ਅੰਮ੍ਰਿਤਸਰ

### 12. ਗੁਰਦੁਆਰਾ ਸਤਲਾਣੀ ਸਾਹਿਬ ਪਾ: ਛੇਵੀਂ, ਅੰਮ੍ਰਿਤਸਰ

ਇਹ ਪਾਵਨ ਅਸਥਾਨ ਅੰਮ੍ਰਿਤਸਰ-ਅਟਾਰੀ ਰੋਡ ਤੋਂ 3 ਕਿ. ਮੀ. ਦੀ ਦੂਰੀ 'ਤੇ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨਵੰਬਰ 1621 ਈ. ਨੂੰ ਪਿੰਡ ਭੜ੍ਹਾਣਾ ਦੇ ਰਸਤੇ ਤੋਂ ਹੁੰਦੇ ਹੋਏ ਇਸ ਅਸਥਾਨ 'ਤੇ ਪਹੁੰਚੇ ਤੇ ਬਾਹਰਵਾਰ ਹੀ ਪੜਾਅ ਕੀਤਾ। ਪ੍ਰਮੁੱਖ ਸਿੱਖ ਤੇ ਬੀਬੀ ਕੌਲਾਂ ਜੀ ਆਪ ਦੇ ਨਾਲ ਸਨ। ਗੁਰੂ ਜੀ ਨੇ ਆਪਣਾ ਘੋੜਾ ਪਲਾਹ ਦੇ ਦਰੱਖ਼ਤ ਨਾਲ ਬੰਨ੍ਹਿਆ ਤੇ ਆਪ ਪਿੱਪਲ ਦੇ ਦਰੱਖ਼ਤ ਹੇਠਾਂ ਵਿਸ਼ਰਾਮ ਕੀਤਾ ਸੀ। ਇਥੇ ਪਾਣੀ ਦੀ ਕਮੀ ਸੀ ਤੇ ਇਕ ਹੀ ਢਾਬ ਸੀ ਜੋ ਪਸ਼ੂਆਂ ਦੁਆਰਾ ਮਲੀਨ ਕੀਤੀ ਹੋਈ ਸੀ। ਗੁਰੂ ਜੀ ਨੇ ਕਿਰਪਾ ਕਰਕੇ ਇਸ ਢਾਬ ਨੂੰ ਪਵਿੱਤਰ ਕੀਤਾ ਤੇ ਵਰ ਦਿੱਤਾ ਕਿ ਇੱਥੇ ਇਸ਼ਨਾਨ ਕਰਨ ਨਾਲ ਰੋਗੀਆਂ ਦੇ ਰੋਗ ਦੂਰ ਹੋਣਗੇ। ਇਥੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਗੁਰਦੁਆਰਾ ਸਾਹਿਬ ਲਈ ਦਫ਼ਤਰ ਅਤੇ ਬਾਥਰੂਮ ਬਣਾਏ ਗਏ ਹਨ। ਇਸ ਤੋਂ ਇਲਾਵਾ ਸਰੋਵਰ ਦੇ ਬਰਾਂਡਿਆਂ, ਪਰਿਕਰਮਾਂ, ਚਾਰਦਵਾਰੀ, ਦਰਸ਼ਨੀ ਦਰਵਾਜੇ ਅਤੇ ਅਖੰਡ ਪਾਠ ਸਾਹਿਬ ਦੇ ਕਮਰਿਆਂ ਦੀ ਸੇਵਾ ਚੱਲ ਰਹੀ ਹੈ। ਇਸ ਦੇ ਨਾਲ ਹੀ ਇਸ ਅਸਥਾਨ ਉਪਰ ਕੁਦਰਤੀ ਜੀਵਾਂ ਦਾ ਰੈਣ-ਬਸੇਰਾ ਅਤੇ ਕੁਦਰਤ ਦੀ ਸੰਭਾਲ ਕਰਦਾ 'ਗੁਰੂ ਨਾਨਕ ਯਾਦਗਾਰੀ ਜੰਗਲ ਵੀ ਲਗਵਾਇਆ ਗਿਆ ਹੈ।



ਗੁਰਦੁਆਰਾ ਬਾਉਲੀ ਸਾਹਿਬ, ਨਡਾਲਾ (ਕਪੂਰਥਲਾ)

### 13. ਗੁਰਦੁਆਰਾ ਬਾਉਲੀ ਸਾਹਿਬ, ਨਡਾਲਾ (ਕਪੂਰਥਲਾ)

ਗੁਰਦੁਆਰਾ ਬਾਉਲੀ ਸਾਹਿਬ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਹੈ। ਗੁਰੂ ਜੀ ਕਰਤਾਰਪੁਰ ਦੀ ਚੌਥੀ ਜੰਗ ਤੋਂ ਪਹਿਲਾਂ ਭਾਦਰੋਂ ਮਹੀਨੇ ਦੇ ਚੁਮਾਸੇ ਕੱਟਣ ਤੋਂ ਬਾਅਦ ਸ੍ਰੀ ਹਰਿਗੋਬਿੰਦਪੁਰ ਤੋਂ ਕਰਤਾਰਪੁਰ ਜਾਂਦੇ ਸਮੇਂ ਦੋ ਦਿਨ ਤੇ ਤਿੰਨ ਰਾਤਾਂ ਇਸ ਅਸਥਾਨ ਉੱਪਰ ਠਹਿਰੇ ਸਨ। ਗੁਰੂ ਜੀ ਨੇ ਪਿੰਡ ਦੇ ਬਾਹਰਵਾਰ ਉੱਚੀ ਥਾਂ 'ਤੇ ਡੇਰਾ ਲਾਇਆ, ਓਥੇ ਅੱਜਕਲ੍ਹ ਗੁਰਦੁਆਰਾ ਤੰਬੂ ਸਾਹਿਬ ਬਣਿਆ ਹੋਇਆ। ਹੈ। ਗੁਰੂ ਜੀ ਦੀਆਂ ਫੌਜਾਂ ਨੇ ਥੋੜ੍ਹੀ ਦੂਰ ਖੂਹ ਦੇ ਕੋਲ ਟਿਕਾਣਾ ਕੀਤਾ ਸੀ, ਇਸ ਅਸਥਾਨ 'ਤੇ ਗੁਰਦੁਆਰਾ ਬਾਉਲੀ ਸਾਹਿਬ ਬਣਿਆ ਹੈ। ਇਥੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਬਾਰ ਹਾਲ ਤੇ ਦਰਸ਼ਨੀ ਡਿਓੜੀ ਦੀ ਸੇਵਾ ਕਰਨ ਦੇ ਨਾਲ-ਨਾਲ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਲੰਗਰ ਹਾਲ, ਦਰਸ਼ਨੀ ਡਿਓੜੀ, ਪਾਣੀ ਵਾਲੀ ਟੈਂਕੀ ਅਤੇ ਸੁੰਦਰ ਦਰਬਾਰ ਹਾਲ ਦੀ ਇਮਾਰਤ ਤਿਆਰ ਕੀਤੀ ਗਈ ਹੈ। ਇਸ ਸਮੇਂ ਲੰਗਰ ਹਾਲ ਦੀਆ ਗੁੰਮਟੀਆਂ ਅਤੇ ਸਰਾਂ ਦੀ ਸੇਵਾ ਚੱਲ ਰਹੀ ਹੈ।

## 14. ਗੁਰਦੁਆਰਾ ਨਿਵਾਸ ਅਤੇ ਵਿਆਹ ਅਸਥਾਨ ਮਾਤਾ ਗੁਜਰੀ ਜੀ, ਕਰਤਾਰਪੁਰ ਸਾਹਿਬ (ਜਲੰਧਰ)

ਇਹ ਪਾਵਨ ਅਸਥਾਨ ਭਾਈ ਲਾਲ ਚੰਦ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ (ਮਾਤਾ ਗੁਜਰ ਕੌਰ ਜੀ) ਅਤੇ (ਗੁਰੂ) ਤੇਗ ਬਹਾਦਰ ਜੀ ਦੇ ਵਿਆਹ ਦੀ ਯਾਦ ਵਿੱਚ ਸੁਸ਼ੋਭਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿੱਚ 1632 ਈ: ਨੂੰ (ਗੁਰੂ) ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦਾ ਵਿਆਹ ਸ੍ਰੀ ਕਰਤਾਰਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੋਇਆ ਸੀ। ਇਸ ਅਸਥਾਨ 'ਤੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸੁੰਦਰ ਦਰਬਾਰ ਹਾਲ ਦੀ ਸੇਵਾ ਕੀਤੀ ਗਈ ਅਤੇ ਇਸ ਨੂੰ ਵਿਸਥਾਰ ਦੇਣ ਲਈ ਅੱਗੇ ਸੇਵਾ ਚੱਲ ਰਹੀ ਹੈ।


ਗੁਰਦੁਆਰਾ ਨਿਵਾਸ ਅਤੇ ਵਿਆਹ ਅਸਥਾਨ ਮਾਤਾ ਗੁਜਰੀ ਜੀ, ਕਰਤਾਰਪੁਰ ਸਾਹਿਬ (ਜਲੰਧਰ)



ਗੁਰਦੁਆਰਾ ਗੰਗਸਰ ਸਾਹਿਬ ਪਾ: ਪੰਜਵੀਂ ਤੇ ਛੇਵੀਂ, ਕਰਤਾਰਪੁਰ (ਜਲੰਧਰ)

## 15. ਗੁਰਦੁਆਰਾ ਗੰਗਸਰ ਸਾਹਿਬ ਪਾ: ਪੰਜਵੀਂ ਤੇ ਛੇਵੀਂ, ਕਰਤਾਰਪੁਰ (ਜਲੰਧਰ)

ਇਹ ਗੁਰਦੁਆਰਾ ਸ਼ਹਿਰ ਤੋਂ ਪੂਰਬ ਵਾਲੇ ਪਾਸੇ ਅੱਧਾ ਕਿਲੋਮੀਟਰ 'ਤੇ ਬਣਿਆ ਹੋਇਆ ਹੈ। ਇਸ ਅਸਥਾਨ 'ਤੇ ਗੁਰੂ ਅਰਜਨ ਦੇਵ ਜੀ ਨੇ 1598 ਈ: ਨੂੰ ਇਕ ਖੂਹ ਬਣਵਾਇਆ, ਜਿਸ ਦਾ ਮਹੱਤਵ ਗੰਗਾ ਦੇ ਸਮਾਨ ਹੋਣ ਕਾਰਨ ਇਸ ਦਾ ਨਾਮ ਗੰਗਸਰ ਪੈ ਗਿਆ। ਇਸ ਖੂਹ ਦੇ ਨਾਲ ਹੀ ਮੰਜੀ ਸਾਹਿਬ ਬਣਿਆ ਹੈ, ਜਿੱਥੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਿਰਾਜ ਕੇ ਸੰਗਤਾਂ ਨੂੰ ਉਪਦੇਸ਼ ਦਿੰਦੇ ਤੇ ਨਿਵਾਜਦੇ ਸਨ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਸ ਅਸਥਾਨ ਤੇ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਕਰਵਾਈ ਗਈ ਅਤੇ ਦਰਸ਼ਨੀ ਡਿਉੜੀ ਦੀ ਸੇਵਾ ਚੱਲ ਰਹੀ ਹੈ।

## 16. ਗੁਰਦੁਆਰਾ ਗੁਰੂਸਰ ਜਲਾਲ ਪਾ. ਦਸਵੀਂ, ਬਠਿੰਡਾ

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਦੀਨਾ ਕਾਂਗੜ ਤੋਂ ਚੱਲਣ ਪਿੱਛੋਂ ਹੋਰਨਾਂ ਥਾਵਾਂ ਤੋਂ ਹੁੰਦੇ ਹੋਏ ਇਸ ਅਸਥਾਨ 'ਤੇ ਪਹੁੰਚੇ ਸਨ ਤੇ ਫਿਰ ਇਥੋਂ ਅੱਗੇ ਕੋਟਕਪੂਰੇ ਨੂੰ ਗਏ ਸਨ। ਜਿਸ ਜੰਡ ਦੇ ਦਰੱਖ਼ਤ ਨਾਲ ਗੁਰੂ ਜੀ ਨੇ ਘੋੜੇ ਬੰਨ੍ਹੇ ਸਨ, ਉਹ ਅੱਜ ਵੀ ਮੌਜੂਦ ਹੈ। ਇਸ ਅਸਥਾਨ 'ਤੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਦਰਬਾਰ ਹਾਲ, ਲੰਗਰ ਹਾਲ ਤੇ ਸਰੋਵਰ ਤਿਆਰ ਕੀਤੇ ਗਏ । ਇਸ ਸਮੇਂ ਦਰਸ਼ਨੀ ਡਿਓੜੀ , ਸੰਗਤਾਂ ਦੀ ਸਹੂਲਤ ਲਈ ਬਾਥਰੂਮ ਅਤੇ ਚਾਰ ਦੀਵਾਰੀ ਦੀ ਸੇਵਾ ਚੱਲ ਰਹੀ ਹੈ। ਇਸ ਅਸਥਾਨ 'ਤੇ ਮਾਘੀ ਦਾ ਮੇਲਾ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਜਾਂਦਾ ਹੈ।


ਗੁਰਦੁਆਰਾ ਗੁਰੂਸਰ ਜਲਾਲ ਪਾ. ਦਸਵੀਂ, ਬਠਿੰਡਾ


ਗੁਰਦੁਆਰਾ ਗੁੰਗਸਰ ਸਾਹਿਬ ਪਾ: ਦਸਵੀਂ, ਕੋਠਾ ਗੁਰੂ ਕਾ (ਬਠਿੰਡਾ)

## 17. ਗੁਰਦੁਆਰਾ ਗੁੰਗਸਰ ਸਾਹਿਬ ਪਾ: ਦਸਵੀਂ, ਕੋਠਾ ਗੁਰੂ ਕਾ (ਬਠਿੰਡਾ)

ਇਸ ਪਾਵਨ ਅਸਥਾਨ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਪਾ ਕੇ ਪਵਿੱਤਰ ਕੀਤਾ ਅਤੇ ਇਕ ਗੁੰਗੇ ਬਾਲਕ ਨੂੰ ਜ਼ੁਬਾਨ ਬਖਸ਼ੀ ਸੀ। ਇਸ ਪਿੰਡ ਦਾ ਪਹਿਲਾ ਨਾਂ ਕੋਠਾ ਸੋਢੀਆਂ ਦਾ ਸੀ ਪਰ ਗੁਰੂ ਜੀ ਨੇ ਬਚਨ ਕਰਕੇ ਇਸ ਨਗਰ ਦਾ ਨਾਮ 'ਕੋਠਾ ਗੁਰੂ ਕਾ' ਰੱਖ ਦਿੱਤਾ। ਇਹ ਗੁਰਦੁਆਰਾ ਨਥਾਣਾ ਰੋਡ 'ਤੇ ਸਥਿਤ ਹੈ। ਇੱਥੇ ਅੱਜ ਵੀ ਦਸ਼ਮੇਸ਼ ਪਿਤਾ ਜੀ ਦੀ ਕਿਰਪਾ ਸਦਕਾ ਅਨੇਕਾਂ ਗੁੰਗੇ ਬੱਚਿਆਂ ਨੂੰ ਜ਼ੁਬਾਨ ਮਿਲਦੀ ਹੈ । ਹਰ ਮੱਸਿਆ ਤੇ ਇਸ ਅਸਥਾਨ ਉਪਰ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ। ਇਸ ਅਸਥਾਨ ਵਿਖੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸੁੰਦਰ ਦਰਬਾਰ ਹਾਲ, ਸਰੋਵਰ, ਸਰੋਵਰ ਦੀ ਚਾਰ-ਦੀਵਾਰੀ ਅਤੇ ਪਰਿਕਰਮਾ ਦੀ ਸੇਵਾ ਕਰਵਾਈ ਗਈ। ਇਸ ਤੋਂ ਇਲਾਵਾ ਲੰਗਰ ਹਾਲ ਅਤੇ ਸਰਾਂ ਦੀ ਸੇਵਾ ਚੱਲ ਰਹੀ ਹੈ।

## 18. ਗੁਰਦੁਆਰਾ ਦਾਤਾ ਬੰਦੀ-ਛੋੜ ਕਿਲ੍ਹਾ ਗਵਾਲੀਅਰ, ਪਾ: ਛੇਵੀਂ (ਮੱਧ-ਪ੍ਰਦੇਸ਼)


ਗੁਰਦੁਆਰਾ ਦਾਤਾ ਬੰਦੀ-ਛੋੜ ਕਿਲ੍ਹਾ ਗਵਾਲੀਅਰ, ਪਾ: ਛੇਵੀਂ (ਮੱਧ-ਪ੍ਰਦੇਸ਼)

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਇਹ ਅਸਥਾਨ ਗਵਾਲੀਅਰ ਦੇ ਕਿਲ੍ਹੇ 'ਤੇ ਸਥਿਤ ਹੈ। ਮੀਰੀ-ਪੀਰੀ ਦੇ ਮਾਲਕ ਗੁਰੂ ਜੀ ਨੇ ਇਸ ਕਿਲ੍ਹੇ ਵਿੱਚੋਂ ਜਹਾਂਗੀਰ ਦੁਆਰਾ ਕੈਦ ਕੀਤੇ 52 ਰਾਜਿਆਂ ਨੂੰ ਰਿਹਾਅ ਕਰਵਾਇਆ ਸੀ, ਜਿਸ ਤੋਂ ਬਾਅਦ ਗੁਰੂ ਜੀ ਨੂੰ 'ਦਾਤਾ ਬੰਦੀ ਛੋੜ' ਦੇ ਨਾਮ ਨਾਲ ਸਤਿਕਾਰਿਆ ਜਾਣ ਲੱਗਾ। ਗੁਰੂ ਜੀ ਅੱਸੂ ਦੇ ਮਹੀਨੇ ਇੱਥੋਂ ਤੁਰੇ ਸਨ ਜਿਸ ਕਰਕੇ ਹਰ ਸਾਲ ਅੱਸੂ ਮਹੀਨੇ ਦੀ ਮੱਸਿਆ 'ਤੇ ਸਾਲਾਨਾ ਜੋੜ-ਮੇਲਾ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਪਾਵਨ ਅਸਥਾਨ ਦੀ ਨਿਸ਼ਾਨਦੇਹੀ ਕਰਕੇ ਕਾਰ ਸੇਵਾ ਖਡੂਰ ਸਾਹਿਬ ਦੁਆਰਾ ਸੰਗਤਾਂ ਦੇ ਸਹਿਯੋਗ ਨਾਲ ਛੇ ਮੰਜਲਾਂ ਆਲੀਸ਼ਾਨ ਦਰਬਾਰ, ਸਰਾਵਾਂ, ਦੀਵਾਨ ਹਾਲ, ਮਿਊਜ਼ੀਅਮ, ਦਰਸ਼ਨੀ ਡਿਉਢੀ ਅਤੇ ਲੰਗਰ ਹਾਲ ਤਿਆਰ ਕੀਤੇ ਗਏ ਹਨ। ਇਸ ਤੋਂ ਇਲਾਵਾ ਬਾਬਾ ਬੁੱਢਾ ਜੀ ਯਾਤਰੀ ਨਿਵਾਸ ਦੀ ਸੇਵਾ ਉਸਾਰੀ ਅਧੀਨ ਹੈ ਅਤੇ ਲੰਗਰ ਦੀ ਨਵੀਂ ਇਮਾਰਤ ਉਸਾਰੀ ਲਈ ਕਾਰਵਾਈ ਆਰੰਭ ਕੀਤੀ ਗਈ ਹੈ।

## 19. ਗੁਰਦੁਆਰਾ ਗੁਰੂ ਨਾਨਕ ਫੂਲਬਾਗ ਲਸ਼ਕਰ ਗਵਾਲੀਅਰ (ਮੱਧ ਪ੍ਰਦੇਸ਼)


ਗੁਰਦੁਆਰਾ ਗੁਰੂ ਨਾਨਕ ਫੂਲਬਾਗ ਲਸ਼ਕਰ ਗਵਾਲੀਅਰ (ਮੱਧ ਪ੍ਰਦੇਸ਼)

ਇਸ ਗੁਰਦੁਆਰੇ ਦਾ ਨੀਂਹ ਪੱਥਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੰਦੀ ਛੋੜ ਦਾਤਾ ਜੋ ਛੇਵੀਂ ਪਾਤਸ਼ਾਹੀ ਮੀਰੀ ਪੀਰੀ ਦੇ ਮਾਲਿਕ ਸਨ ਅਤੇ ਜਿੰਨਾਂ ਦਾ ਅਸਥਾਨ ਕਿਲ੍ਹੇ ਗਵਾਲੀਅਰ ਉੱਪਰ ਹੈ ਉਹਨਾਂ ਦੀ ਯਾਦਗਰ ਵਾਸਤੇ ਸੰਨ 1919 ਵਿੱਚ ਮਹਾਰਾਜਾ ਮਾਧਵਰਾਵ ਸਿੰਧੀਆ ਦੀ ਮੌਜੂਦਗੀ ਵਿੱਚ ਰੱਖਿਆ ਤੇ ਸੰਨ 1921 ਵਿੱਚ ਬਣ ਕੇ ਤਿਆਰ ਹੋਇਆ ਤੇ ਸੰਗਤਾਂ ਦੇ ਸਪੁਰਦ ਕੀਤਾ ।ਇਸ ਅਸਥਾਨ ਨੂੰ  ਅਪ੍ਰੈਲ 2025 ਵਿੱਚ 105 ਸਾਲ ਪੂਰੇ ਹੋਏ ਹਨ। ਇਹ ਗੁਰੂਘਰ ਗੁ. ਦਾਤਾ ਬੰਦੀ ਛੋੜ ਕਿਲ੍ਹਾ ਗਵਾਲੀਅਰ ਤੋਂ ਤਕਰੀਬਨ 4 ਕਿਲੋਮੀਟਰ ਅਤੇ ਰੇਲਵੇ ਸਟੇਸ਼ਨ ਤੋਂ ਵੀ 4 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ । ਸ਼ਹਿਰ ਦੇ ਵਿਚਕਾਰ ਹੋਣ ਕਾਰਨ ਇੱਥੇ ਸੰਗਤਾਂ ਦੀ ਕਾਫ਼ੀ ਆਵਾਜਾਈ ਰਹਿੰਦੀ ਹੈ ।ਇਸ ਅਸਥਾਨ ਦੀ ਸੇਵਾ ਕਾਰ ਸੇਵਾ ਖਡੂਰ ਸਾਹਿਬ ਦੇ ਮੌਜੂਦਾ ਮੁਖੀ ਬਾਬਾ ਸੇਵਾ ਸਿੰਘ ਜੀ ਕਰਵਾ ਰਹੇ ਹਨ। ਸੰਗਤਾਂ ਦੀ ਸਹੂਲਤ ਵਾਸਤੇ ਇਕ ਆਲੀਸ਼ਾਨ ਬਿਲਡਿੰਗ ਜਿਸ ਵਿੱਚ ਕਾਰ ਪਾਰਕਿੰਗ, ਲੰਗਰ ਹਾਲ, ਦੀਵਾਨ ਹਾਲ ਇਕ ਹਾਲ ਤੇ ਸੰਗਤ ਦੇ ਠਹਿਰਨ ਲਈ ਸਰਾਂ ਦਾ ਵੀ ਪ੍ਰਬੰਧ ਹੈ । ਇਸ ਅਸਥਾਨ ਦਾ ਪ੍ਰਬੰਧ ਲੋਕਲ ਕਮੇਟੀ ਦੇ ਸਹਿਯੋਗ ਨਾਲ ਕਾਰ ਸੇਵਾ ਗੁਰਦਆਰਾ ਦਾਤਾ ਬੰਦੀ ਛੋੜ ਵੱਲੋਂ ਕੀਤਾ ਜਾ ਰਿਹਾ ਹੈ। ਕਾਰ ਸੇਵਾ ਦੇ ਕਾਰਜ ਰਾਹੀਂ ਖੁੱਲ੍ਹਾ ਖੂਬਸੂਰਤ ਦੀਵਾਨ ਹਾਲ ਤੇ ਲੰਗਰ ਹਾਲ ਸੰਪੂਰਨ ਹੋ ਚੁੱਕਾ ਹੈ ਤੇ ਦਰਬਾਰ ਦੀ ਸੇਵਾ ਚੱਲ ਰਹੀ ਹੈ।

## 20. ਗੁਰਦੁਆਰਾ ਚਰਨ ਕਮਲ ਸਾਹਿਬ ਪਾ: ਦਸਵੀਂ, ਨਰੈਣਾ, ਜੈਪੁਰ (ਰਾਜਸਥਾਨ)


ਗੁਰਦੁਆਰਾ ਚਰਨ ਕਮਲ ਸਾਹਿਬ ਪਾ: ਦਸਵੀਂ, ਨਰੈਣਾ, ਜੈਪੁਰ (ਰਾਜਸਥਾਨ)

ਇਹ ਪਾਵਨ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ, ਜਿੱਥੇ ਗੁਰੂ ਜੀ ਤਲਵੰਡੀ ਸਾਬੋਂ (ਪੰਜਾਬ) ਤੋਂ ਹਜ਼ੂਰ ਸਾਹਿਬ(ਨੰਦੇੜ) ਨੂੰ ਜਾਂਦੇ ਹੋਏ ਦਾਦੂ ਸੰਪਰਦਾਇ ਦੇ ਮਹੰਤ ਜੈਤ ਰਾਮ ਜੀ ਦੀ ਬੇਨਤੀ ਮੰਨ ਕੇ 13 ਦਿਨ ਠਹਿਰੇ ਸਨ ।ਇਤਿਹਾਸਕ ਰਿਵਾਇਤ ਅਨੁਸਾਰ ਗੁਰੂ ਜੀ ਨੇ ਸਿੱਖਾਂ ਦੀ ਪ੍ਰੀਖਿਆ ਲੈਣ ਲਈ ਦਾਦੂ ਜੀ ਦੀ ਸਮਾਧ 'ਤੇ ਤੀਰ ਝੁਕਾਇਆ ਸੀ, ਜਿਸ 'ਤੇ ਗੁਰੂ ਜੀ ਨੇ ਪੰਜਾ ਸਿੱਖਾਂ ਪਾਸੋਂ ਤਨਖਾਹ ਲਗਵਾਉਣ ਦਾ ਕੌਤਕ ਕੀਤਾ। ਇਸ ਅਸਥਾਨ 'ਤੇ ਮਾਰਚ ਮਹੀਨੇ ਦੇ ਆਖਰੀ ਐਤਵਾਰ ਸੰਗਤਾਂ ਦੇ ਸਹਿਯੋਗ ਨਾਲ ਭਾਰੀ ਜੋੜ-ਮੇਲਾ ਲੱਗਦਾ ਹੈ। ਕਾਰ ਸੇਵਾ ਖਡੂਰ ਸਾਹਿਬ ਵੱਲੋਂ ਇਸ ਅਸਥਾਨ ਉਪਰ ਸੁੰਦਰ ਦਰਬਾਰ ਹਾਲ, ਖੁੱਲ੍ਹਾ ਬਰਾਂਡਾ, ਸਰਾਂ ਤੇ ਲੰਗਰ ਹਾਲ ਦੀ ਸੇਵਾ ਕੀਤੀ ਗਈ। 27 ਮਾਰਚ 2022 ਨੂੰ ਵੱਖ-ਵੱਖ ਪੰਜ ਇਤਿਹਾਸਿਕ ਅਸਥਾਨਾਂ ਤੋਂ ਜਲ ਲਿਆ ਕੇ ਗੁਰਦੁਆਰਾ ਸਾਹਿਬ ਦੇ ਤਿਆਰ ਕੀਤੇ ਨਵੇਂ ਸਰੋਵਰ ਵਿੱਚ ਪਾ ਕੇ ਸਰੋਵਰ ਦੀ ਅਰੰਭਤਾ ਕੀਤੀ ਗਈ। 2019 ਵਿੱਚ ਇੱਥੇ 'ਗੁਰੂ ਗੋਬਿੰਦ ਸਿੰਘ ਜੀ ਅਜਾਇਬ ਘਰ  ਵੀ ਬਣਾਇਆ ਗਿਆ, ਜਿਸਦੀ ਉਸਾਰੀ ਵਿੱਚ ਰਾਜਸਥਾਨ ਦੀ ਸਰਕਾਰ ਨੇ ਵੀ ਯੋਗਦਾਨ ਦਿੱਤਾ। ਇਸ ਤੋਂ ਇਲਾਵਾ ਸਰੋਵਰ ਦੇ ਬਰਾਂਡਿਆਂ, ਪਰਿਕਰਮਾ ਦੇ ਪੱਥਰ ਅਤੇ ਯਾਤਰੀ ਨਿਵਾਸ ਦੀ ਸੇਵਾ ਚੱਲ ਰਹੀ ਹੈ।



ਬਾਗ਼ ਦਾ ਦ੍ਰਿਸ਼-੧

## ਬਾਗ਼ ਦੀ ਮਹੱਤਤਾ

ਖੁਸ਼ਹਾਲੀ ਅਤੇ ਹਰਿਆਲੀ ਦਾ ਪ੍ਰਤੀਕ ਹੈ ਬਾਗ਼ ।
ਜੀਵ-ਜੰਤੂਆਂ ਦੀ ਮਾਂ ਹੈ ਬਾਗ਼ ।
ਵਡ-ਵਡੇਰਿਆ ਦੀ ਯਾਦ ਹੈ ਬਾਗ਼ ।
ਪ੍ਰਦੂਸ਼ਣ ਪੁਰ ਕਾਬੂ ਪਾਉਂਦਾ ਹੈ ਬਾਗ਼
ਬਾਗ਼ ਵਿੱਚ ਆਈਏ ਤਾਂ ਬਾਗੋ ਬਾਗ ਹੋ ਜਾਈਦਾ ਹੈ ।
ਲਾਈਏ ਬਾਗ਼ ਤਾਂ ਮਾਲੋ-ਮਾਲ ਹੋ ਜਾਈਦਾ ਹੈ ।
ਲਗਾਈਏ ਬਾਗ਼ ਤਾਂ ਮਾਨ ਸਤਿਕਾਰ ਪਾਈਦਾ ਹੈ ।
ਬਚਾਈਏ ਬਾਗ਼ ਤਾਂ ਪ੍ਰਦੂਸ਼ਣ ਘਟਾਈਦਾ ਹੈ ।

## ਬਾਗ਼ ਦੀ ਹਾਲਤ

ਬਾਗ਼ ਮੁੱਕਦੇ ਜਾਂਦੇ ਨੇ, ਮੋਰ ਉੱਡਦੇ ਜਾਂਦੇ ਨੇ ।
ਕੋਇਲ ਸਹਿਮੀ ਜਾਂਦੀ ਹੈ, ਰਾਗ ਮੁੱਕਦੇ ਜਾਂਦੇ ਨੇ ।
ਆਸ ਕਰਕੇ ਆਉਂਦੇ ਜੋ, ਉਹ ਨਿਰਾਸ ਹੋ ਕੇ ਜਾਂਦੇ ਨੇ,
ਹਰਿਆਲੀ ਖੁਸ਼ਹਾਲੀ ਮੁੱਕਦੀ ਜਾਂਦੀ ਹੈ, ਤਾਪ ਵਧਦੇ ਜਾਂਦੇ ਨੇ ।
ਰਸਾਇਣਾਂ ਦੀ ਵਰਤੋਂ ਵੱਧਦੀ ਜਾਂਦੀ ਹੈ, ਰੋਗ ਵਧਦੇ ਜਾਂਦੇ ਨੇ ।
ਬਾਗ਼ ਕੱਟੀ ਜਾਂਦੇ ਨੇ, ਪ੍ਰਦੂਸ਼ਣ ਵਧਾਈ ਜਾਂਦੇ ਨੇ ।

## ਬਾਗ਼ ਲਾਉਣ ਹਿੱਤ ਸੇਧ

ਗੁਰੂ ਕਾਲ ਅੰਦਰ ਗੁਰੂ ਸਾਹਿਬਾਨਾਂ ਲਾਏ ਬਾਗ ।
ਰਾਜ ਕਾਲ ਅੰਦਰ ਰਾਜੇ ਮਹਾਂਰਾਜਿਆਂ ਲਗਵਾਏ ਬਾਗ਼ ।
ਬੁੱਧੀ ਜੀਵਾਂ ਨੇ ਸੇਧਾਂ ਦੇ ਕੇ ਲਗਵਾਏ ਬਾਗ਼ ।
ਅਜੋਕੇ ਸਮੇਂ ਅੰਦਰ ਲਾਉਂਦੇ ਤੇ ਬਚਾਉਂਦੇ ਬਾਗ਼ ।
ਲਾਈਏ ਬਾਗ ਬਹੁਤ ਲਾਭ ਉਠਾਈਏ,
ਲਾਕੇ ਬਾਗ ਖੇਤੀ ਅੰਦਰ ਬਦਲਾਵ ਲਿਆਈਏ ।
ਰੁੱਸੇ ਪੰਛੀ ਵਾਪਸ ਆਉਣ, ਰਲ ਖੁਸ਼ੀ ਮਨਾਈਏ,
ਲਾ ਕੇ ਬਾਗ਼ ਪ੍ਰਦੂਸ਼ਣ ਘਟਾਉਣ 'ਚ ਹਿੱਸਾ ਪਾਈਏ ।

**ਸੂਬੇਦਾਰ ਬਲਬੀਰ ਸਿੰਘ**
ਨਿਸ਼ਾਨ-ਏ-ਸਿੱਖੀ, ਕਾਰ ਸੇਵਾ ਖਡੂਰ ਸਾਹਿਬ



ਬਾਗ਼ ਦਾ ਦ੍ਰਿਸ਼-੨

# ਨਗਰ ਖਡੂਰ ਸਾਹਿਬ ਦੀ ਸਿਫ਼ਤ



ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਖਡੂਰ ਸਾਹਿਬ

ਓ ਧਰਤੀ ਹੈ ਪੰਜਾਬ ਦੀ,
ਮਾਝਾ ਇਲਾਕਾ ਬੜਾ ਮਸ਼ਹੂਰ।
ਜਿੱਥੇ ਤਰਨ-ਤਾਰਨ ਦੇ ਕੋਲ ਜੀ,
ਇੱਕ ਨਗਰ ਵਸੇ ਖਡੂਰ।
ਐਨੂੰ ਅੱਠਾਂ ਗੁਰਾਂ ਦੀ ਚਰਨ ਛੂਹ,
ਏ ਧਰਤੀ ਬੜੀ ਨਿਹਾਲ।
ਇੱਥੇ ਆਪ ਹੈ ਡੇਰਾ ਲਾ ਗਿਆ,
ਉਹ ਆਦਿ ਪੁਰਖ ਅਕਾਲ।
ਬਹਿੰਦਾ ਵਿੱਚ ਸੰਗਤ ਹਮੇਸ਼ਾਂ,
ਜੀ ਉਹ ਕਦੇ ਨਾਂ ਹੁੰਦਾ ਦੂਰ।
ਇੱਥੇ ਤਰਨ-ਤਾਰਨ ਦੇ ਕੋਲ ਜੀ,
ਇੱਕ ਨਗਰ ਵਸੇ ਖਡੂਰ।

ਗੁਰਾਂ ਨੇ ਇੱਥੇ ਆਣ ਸੁਆਰਿਆ,
ਜੀ ਜੋ ਸਮਾਂ ਚਲੇ ਖ਼ਰਾਬ।
ਪਹਿਲੇ ਪਾਤਿਸ਼ਾਹ ਬੈਠੇ ਆਣ ਕੇ,
ਤੇ ਵਜਦੀ ਸੁਣੇ ਰਬਾਬ।
ਇਸ ਨਗਰ ਆਣ ਬੈਠਾ,
ਕਰ ਹੰਕਾਰ ਕਈਆਂ ਦਾ ਦੂਰ।
ਇੱਥੇ ਤਰਨ ਤਾਰਨ....................

ਦੂਜੇ ਪਾਤਿਸ਼ਾਹ ਨਗਰ ਵਸਾਇਆ,
ਤੇ ਕਿਆ ਜਸ ਉਹਨਾ ਦਾ ਕਹਿਣਾ।
ਉਹ ਅੰਗ ਗੁਰੂ ਦਾ ਬਣ ਗਿਆ,
ਪਹਿਲਾ ਨਾਂ ਉਸਦਾ ਸੀ ਲਹਿਣਾ।
ਹੋਈਆਂ ਸਿਫ਼ਤਾਂ ਜੀ ਇਸ ਨਗਰ ਦੀਆਂ,
ਤੇ ਨਗਰ ਹੋਇਆ ਮਸ਼ਹੂਰ।
ਇੱਥੇ ਤਰਨ-ਤਾਰਨ....................

ਓਥੇ ਅਖਾੜਾ ਗੁਰਾਂ ਉਸਾਰਿਆ,
ਤੇ ਖੇਡਣ ਬਲੀ-ਬਲਵਾਨ।
ਖੇੜਾ ਗੁਰ ਦੇ ਚਿਹਰੇ ਛਾ ਜਾਵੇ,
ਓਥੇ ਘੁਲਦੇ ਵੇਖ ਭਲਵਾਨ।
ਅੰਬਰੀਂ ਛੂਹਣ ਨੂੰ ਜਾਵੇ ਜੀ,
ਉਸ ਮੱਲ ਅਖਾੜੇ ਦੀ ਧੂੜ।
ਇੱਥੇ ਤਰਨ-ਤਾਰਨ.............

ਗੁਰਮੁਖੀ ਦੀ ਲਿਪੀ ਦਾ,
ਸਭ ਤੋਂ ਪਹਿਲਾਂ ਇੱਥੇ ਹੋਇਆ ਪ੍ਰਚਾਰ।
ਕੇਂਦਰ ਇਉਂ ਸਿੱਖੀ ਦਾ ਬਣਿਆ,
ਇੱਥੇ ਗੁਰਸਿੱਖ ਹੋਣ ਤਿਆਰ।
ਜੋ ਬੂਟਾ ਸਿੱਖੀ ਦਾ ਲਾਇਆ ਜੀ,
ਇੱਥੇ ਪਏ ਫਲਾਂ ਦੇ ਬੂਰ।
ਇਥੇ ਤਰਨ ਤਾਰਨ......................

ਸਿਰ ਤੇ ਗਾਗਰ ਲੱਗਿਆ ਠੇਡਾ,
ਮਾਈ ਬੋਲੀ ਸ਼ਬਦ ਨਿਥਾਵਾਂ।
ਗੁਰੂ ਜੀ ਜਾਣੀ-ਜਾਣ ਇਹ ਸੁਣ ਕੇ,
ਗੁਰ ਨੇ ਵਰ ਦੇ ਦਿੱਤੇ ਬਾਰਾਂ।
ਅਮਰ ਦਾਸ ਜੀ ਗੁਰਗੱਦੀ ਤੇ,
ਸਿੱਖਾਂ ਨੂੰ ਸੇਵਾ ਦਾ ਚੜ੍ਹੇ ਸਰੂਰ।
ਇਥੇ ਤਰਨ ਤਾਰਨ............

ਪੰਥ ਦੀ ਸੇਵਾ ਕਰਨ ਲਈ,
ਬਾਬਾ ਗੁਰਮੁਖ ਸਿੰਘ ਜੀ ਆਏ।
ਫੇਰ ਬਾਬਾ ਸਾਧੂ ਸਿੰਘ ਜੀ ਸੰਭਾਲੀ ਸੇਵਾ,
ਉਹਨਾ ਕੁੱਝ ਹੋਰ ਕਾਜ ਕਰਵਾਏ।
ਫਿਰ ਬਾਬਾ ਝੰਡਾ ਸਿੰਘ ਤੇ ਬਾਬਾ ਉੱਤਮ ਸਿੰਘ ਜੀ ਕਰਦੇ ਸੇਵਾ,
ਸੇਵਾ ਹੋਈ ਇਹਨਾਂ ਦੀ ਮਨਜ਼ੂਰ।
ਇਥੇ ਤਰਨ-ਤਾਰਨ.................

ਬਾਬਾ ਉੱਤਮ ਸਿੰਘ ਜੀ ਪੱਗ ਬੰਨ ਦਿੱਤੀ,
ਸੇਵਾ ਸਿੰਘ ਜੀ ਸੇਵਾ ਸੰਭਾਲੇ।
ਕਰੇ ਕੁਦਰਤ ਨਾਲ ਪਿਆਰ ਬੜ੍ਹਾ,
ਤੇ ਰੁੱਖ ਪੁੱਤਾਂ ਵਾਂਗ ਪਾਲੇ।
ਐਥੇ ਬਾਗ਼ ਫ਼ਲਾਂ ਦੇ ਲਾ 'ਤੇ ਜੀ,
ਕਿਤੇ ਅੰਬ ਤੇ ਕਿਤੇ ਖਜ਼ੂਰ।
ਇਥੇ ਤਰਨ ਤਾਰਨ.....................

ਬੜੀ ਉੱਚੀ ਤੇ ਅੱਠ ਮੰਜ਼ਲੀ ਜੀ,
ਇੱਕ ਇਮਾਰਤ ਦਿੱਤੀ ਉਸਾਰ।
ਕਰਨ ਪ੍ਰਾਪਤ ਵਿੱਦਿਆ ਤੇ,
ਇਥੇ ਅਫ਼ਸਰ ਹੋਣ ਤਿਆਰ।
ਸਭ ਨੂੰ ਨਾਲ ਸਿੱਖੀ ਦੇ ਜੋੜ ਦੇ,
ਤੇ ਸਿੱਖੀ ਭਰਨ ਭਰਪੂਰ।
ਇਥੇ ਤਰਨ ਤਾਰਨ..............

ਇੱਕ ਡਿਗਰੀ ਤੇ ਇੱਕ ਬੀ.ਐੱਡ ਜੀ,
ਦੋ ਕਾਲਜ ਦਿੱਤੇ ਉਸਾਰ।
ਐਮੀਨੈਂਸ ਨੂੰ ਪਾਕੇ ਤੇ ਦੋ,
ਸਰਕਾਰੀ ਸਕੂਲ ਕੀਤੇ ਤਿਆਰ।
ਪ੍ਰਾਈਵੇਟ ਵੀ ਦੋ ਉਸਾਰ ਦਿੱਤੇ,
ਇਸ ਨਗਰ ਦੇ ਵਿੱਚ ਸਕੂਲ।
ਇਥੇ ਤਰਨ-ਤਾਰਨ ਦੇ ਕੋਲ ਜੀ,
ਇੱਕ ਨਗਰ ਵਸੇ ਖਡੂਰ।

**ਪ੍ਰਭਨੂਰ ਸਿੰਘ** (ਸਾਬਕਾ ਵਿਦਿਆਰਥੀ)
ਐੱਨ.ਡੀ.ਏ.(ਵਿੰਗ)



# ਪਹਿਲਾ ਪਾਣੀ ਜੀਉ ਹੈ......

ਪਾਣੀ ਜੀਵਨ ਹੈ ਤੇ ਮਨੁੱਖ ਦਾ ਅਧਾਰ ਹੈ। ਮਨੁੱਖੀ ਹੋਂਦ ਇਸ ਉਤੇ ਨਿਰਭਰ ਕਰਦੀ ਹੈ। ਮਨੁੱਖੀ ਸਭਿਅਤਾਵਾਂ ਦੇ ਵਿਕਾਸ ਵਿਚ ਪਾਣੀ ਦੀ ਅਹਿਮ ਭੂਮਿਕਾ ਰਹੀ ਹੈ। ਪਾਣੀ ਧਰਮ, ਸਮਾਜ, ਅਰਥ ਵਿਚ ਹਮੇਸ਼ਾਂ ਕੇਂਦਰੀ ਸਥਾਨ 'ਤੇ ਰਿਹਾ ਹੈ। ਮਨੁੱਖੀ ਸਰੀਰ ਨੂੰ ਚਲਦਾ ਰੱਖਣ ਲਈ ਪਾਣੀ ਬਹੁਤ ਜਰੂਰੀ ਹੈ। ਸਾਡੇ ਸਰੀਰ ਅਤੇ ਧਰਤੀ ਦਾ ਵਧੇਰੇ ਹਿੱਸਾ ਪਾਣੀ ਹੈ। ਇਸ ਤਰ੍ਹਾਂ ਪਾਣੀ ਦਾ ਬੇਅੰਤ ਪਸਾਰ ਹੈ। ਸਧਾਰਣ ਪਧਰ 'ਤੇ ਇਹ ਇਕ ਤਰਲ ਵਸਤੂ ਹੈ, ਜਿਸ ਨੂੰ ਪੀਤਾ, ਸੰਭਾਲਿਆ ਅਤੇ ਹੋਰ ਵੱਖ-ਵੱਖ ਕਾਰਜਾਂ ਲਈ ਵਰਤਿਆ ਜਾਂਦਾ ਹੈ। ਪਾਣੀ ਦਾ ਘੇਰਾ ਅਤੇ ਪਾਸਾਰ ਦੀ ਵਰਤੋਂ, ਸਥਾਨ, ਮਨੋਰਥ ਆਦਿ ਨਾਲ ਪ੍ਰਭਾਵਿਤ ਅਤੇ ਤਬਦੀਲ ਵੀ ਹੁੰਦਾ ਰਹਿੰਦਾ ਹੈ। ਮਨੁੱਖੀ ਸਭਿਅਤਾ ਦੇ ਅਰੰਭ ਵਿਚ ਪਾਣੀ ਦੀ ਅਹਿਮ ਭੂਮਿਕਾ ਰਹੀ ਹੈ। ਆਦਿ ਮਨੁੱਖ ਨੇ ਆਪਣਾ ਪਹਿਲਾ ਡੇਰਾ ਪਾਣੀ ਦੇ ਕੰਡੇ ਹੀ ਲਾਇਆ ਅਤੇ ਮਨੁੱਖ ਸਮੂਹਿਕ ਰੂਪਾਂ ਵਿਚ ਜਲ-ਸਰੋਤਾਂ ਦੇ ਕੰਡੇ ਹੀ ਵਿਕਸਿਤ ਹੋਇਆ। ਪਾਣੀ ਜਿਥੇ ਮਨੁੱਖੀ ਸਰੀਰ ਦੀ ਜਰੂਰਤ ਸੀ, ਇਸ ਦੇ ਨਾਲ ਹੀ ਇਹ ਭੋਜਨ ਦਾ ਭੰਡਾਰ, ਮਨੁੱਖ ਦੀਆਂ ਨਿਤ ਦੀਆਂ ਲੋੜਾਂ ਆਦਿ ਵਿਚ ਬਹੁਤ ਮਦਦਗਾਰ ਸੀ। ਵਪਾਰ ਵਿਚ ਪਾਣੀ ਦੀ ਅਹਿਮ ਭੂਮਿਕਾ ਹੈ। ਵਰਤਮਾਨ ਸਮੇਂ ਵਿਚ ਵੀ ਸਭ ਤੋਂ ਵੱਧ ਵਪਾਰ ਜਲ ਮਾਰਗ ਰਾਹੀਂ ਹੀ ਹੁੰਦਾ ਹੈ। ਮਨੁੱਖ ਦੇ ਮੁੱਢਲੇ ਲੋਕ-ਵਿਸ਼ਵਾਸਾਂ ਅਤੇ ਧਾਰਮਿਕ ਮਾਨਤਾਵਾਂ ਵਿਚ ਪਾਣੀ ਦਾ ਕੇਂਦਰੀ ਸਥਾਨ ਹੈ।

ਧਾਰਮਿਕ ਪਰਿਪੇਖ ਵਿਚ ਪਾਣੀ ਪਵਿਤਰਤਾ ਦਾ ਪ੍ਰਤੀਕ ਹੈ। ਧਾਰਮਿਕ ਸਥਾਨਾਂ ਦੇ ਨਾਲ ਨਾਲ ਇਸ਼ਨਾਨ ਪ੍ਰਮੁੱਖ ਰੂਪ ਵਿਚ ਜੁੜਿਆ ਹੋਇਆ ਹੈ। ਸੋ ਇਸ ਤਰ੍ਹਾਂ ਪਾਣੀ ਇਕ ਵਸਤੂ ਤੋਂ ਪਰ੍ਹੇ ਪਰਾਭੌਤਿਕ ਸੰਸਾਰ ਤਕ ਪਹੁੰਚ ਰੱਖਦਾ ਹੈ। ਕਿਸੇ ਧਾਰਮਿਕ ਸਥਾਨ ਦਾ ਪਾਣੀ ਵਿਸ਼ੇਸ਼ ਸ਼ਕਤੀ ਭਰਪੂਰ ਹੋ ਜਾਂਦਾ ਹੈ। ਇਸ ਲਈ ਉਸ ਨੂੰ ਸੰਭਾਲਦੇ ਹੋਏ ਆਪਣੇ ਘਰ ਆਦਿ ਵਿਚ ਛੱਟਾ ਦੇਣ ਲਈ ਰੱਖਿਆ ਜਾਂਦਾ ਹੈ। ਇਸ ਦੇ ਇਸ ਵੱਡੇ ਪ੍ਰਸੰਗ ਵਿਚ ਗੁਰਬਾਣੀ ਵਿਚ ਪਾਣੀ ਦੀ ਵਿਆਖਿਆ ਜੀਵਨ ਦੇ ਅਧਾਰ ਅਤੇ ਹੋਂਦ ਵਜੋਂ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪਾਣੀ ਲਈ ਕਈ ਸਬਦਾਂ ਦੀ ਵਰਤੋਂ ਕੀਤੀ ਗਈ ਹੈ। ਪਾਣੀ ਹੋਂਦ ਦਾ ਅਧਾਰ ਹੈ। ਇਸ ਨਾਲ ਹੀ ਜੀਵਨ ਹੈ ਅਤੇ ਹਰ ਪਾਸੇ ਹਰਿਆਲੀ ਹੈ। ਕਰਤੇ ਦੁਆਰਾ ਸਾਜੇ ਗਏ ਤ੍ਰਿਭਵਣ ਦਾ ਅਧਾਰ ਵੀ ਪਾਣੀ ਹੀ ਬਣਦਾ ਹੈ।

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**

ਗੁਰੂ ਗ੍ਰੰਥ ਸਾਹਿਬ - ਅੰਗ ੪੭੨

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥**

ਗੁਰੂ ਗ੍ਰੰਥ ਸਾਹਿਬ - ਅੰਗ ੧੯

**ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥**

ਗੁਰੂ ਗ੍ਰੰਥ ਸਾਹਿਬ - ਅੰਗ ੧੨

ਇਸ ਤਰ੍ਹਾਂ ਪਾਣੀ ਸਿਰਜਣਾ ਦਾ ਅਧਾਰ ਹੈ ਪਰ ਪਾਣੀ ਦਾ ਕਰਤਾ ਵੀ ਪਰਮਾਤਮਾ ਹੀ ਹੈ। ਉਸ ਦੁਆਰਾ ਹੀ ਇਹ ਪਸਾਰਾ ਸਿਰਜਿਆ ਗਿਆ ਹੈ। ਇਸ ਲਈ ਗੁਰੂ ਸਾਹਿਬ ਪੌਣ ਅਤੇ ਪਾਣੀ ਨੂੰ ਵਿਸਮਾਦ ਦਸਦੇ ਹਨ।

**ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥**

ਗੁਰੂ ਗ੍ਰੰਥ ਸਾਹਿਬ - ਅੰਗ ੪੬੩

ਪਾਣੀ ਸਮੇਤ ਸਮੁਚੀ ਕਾਇਨਾਤ ਪਰਮਾਤਮਾ ਨੂੰ ਗਾ ਰਹੀ ਹੈ।

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥**

ਗੁਰੂ ਗ੍ਰੰਥ ਸਾਹਿਬ - ਅੰਗ ੬

ਪਾਣੀ ਸੇਵਾ ਦਾ ਮਾਧਿਅਮ ਵੀ ਹੈ। ਗੁਰੂ ਅਮਰਦਾਸ ਜੀ ੧੨ ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਖਡੂਰ ਸਾਹਿਬ ਵਿਖੇ ਬਿਆਸ ਦਰਿਆ ਤੋਂ ਜਲ ਦੀ ਗਾਗਰ ਲੈ ਕੇ ਆਉਣ ਦੀ ਸੇਵਾ ਵੀ ਕਰਦੇ ਹਨ। ਗੁਰਬਾਣੀ ਵਿਚ ਵੀ ਪਾਣੀ ਢੋਣ ਦੀ ਸੇਵਾ ਦਾ ਵਰਨਣ ਮਿਲਦਾ ਹੈ।

**ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥**

ਗੁਰੂ ਗ੍ਰੰਥ ਸਾਹਿਬ - ਅੰਗ ੫੬੧

**ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥**

ਗੁਰੂ ਗ੍ਰੰਥ ਸਾਹਿਬ - ਅੰਗ ੭੪੯

**ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥**

ਗੁਰੂ ਗ੍ਰੰਥ ਸਾਹਿਬ - ਅੰਗ ੭੫੭

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥**

ਗੁਰੂ ਗ੍ਰੰਥ ਸਾਹਿਬ - ਅੰਗ ੮੧੧

ਇਸ ਪ੍ਰਕਾਰ ਪਾਣੀ ਸਾਫ਼-ਸਫ਼ਾਈ ਵਿਚ ਬਹੁਤ ਸਹਾਈ ਹੁੰਦਾ ਹੈ। ਇਸ ਨਾਲ ਸਰੀਰ ਮੈਲ ਨੂੰ ਧੋਤਾ ਜਾ ਸਕਦਾ ਹੈ। ਗੁਰਬਾਣੀ ਵਿਚ ਪਾਣੀ ਦੇ ਇਸ ਗੁਣ ਦਾ ਵੀ ਜ਼ਿਕਰ ਕੀਤਾ ਗਿਆ ਹੈ।

**ਪਾਣੀ ਧੋਤੈ ਉਤਰਸੁ ਖੇਹ ॥**

ਗੁਰੂ ਗ੍ਰੰਥ ਸਾਹਿਬ - ਅੰਗ ੪


ਸੋ ਇਸ ਤਰ੍ਹਾਂ ਪਾਣੀ ਕਾਦਰ ਦੀ ਅਨਮੋਲ ਦਾਤ ਹੈ। ਕੁਦਰਤ ਕਾਦਰ ਦੇ ਸੰਤੁਲਨ ਵਿਚ ਹੈ। ਅਸੀਂ ਮਨੁੱਖ ਇਸ ਸੰਤੁਲਨ ਤੋਂ ਬਾਹਰ ਹੋ ਰਹੇ ਹਾਂ। ਪਰਮਾਤਮਾ ਵਲੋਂ ਹਰ ਜੀਵ ਨੂੰ ਵਰਤਣ ਲਈ ਪਾਣੀ ਦੀ ਅਨਮੋਲ ਦਾਤ ਦਿੱਤੀ ਗਈ ਹੈ।

**ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ ॥**

ਗੁਰੂ ਗ੍ਰੰਥ ਸਾਹਿਬ - ਅੰਗ ੧੬੭

ਸੋ ਅਸੀਂ ਆਪਣੀ ਜਰੂਰਤ ਅਨੁਸਾਰ ਪਾਣੀ ਦੀ ਵਰਤੋਂ ਕਰੀਏ ਅਤੇ ਜਲ-ਸਰੋਤਾਂ ਦੀ ਸੰਭਾਲ ਕਰੀਏ। ਆਪਣੇ ਜੀਵਨ-ਢੰਗ ਨੂੰ ਸੰਤੁਲਨ ਵਿਚ ਲਿਆਈਏ। ਆਪਣੇ ਨਿਤ-ਕੰਮ-ਕਾਜਾਂ ਵਿਚ ਪਾਣੀ ਦੁਰਵਰਤੋਂ ਨੂੰ ਰੋਕੀਏ।

**ਵਿਕਰਮਜੀਤ ਸਿੰਘ ਤਿਹਾੜਾ**
ਖੋਜਾਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਸੰਪ: +91-98555-34961



ਰਾਸ਼ਟਰੀ ਰਾਜਮਾਰਗ ਕਿਨਾਰੇ ਲਗਾਏ ਰੁੱਖਾਂ ਦਾ ਮਨਮੋਹਕ ਦ੍ਰਿਸ਼

# ਵਾਤਾਵਰਨ ਸੰਭਾਲ ਸੰਬੰਧੀ
## ਨਿਸ਼ਾਨ-ਏ-ਸਿੱਖੀ ਕਾਰ-ਸੇਵਾ ਖਡੂਰ ਸਾਹਿਬ ਦੀ ਭੂਮਿਕਾ ਅਤੇ ਕਾਰਜ

ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਬਲਿਹਾਰੀ ਕੁਦਰਤਿ ਵਸਿਆ ਦੀ ਪਾਵਨ ਦ੍ਰਿਸ਼ਟੀ ਅਨੁਸਾਰ ਕਾਦਰ ਦੀ ਕੁਦਰਤ ਤੋਂ ਕੁਰਬਾਨ ਜਾਣਾ ਚਾਹੀਦਾ ਹੈ ਕਿਉਂਕਿ ਇਸ ਦੇ ਕਣ-ਕਣ ਵਿੱਚ ਵਾਹਿਗੁਰੂ ਆਪ ਵਰਤ ਰਿਹਾ ਹੈ। ਕੁਦਰਤ ਅਤੇ ਮਨੁੱਖ ਦਾ ਅਨਮੋਲ ਅਤੇ ਅਟੁੱਟ ਰਿਸ਼ਤਾ ਕਿਸੇ ਵੀ ਲਾਲਸਾ ਜਾਂ ਸੁਆਰਥ ਦੇ ਵੱਸ ਹੋ ਕੇ ਤਬਾਹ ਨਹੀਂ ਕਰਨਾ ਚਾਹੀਦਾ। ਪਰਮੇਸ਼ਰ ਨੇ ਸਮੁੱਚੀ ਰਚਨਾ ਰਚ ਕੇ ਉਸ ਵਿੱਚ ਸੰਤੁਲਨ ਸਥਾਪਿਤ ਕੀਤਾ ਹੋਇਆ ਹੈ। ਜ਼ਰੂਰਤ ਦੇ ਦਾਇਰੇ ਤੋਂ ਬਾਹਰ ਇੱਛਾਵਾਂ ਦੇ ਵੱਸ ਪੈ ਕੇ ਕੁਦਰਤ ਵਿਚਲੇ ਸਥਾਪਿਤ ਨਿਯਮਾਂ ਦਾ ਉਲੰਘਣ ਕਰਨ `ਤੇ ਮਨੁੱਖ ਦੇ ਨਾਲ ਨਾਲ ਸਮੁੱਚੇ ਜੀਵ ਜੰਤੂਆਂ ਨੂੰ ਇਸ ਦਾ ਖਾਮਿਆਜ਼ਾ ਭੁਗਤਣਾ ਪੈਂਦਾ ਹੈ।ਇਸ ਵਾਸਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਉਪਦੇਸ਼ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥" ਤੋਂ ਸੇਧ ਪ੍ਰਾਪਤ ਕਰਦਿਆਂ ਕੁਦਰਤ ਅਤੇ ਵਾਤਾਵਰਨ ਦੀ ਸੇਵਾ ਸੰਭਾਲ ਵਾਸਤੇ ਤਤਪਰ ਹੋਣਾ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਹੋਣਾ ਚਾਹੀਦਾ ਹੈ।

ਗੁਰੂ ਸਾਹਿਬ ਵੱਲੋਂ ਦਰਸਾਏ ਇਸੇ ਮਾਰਗ ਤੋਂ ਸੇਧ ਪ੍ਰਾਪਤ ਕਰਦਿਆਂ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਅਗਸਤ 1999 ਵਿੱਚ ਵਾਤਾਵਰਨ ਸੰਭਾਲ ਮੁਹਿੰਮ ਦਾ ਅਗਾਜ਼ ਕਰਕੇ ਕੁਦਰਤ ਦੀ ਸੇਵਾ ਸੰਭਾਲ ਦੇ ਕਾਰਜਾਂ ਨੂੰ ਪ੍ਰਾਰੰਭ ਕੀਤਾ ਗਿਆ। ਸੰਨ 2004 ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ 500 ਸਾਲਾ ਪ੍ਰਕਾਸ਼ ਗੁਰਪੁਰਬ ਸਮਾਗਮਾਂ ਨੂੰ ਸਮਰਪਿਤ ਬਾਬਾ ਸੇਵਾ ਸਿੰਘ ਜੀ ਵੱਲੋਂ ਸਭ ਤੋਂ ਪਹਿਲਾਂ ਮੰਡਾਲਾ ਨਗਰ ਵਾਲੀ ਸੜਕ ਕਿਨਾਰੇ ਰੁੱਖ ਲਗਾ ਕੇ ਸੜਕਾਂ ਕਿਨਾਰੇ ਰੁੱਖ ਲਗਾਉਣ ਦਾ ਕਾਰਜ ਆਰੰਭ ਕੀਤਾ ਗਿਆ। ਇਸ ਤੋਂ ਬਾਅਦ ਇਤਿਹਾਸਿਕ ਨਗਰ ਖਡੂਰ ਸਾਹਿਬ ਨੂੰ ਆਉਂਦੀਆਂ ਵੱਖ - ਵੱਖ ਸੜਕਾਂ-

1) ਤਰਨ ਤਾਰਨ-ਖਡੂਰ ਸਾਹਿਬ ਸੜਕ
2) ਖਿਲਚੀਆਂ-ਖਡੂਰ ਸਾਹਿਬ ਸੜਕ,
3) ਗੋਇੰਦਵਾਲ ਸਾਹਿਬ-ਖਡੂਰ ਸਾਹਿਬ ਸੜਕ,
4) ਵੈਰੋਵਾਲ-ਖਡੂਰ ਸਾਹਿਬ ਸੜਕ,
5) ਜੰਡਿਆਲਾ-ਖਡੂਰ ਸਾਹਿਬ ਸੜਕ,
6) ਰਈਆ-ਖਡੂਰ ਸਾਹਿਬ ਸੜਕ,
7) ਤਰਨ ਤਾਰਨ-ਵੇਂਈਪੁੰਈਂ-ਖਡੂਰ ਸਾਹਿਬ

ਸੜਕਾਂ ਨੂੰ ਹਰਿਆਵਲ ਭਰਪੂਰ ਦਿੱਖ ਪ੍ਰਦਾਨ ਕੀਤੀ ਗਈ। ਅੱਜ ਇਹ ਪ੍ਰਫੁਲਤ ਹੋ ਚੁੱਕੇ ਰੁੱਖ ਸਮੁੱਚੀ ਮਾਨਵਤਾ ਅਤੇ ਜੀਵ ਜੰਤੂਆਂ ਦੀ ਸੇਵਾ ਵਿੱਚ ਛਾਂ, ਫੁੱਲ, ਫ਼ਲ ਅਤੇ ਸੁਗੰਧੀ ਦੀਆਂ ਨਿਆਮਤਾਂ ਵੰਡਣ ਦੇ ਨਾਲ ਨਾਲ ਵਾਯੂਮੰਡਲ ਵਿੱਚਲੇ ਵਾਧੂ ਕਾਰਬਨ ਨੂੰ ਜਜ਼ਬ ਕਰਕੇ ਪ੍ਰਦੂਸ਼ਣ ਘੱਟ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੇ ਹਨ। ਗੁਰੂ ਕਿਰਪਾ ਅਤੇ ਸੰਗਤਾਂ ਦੇ ਭਰਪੂਰ ਸਹਿਯੋਗ ਸਦਕਾ 500 ਕਿਲੋਮੀਟਰ ਸੜਕਾਂ ਦੇ ਟੀਚੇ ਨੂੰ ਪਾਰ ਕਰਦਾ ਇਹ ਕਾਰਜ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਮੱਧ-ਪ੍ਰਦੇਸ਼ ਅਤੇ ਮਹਾਂਰਾਸ਼ਟਰ ਵਿੱਚ ਹੁੰਦਾ ਹੋਇਆ ਲਗਭਗ 538.5 ਕਿਲੋਮੀਟਰ ਸੜਕਾਂ ਤੱਕ ਆਪਣੀ ਹਰਿਆਵਲ ਅਤੇ ਛਾਂ ਪ੍ਰਦਾਨ ਕਰਦੇ ਹੋਏ ਵਾਤਾਵਰਨ ਸ਼ੁੱਧ ਕਰਨ ਵਿੱਚ ਨਿਰਵਿਘਨ ਆਪਣਾ ਯੋਗਦਾਨ ਪਾ ਰਿਹਾ ਹੈ। ਇਹ ਕਾਰਜ ਅੱਜ ਵੀ ਨਿਰੰਤਰ ਜਾਰੀ ਹੈ ਅਤੇ ਸੰਸਥਾ ਵੱਲੋਂ ਹੁਣ ਤੱਕ ਸੜਕਾਂ ਕਿਨਾਰੇ ਲਗਭਗ 1,30,000 ਰੁੱਖ ਪ੍ਰਫੁੱਲਤ ਹੋ ਚੁੱਕੇ ਹਨ, ਜਿੰਨ੍ਹਾਂ ਦਾ ਵੇਰਵਾ ਅੱਗੇ ਦਰਸਾਇਆ ਗਿਆ ਹੈ:-

# ਸੜਕਾਂ ਕਿਨਾਰੇ ਲੱਗੇ ਰੁੱਖਾਂ ਦਾ ਵੇਰਵਾ

| ਲੜੀ ਨੰ | ਜਗ੍ਹਾ ਦਾ ਨਾਂ | ਕੁੱਲ ਲਗਾਏ ਗਏ ਰੁੱਖ | ਕਿਲੋਮੀਟਰ |
|---|---|---|---|
| 1 | ਬਾਣੀਆ ਤੋਂ ਮੰਡਾਲਾ | 675 | 1 |
| 2 | ਖਡੂਰ ਸਾਹਿਬ ਤੋਂ ਨਾਗੋਕੇ ਚੌਂਕ | 785 | 4 |
| 3 | ਖਡੂਰ ਸਾਹਿਬ ਤੋਂ ਵੇਈਪੁਈ ਚੌਂਕ | 940 | 4 |
| 4 | ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ | 3517 | 9 |
| 5 | ਖਡੂਰ ਸਾਹਿਬ ਤੇ ਵੈਰੋਵਾਲ | 1063 | 7 |
| 6 | ਨਾਗੋਕੇ ਚੌਂਕ ਤੋਂ ਖਿਲਚੀਆਂ | 1578 | 14 |
| 7 | ਖਡੂਰ ਸਾਹਿਬ ਤੇ ਤਰਨ ਤਾਰਨ | 3465 | 18 |
| 8 | ਨਾਗੋਕੇ ਚੌਂਕ ਤੋਂ ਜੰਡਿਆਲਾ ਗੁਰੂ | 1284 | 16 |
| 9 | ਸੰਘਰ ਕੋਟ ਤੇ ਢੋਟਾ | 194 | 3 |
| 10 | ਖਡੂਰ ਸਾਹਿਬ (ਬਜ਼ਾਰ ਅਤੇ ਫਿਰਨੀ) | 224 | 2 |
| 11 | ਗੋਇੰਦਵਾਲ ਸਾਹਿਬ ਤੋਂ ਘਾਟ ਬਾਬਾ ਖੜਕ ਸਿੰਘ | 764 | 2 |
| 12 | ਨਾਗੋਕੇ ਘਾਟ ਤੋਂ ਫਤਿਆਬਾਦ | 257 | 7 |
| 13 | ਖਡੂਰ ਸਾਹਿਬ ਤੋਂ ਖਵਾਸਪੁਰ | 100 | 1 |
| 14 | ਨਾਗੋਕੇ ਚੌਂਕ ਤੋਂ ਰਈਆ | 2676 | 14 |
| 15 | ਗੋਇੰਦਵਾਲ ਸਾਹਿਬ ਤੋਂ ਤਰਨ ਤਾਰਨ | 2851 | 22 |
| 16 | ਨਾਗੋਕੇ ਘਾਟ ਤੋਂ ਵੈਰੋਵਾਲ | 225 | 3 |
| 17 | ਕਰਤਾਰਪੁਰ ਤੇ ਕ੍ਰਿਸ਼ਨਗੜ੍ਹ, ਜਲੰਧਰ | 230 | 2 |
| 18 | ਕਰਤਾਰਪੁਰ ਤੇ ਫਤਿਹ ਬਲਾਲ | 92 | 1 |
| 19 | ਕਰਤਾਰਪੁਰ ਤੋਂ ਬੇਪਾਰਾਏ | 15 | 1 |
| 20 | ਵਿਸ਼ਰਾਮਪੁਰ ਤੋਂ ਲਿੰਕ ਰੋਡ ਕਪੂਰਥਲਾ | 400 | 5 |
| 21 | ਕਰਤਾਰਪੁਰ ਤੋਂ ਜੰਡੇ ਸਰਾਏਂ | 2354 | 12 |
| 22 | ਧਰਮਕੋਟ ਓਠੀਆਂ, ਗੁਰਦਾਸਪੁਰ | 200 | 1 |
| 23 | ਬਟਾਲੇ ਤੋਂ ਡੇਰਾ ਬਾਬਾ ਨਾਨਕ, ਗੁਰਦਾਸਪੁਰ | 2100 | 21 |
| 24 | ਡੇਰਾ ਬਾਬਾ ਨਾਨਕ ਫਿਰਨੀ | 200 | 1 |
| 25 | ਬਠਿੰਡਾ - ਲਿੰਕ ਰੋਡ ਗੁਰੂ ਸਰ | 400 | 5 |
| 26 | ਬਠਿੰਡਾ - ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ | 1000 | 2 |
| 27 | ਰਈਆ ਤੋਂ ਅੰਮ੍ਰਿਤਸਰ | 4377 | 27 |
| 28 | ਬਾਬਾ ਬਕਾਲਾ ਤੋਂ ਰਈਆ, ਅੰਮ੍ਰਿਤਸਰ | 250 | 2 |
| 29 | ਗੋਇੰਦਵਾਲ ਸਾਹਿਬ ਤੋਂ ਬਾਉਲੀ ਸਾਹਿਬ ਤਰਨ-ਤਾਰਨ | 100 | 1 |
| 30 | ਬਾਉਲੀ ਸਾਹਿਬ ਬੰਦਲਕਾਰ | 400 | 2 |
| 31 | ਮਾਗਲਾਨਾ ਤੋਂ ਮਕਰਾਨਾ | 2135 | 15 |
| 32 | ਨਰੈਣਾ ਤੋਂ ਦੁਦੂ ਰੋਡ | 800 | 6 |
| 33 | ਗਵਾਲੀਅਰ ਜੇਲ੍ਹ ਰੋਡ | 471 | 7 |
| 34 | ਦਿੱਲੀ ਵਿਖੇ ਲਾਏ | 8909 | 0 |
| 35 | ਅੰਮ੍ਰਿਤਸਰ | 305 | 0 |
| 36 | ਲਿੰਕ ਰੋਡ ਅਲੋਨ ਨਾਲਾ, ਗੁੰਮਟਾਲਾ, | | |
| | ਨੇੜੇ ਅੰਮ੍ਰਿਤਸਰ ਬਾਈਪਾਸ | 150 | 1 |
| 37 | ਲਿੰਕ ਰੋਡ ਤੋਂ ਹੁਸ਼ਿਆਰਨਗਰ ਤੋਂ ਆਰਤੀ ਰੋਡ | 400 | 2 |
| 38 | ਲਿੰਕ ਰੋਡ ਬਟਾਲਾ ਤੋਂ ਬੇਗੋਵਾਲ | 400 | 2 |
| 39 | ਲਿੰਕ ਰੋਡ ਤੋਂ ਧੂੰਦਾ ਤੋਂ ਗੋਇੰਦਵਾਲ ਸਾਹਿਬ | 116 | 1 |
| 40 | ਵੇਈਪੁਈਂ ਚੌਂਕ ਤੋਂ ਢੋਟੀਆ ਰੋਡ | 1274 | 7 |
| 41 | ਲਿੰਕ ਰੋਡ ਤੋਂ ਖਡੂਰ ਸਾਹਿਬ ਤੋਂ ਵੜਿੰਗ ਸੂਬਾ ਸਿੰਘ | 200 | 2 |
| 42 | ਕ੍ਰਿਸ਼ਨਗੜ੍ਹ ਤੋਂ ਚੀਮਾ | 468 | 4 |
| 43 | ਮੁਗਲਾਣੀ ਤੋਂ ਵੜਿੰਗ ਸੂਬਾ ਸਿੰਘ | 132 | 2 |
| 44 | ਤਰਨ-ਤਾਰਨ ਤੋਂ ਜੰਡਿਆਲਾ ਗੁਰੂ | 1310 | 8 |
| 45 | ਕਪੂਰਥਲਾ, ਅਵਾਨ ਘੋੜੇ ਸ਼ਾਹ | 216 | 2 |

| ਲੜੀ ਨੰ | ਜਗ੍ਹਾ ਦਾ ਨਾਂ | ਕੁੱਲ ਲਗਾਏ ਗਏ ਰੁੱਖ | ਕਿਲੋਮੀਟਰ |
|---|---|---|---|
| 44 | ਅੰਮ੍ਰਿਤਸਰ ਦਰਸ਼ਨ ਐਵਨਿਊ ਅੰਮ੍ਰਿਤਸਰ | 250 | 2 |
| 45 | ਅੰਮ੍ਰਿਤਸਰ ਖਿਲਚੀਆ ਤੋਂ ਟਾਂਗਰਾ ਜੀ. ਟੀ. ਰੋਡ | 428 | 6 |
| 46 | ਤਰਨ ਤਾਰਨ ਰੋਡ ਧਾਰੜ ਤੋਂ ਬਾਠ | 2350 | 10 |
| 47 | ਤਰਨ ਤਾਰਨ- ਜੰਡਿਆਲਾ ਰੋਡ ਤੋਂ ਜੋਗਾ ਸਿੰਘ | 960 | 5 |
| 48 | ਵਾਲਾ-ਬੁੱਤ ਅਤੇ ਬੰਡਾਲਾ | | |
| 49 | ਖਡੂਰ ਸਾਹਿਬ ਤੋਂ ਤਰਨ ਤਾਰਨ | 2848 | 18 |
| | ਤਰਨ ਤਾਰਨ ਡਿਫੈਂਸ ਰੋਡ, ਖੇਮਕਰਨ ਤੋਂ ਖਾਲੜਾ | 1600 | 10 |
| 50 | ਤਰਨ ਤਾਰਨ ਕਾਲ੍ਹਾਵਾਂ ਤੋਂ ਭੱਠਲ ਭਾਈਕੇ | 349 | 3 |
| 51 | ਤਰਨ ਤਾਰਨ ਕਲੇਰ ਤੋਂ ਗੁ. ਬਾਬੇ ਸ਼ਹੀਦ ਲਿੰਕ ਰੋਡ | 100 | 1 |
| 52 | ਤਰਨ ਤਾਰਨ ਬੰਗਾਲੀਪੁਰ ਤੋਂ ਕਲੇਰ ਬੇਗਮਪੁਰ | 441 | 3 |
| 53 | ਲਿੰਕ ਰੋਡ, ਤਰਨ ਤਾਰਨ | | |
| 54 | ਤਰਨ ਤਾਰਨ ਡਿਫੈਂਸ ਰੋਡ ਖਾਲੜਾ ਤੋਂ ਹੈਡ | 2525 | 20 |
| | ਵਰਕਸ ਭੁੱਚਰ ਕੋਠੀ | | |
| 55 | ਤਰਨ ਤਾਰਨ ਬੁੱਧ ਮੋਰ ਤੋਂ ਗੁ. ਗੁਰੂ ਤੇਗ | 200 | 1 |
| | ਬਹਾਦਰ ਸਾਹਿਬ ਲਿੰਕ | | |
| 56 | ਡਿਫੈਂਸ ਰੋਡ ਪਿੰਡ ਢੋਲਣ ਤੇ ਕਾਲੀਆ | 450 | 4.5 |
| | ਬੰਡਾਲਾ ਤੇ ਪੱਖੋਕੇ ਰੋਡ | 200 | 1 |
| 57 | ਤਰਨ ਤਾਰਨ ਫਤਿਆਬਾਦ ਤੋਂ ਚੋਹਲਾ ਸਾਹਿਬ | 182 | 2 |
| 58 | ਰੋਡ ਨਹਿਰ ਤੇ | | |
| 59 | ਤਰਨ ਤਾਰਨ ਨੂਰਦੀ ਤੋਂ ਰੋਡ ਢੰਡ ਕਸੇਲ ਤੱਕ | 2535 | 17 |
| | ਤਰਨ ਤਾਰਨ ਲਾਲੂ ਘੁੰਮਣ ਤੋਂ ਹਸਨ ਪੰਡੋਰੀ ਲਿੰਕ ਰੋਡ | 260 | 2 |
| 60 | ਤਰਨ ਤਾਰਨ ਗੋਇੰਦਵਾਲ ਸਾਹਿਬ ਬੱਸ ਸਟੈਂਡ | 90 | 1 |
| 61 | ਤੋਂ ਜੇਲ੍ਹ ਰੋਡ ਲਿੰਕ | | |
| 62 | ਤਰਨ ਤਾਰਨ ਸ਼ੇਖ ਚੱਕ ਤੋਂ ਕੱਲ੍ਹਾ ਲਿੰਕ ਰੋਡ | 1080 | 2 |
| | ਤਰਨ ਤਾਰਨ ਏਕਲ ਗੱਡਾ ਰੋਹੀ ਦੇ ਕੰਢੇ | 119 | 2 |
| 63 | ਤਰਨ ਤਾਰਨ ਮੁਦਕੀ ਬਾਘਾ ਪੁਰਾਣਾ ਰੋਡ ਤੋਂ | 563 | 3 |
| 64 | ਨੱਥੂ ਵਾਲਾ ਲਿੰਕ ਰੋਡ | | |
| 65 | ਤਰਨ ਤਾਰਨ ਰੋਹੀ ਕੰਢੇ ਤੇ | 156 | 2 |
| | ਨੌਸ਼ਿਹਰਾ ਪੰਨੂਆਂ ਤੋਂ ਲੌਹਕਾ ਰੋਡ | 2761 | 8 |
| 66 | ਮੁੰਬਈ ਤੇ ਪੂਨੇ ਰੋਡ | 10680 | 25 |
| 67 | ਖਡੂਰ ਸਾਹਿਬ ਫਿਰਨੀ ਤੇ ਲੱਗੇ ਬੂਟੇ | 100 | 2 |
| 68 | ਸਰੋਵਰਾਂ ਦੀ ਪਰਿਕਰਮਾ ਚ ਲੱਗੇ ਬੂਟੇ | 2000 | - |
| 69 | ਮਾਨਾਂਵਾਲਾ ਤੋਂ ਨੌਸ਼ਹਿਰਾ ਪੰਨੂਆਂ ਤੱਕ ਹਰੀਕੇ ਰੋਡ | 10857 | 25 |
| 70 | ਕਰਤਾਰਪੁਰ ਕੋਰੀਡੋਰ ਲਾਂਘਾ | 704 | 5 |
| 71 | ਝਬਾਲ ਤੋਂ ਖੇਮਕਰਨ ਰੋਡ | 1531 | 26 |
| 72 | ਬੁੱਢਾ ਦਰਿਆ ਲੁਧਿਆਣਾ ਸ਼ਹਿਰ ਵਿੱਚ | 292 | 5 |
| 73 | ਪਿੰਡ ਮੱਲ੍ਹਾ ਰੋਹੀ ਕੰਢੇ | 43 | - |
| 74 | ਮੁੰਬਈ ਤੋਂ ਪੂਨਾ ਰੋਡ-ਚਾਰ ਲੇਨ | 25000 | 25 |
| 75 | ਫਗਵਾੜਾ ਤੋਂ ਬੰਗਾਂ ਰੋਡ | 800 | 5 |
| 76 | ਪਿੰਡ ਜਹਾਂਗੀਰ ਫਿਰਨੀ | 70 | - |
| 77 | ਬੋਪਾਰਾਏ ਤੋਂ ਸ਼ਹੀਦ ਪਿੰਡ | 600 | 3 |
| 78 | RTO ਨੇੜੇ ਸਰਵਿਸ ਰੋੜ (ਕਲਮਬੋਲੀ) ਮੁੰਬਈ ਮਹਾਂਰਾਸ਼ਟਰ | [illegible] | 5 |
| 79 | ਪਿੰਡ ਮਰਗਿੰਦਪੁਰ (ਨਿੱਕੀ ਮੱਖੀ) ਫਿਰਨੀ ਤੇ ਲਗਾਏ | 100 | 1 |
| 80 | ਰਈਆ ਤੋਂ ਜੱਲੂਪੁਰ ਲਿੰਕ ਸੜਕ | 69 | 1 |
| 81 | ਪਿੰਡ ਅਕਬਰਪੁਰਾ ਬਲਾਕ ਭਿੱਖੀਵਿੰਡ | 125 | 1 |
| 82 | ਭਿੱਖੀਵਿੰਡ ਤੋਂ ਖੇਮਕਰਨ ਰੋਡ | 100 | 2 |
| 83 | ਬੰਗਾਲੀਪੁਰ ਤੋਂ ਲਿੰਕ ਰੋਡ ਸੇਰੋਂ | 100 | 3 |

ਸੰਗਤਾਂ ਦੇ ਭਰਪੂਰ ਸਹਿਯੋਗ ਸਦਕਾ ਵਾਤਾਵਰਨ ਸੰਬੰਧੀ ਸੇਵਾ ਕਾਰਜਾਂ ਦਾ ਘੇਰਾ ਸਮੇਂ ਨਾਲ ਵਿਸ਼ਾਲ ਹੋਣ ਦੇ ਨਾਲ ਨਵੇਂ ਪੌਦੇ ਤਿਆਰ ਕਰਨ ਅਤੇ ਬੂਟਿਆਂ ਦੀ ਸੁਚੱਜੇ ਢੰਗ ਨਾਲ ਮੁੱਢਲੀ ਸਾਂਭ-ਸੰਭਾਲ ਕਰਨ ਵਾਸਤੇ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਦੋ ਵਿਸ਼ਾਲ ਨਰਸਰੀਆਂ- ਇੱਕ ਖਡੂਰ ਸਾਹਿਬ ਵਿਖੇ ਅਤੇ ਦੂਸਰੀ ਗਵਾਲੀਅਰ (ਮੱਧ ਪ੍ਰਦੇਸ਼) ਵਿਖੇ ਸਥਾਪਿਤ ਕੀਤੀਆਂ ਗਈਆਂ ਹਨ। ਇਹਨਾਂ ਨਰਸਰੀਆਂ ਵਿੱਚ ਲਗਭਗ 50-60 ਦੇ ਕਰੀਬ ਵਿਭਿੰਨ ਕਿਸਮਾਂ ਦੇ ਲਗਭਗ ਢਾਈ ਲੱਖ ਪੌਦੇ ਹਰ ਸਮੇਂ ਮੌਜੂਦ ਰੱਖੇ ਜਾਂਦੇ ਹਨ। ਇਹਨਾਂ ਵਿੱਚ ਵੱਖ - ਵੱਖ ਪ੍ਰਕਾਰ ਦੇ ਛਾਂਦਾਰ, ਫੁੱਲਦਾਰ, ਫ਼ਲਦਾਰ ਅਤੇ ਔਸ਼ਧੀ ਵਾਲੇ ਬੂਟੇ ਵਾਤਾਵਰਨ ਕਾਰਜਾਂ ਵਿੱਚ ਲਗਾਉਣ ਵਾਸਤੇ ਤਿਆਰ ਕੀਤੇ ਜਾਂਦੇ ਹਨ। ਗੁਰੂ ਕੀਆਂ ਸੰਗਤਾਂ ਵੱਲੋਂ ਵੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਨਰਸਰੀ ਵਾਸਤੇ ਬੂਟੇ ਤਿਆਰ ਕਰਕੇ ਭੇਜੇ ਜਾਂਦੇ ਹਨ।

50 ਦੇ ਕਰੀਬ ਸੇਵਾਦਾਰ ਅਤੇ 12 ਪਾਣੀ ਵਾਲੇ ਟੈਂਕਰ ਵਾਤਾਵਰਨ ਸੰਭਾਲ ਸੇਵਾਵਾਂ ਵਾਸਤੇ ਦਿਨ ਰਾਤ ਤਤਪਰ ਹੋ ਕੇ ਕਾਰਜਸ਼ੀਲ ਹਨ। ਨਰਸਰੀ, ਸੜਕਾਂ, ਬਾਗ਼, ਜੈਵਿਕ ਖੇਤੀ ਅਤੇ ਜੰਗਲਾਂ ਆਦਿ ਦੇ ਕਾਰਜਾਂ ਵਾਸਤੇ ਸੇਵਾਦਾਰਾਂ ਦੇ ਵੱਖ-ਵੱਖ ਸਮੂਹ ਬਣਾਏ ਗਏ ਹਨ। ਛੱਪੜਾਂ, ਟੋਬਿਆਂ ਅਤੇ ਨਹਿਰਾਂ ਆਦਿ ਤੋਂ ਪਾਣੀ ਲੈ ਕੇ ਵਾਤਾਵਰਨ ਸੰਭਾਲ ਕਾਰਜਾਂ ਵਿੱਚ ਵਰਤਣ ਲਈ ਨਗਰ ਮੰਡਾਲਾ ਅਤੇ ਜਹਾਂਗੀਰ ਸਮੇਤ ਤਿੰਨ ਮਸ਼ੀਨੀ ਉਪਕਰਨ ਟੈਂਕਰ ਗੱਡੀਆਂ ਉੱਪਰ ਵੀ ਲਗਾਏ ਗਏ ਹਨ ਜੋ ਕਾਫ਼ੀ ਲਾਹੇਵੰਦ ਸਾਬਤ ਹੋ ਰਹੇ ਹਨ।ਗੁਰੂ ਸਾਹਿਬ ਜੀ ਨੇ ਜੀਵ-ਜੰਤੂਆਂ ਅਤੇ ਮਨੁੱਖਾਂ ਦੀ ਖੁਸ਼ਹਾਲੀ ਅਤੇ ਕੁਦਰਤ ਦੀ ਹਰਿਆਲੀ ਵਾਸਤੇ ਵੱਖ ਵੱਖ ਸਥਾਨਾਂ ਉੱਪਰ ਬਾਗ਼ ਲਗਵਾਏ।


## ਬਾਗਾਂ ਦਾ ਵੇਰਵਾ

ਇਸੇ ਗੁਰਮਤਿ ਪਰੰਪਰਾ ਦੇ ਅੰਤਰਗਤ ਸੰਸਥਾ ਵੱਲੋਂ ਬਾਗ਼ਾਂ ਹੇਠ ਰਕਬਾ ਵਧਾਉਣ ਦੇ ਵੀ ਕਾਰਜ ਤਹਿਤ ਹੁਣ ਤੱਕ ਲਗਭਗ 370 ਏਕੜ ਫ਼ਲਦਾਰ ਬਾਗ਼ ਲਗਾਏ ਜਾ ਚੁੱਕੇ ਹਨ। ਉਪਰੋਕਤ ਕਾਰਜ ਅਧੀਨ 500 ਏਕੜ ਬਾਗ਼ ਲਗਾਉਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ। ਪਿੰਡਾਂ ਅਤੇ ਜਨਤਕ ਥਾਵਾਂ ਨੂੰ ਸ਼ੁੱਧ ਵਾਤਾਵਰਨ ਅਤੇ ਹਰਿਆਵਲ ਭਰਪੂਰ ਦਿੱਖ ਦੇਣ ਵਾਸਤੇ 50 ਪਿੰਡਾਂ ਦੀਆਂ ਫਿਰਨੀਆਂ, ਜਨਤਕ ਥਾਂਵਾਂ, ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਸਮਸ਼ਾਨ ਭੂਮੀਆਂ ਆਦਿ ਵਿੱਚ ਵੀ ਰੁੱਖ ਲਗਾਏ ਗਏ ਹਨ।ਪਰੰਪਰਾਗਤ ਅਤੇ ਦੇਸੀ ਪੌਦਿਆਂ ਦੀ ਵੱਡਮੁੱਲੀ ਮਹੱਤਤਾ ਦੇ ਤਹਿਤ 6000 ਬੋਹੜ, 6000 ਪਿੱਪਲ ਅਤੇ 6000 ਪਿਲਕਣ ਦੇ ਰੁੱਖ ਵੱਖ-ਵੱਖ ਖੁੱਲ੍ਹੀਆਂ ਥਾਵਾਂ ਅਤੇ ਨਹਿਰਾਂ ਆਦਿ ਦੇ ਕਿਨਾਰਿਆਂ `ਤੇ ਲਗਾਏ ਜਾ ਚੁੱਕੇ ਹਨ, ਜੋ ਭਰਪੂਰ ਮਾਤਰਾ ਵਿੱਚ ਆਕਸੀਜਨ ਦੇਣ ਦੇ ਨਾਲ-ਨਾਲ ਪਸ਼ੂ-ਪੰਛੀਆਂ ਨੂੰ ਰੈਣ-ਬਸੇਰਾ ਅਤੇ ਖ਼ੁਰਾਕ ਵੀ ਪ੍ਰਦਾਨ ਕਰ ਰਹੇ ਹਨ।


| ਲੜੀ ਨੰ | ਜਗ੍ਹਾ ਦਾ ਨਾਂ | ਰੁੱਖਾ ਦੀ ਗਿਣਤੀ | ਰਕਬਾ (ਮਰਲੇ) |
|---|---|---|---|
| 1 | 1999 ਤੋਂ ਲੈ ਕੇ 2006 ਤੱਕ | 24035 | - |
| 2 | ਸਰਦਾਰ ਗੁਰਮੇਜ ਸਿੰਘ ਮੱਲ੍ਹਾ USA ਵਾਲੇ | 1894 | 1600 |
| 3 | ਸਵਰਨ ਸਿੰਘ ਖਡੂਰ ਸਾਹਿਬ | 125 | 160 |
| 4 | ਜਸਵੰਤ ਸਿੰਘ ਖਡੂਰ ਸਾਹਿਬ | 350 | 320 |
| 5 | ਹਰਬੰਸ ਸਿੰਘ ਮੁਗਲਾਣੀ | 563 | 640 |
| 6 | ਸਤਨਾਮ ਸਿੰਘ ਝੰਡੇਰ | 750 | 720 |
| 7 | ਮੱਖਣ ਸਿੰਘ ਖਡੂਰ ਸਾਹਿਬ | 140 | 160 |
| 8 | ਹਰਦੀਪ ਸਿੰਘ ਖਡੂਰ ਸਾਹਿਬ | 82 | 80 |
| 9 | ਤਰਲੋਕ ਸਿੰਘ ਖਡੂਰ ਸਾਹਿਬ | 157 | 160 |
| 10 | ਸਰਬਜੀਤ ਸਿੰਘ ਬਾਣੀਆਂ | 150 | 200 |
| 11 | ਕਰਮ ਸਿੰਘ ਮਹਿਤੀਆ | 60 | 80 |
| 12 | ਡਾ. ਗੋਪਾਲ ਸਿੰਘ ਬਿਹਾਰੀਪੁਰ | 444 | 480 |
| 13 | ਦਾਰਾ ਸਿੰਘ ਆਲਮਪੁਰ | 165 | 160 |
| 14 | ਬਲਵੰਤ ਸਿੰਘ ਖਡੂਰ ਸਾਹਿਬ | 110 | 240 |
| 15 | ਹਰਮਨ ਸਿੰਘ ਖਡੂਰ ਸਾਹਿਬ | 77 | 160 |
| 16 | ਬਲਕਾਰ ਸਿੰਘ ਖਡੂਰ ਸਾਹਿਬ | 80 | 160 |
| 17 | ਨਰਿੰਦਰ ਸਿੰਘ ਖਡੂਰ ਸਾਹਿਬ | 165 | 160 |
| 18 | ਸਵਰਨ ਸਿੰਘ ਖਡੂਰ ਸਾਹਿਬ | 125 | 160 |
| 19 | ਸੁਰਜੀਤ ਸਿੰਘ ਬਾਠ | 245 | 320 |
| 20 | ਰਤਨ ਸਿੰਘ ਬਾਣੀਆ | 165 | 160 |
| 21 | ਗੁਰਬਿੰਦਰ ਸਿੰਘ ਫਤਿਹਾਬਾਦ | 476 | 560 |
| 22 | ਅਜੀਤ ਸਿੰਘ ਫਤਿਹਾਬਾਦ | 650 | 520 |
| 23 | ਨੈਬ ਸਿੰਘ ਖਡੂਰ ਸਾਹਿਬ | 150 | 160 |
| 24 | ਹਰਵੰਤ ਸਿੰਘ ਖਡੂਰ ਸਾਹਿਬ | 160 | 320 |
| 25 | ਵਰਿਆਮ ਸਿੰਘ ਖਡੂਰ ਸਾਹਿਬ | 327 | 160 |
| 26 | ਮਿਲਖਾ ਸਿੰਘ ਗਗੜੇਵਾਲ | 155 | 160 |
| 27 | ਨਿਸ਼ਾਨ ਸਿੰਘ ਗਗੜੇਵਾਲ | 80 | 80 |
| 28 | ਕੁਲਬੀਰ ਸਿੰਘ ਢੋਟੀਆਂ | 1770 | 2560 |
| 29 | ਜਰਨੈਲ ਸਿੰਘ ਢੋਟੀਆਂ | 1668 | 2400 |
| 30 | ਕਰਨੈਲ ਸਿੰਘ ਢੋਟੀਆਂ | 138 | 192 |
| 31 | ਹਰਜੀਤ ਸਿੰਘ ਖਡੂਰ ਸਾਹਿਬ | 110 | 192 |
| 32 | ਮਨਜੀਤ ਸਿੰਘ ਖਡੂਰ ਸਾਹਿਬ | 110 | 160 |

| ਲੜੀ ਨੰ | ਜਗ੍ਹਾ ਦਾ ਨਾਂ | ਰੁੱਖਾ ਦੀ ਗਿਣਤੀ | ਰਕਬਾ (ਮਰਲੇ) |
|---|---|---|---|
| 33 | ਗੁਲਜਾਰ ਸਿੰਘ ਹੋਠੀਆਂ | 85 | 160 |
| 34 | ਬਲਵੰਤ ਸਿੰਘ ਕੱਲ੍ਹਾ | 88 | 160 |
| 35 | ਗੁ: ਬਾਬਾ ਮੱਲ੍ਹਾ ਕੱਲਾ | 230 | 240 |
| 36 | ਜਹਾਜ ਵਾਲੇ ਖਡੂਰ ਸਾਹਿਬ | 130 | 160 |
| 37 | ਰਣਜੀਤ ਸਿੰਘ ਚੱਕ ਮਹਿਲ | 220 | 160 |
| 38 | ਅਮਰ ਸਿੰਘ ਚੱਕੀ ਵਾਲੇ ਖਡੂਰ ਸਾਹਿਬ | 336 | 160 |
| 39 | ਮਾਸਟਰ ਜਸਵੰਤ ਸਿੰਘ ਖਡੂਰ ਸਾਹਿਬ | 190 | 160 |
| 40 | ਬਲਕਾਰ ਸਿੰਘ ਬਿਹਾਰੀਪੁਰ | 225 | 160 |
| 41 | ਮੀਆਵਿੰਡ | 120 | 160 |
| 42 | ਗੁਰਦੁਆਰਾ ਸਾਹਿਬ | 4771 | 4800 |
| 43 | ਗੁਰਦੁਆਰਾ ਕੋਠਾ ਗੁਰੂ ਕਾ | 120 | 160 |
| 44 | ਪਰਤਾਪ ਸਿੰਘ ਢੋਟਾ | 260 | 160 |
| 45 | ਕੁਲਬੀਰ ਸਿੰਘ ਢੋਟਾ | 2400 | 3200 |
| 46 | ਸ ਦਇਆ ਸਿੰਘ ਢੋਟਾ | 3600 | 4800 |
| 47 | ਸ ਜੋਗਿੰਦਰ ਸਿੰਘ ਢੋਟਾ | 3600 | 4800 |
| 48 | ਸ. ਗੁਰਪਾਲ ਸਿੰਘ ਜੀ ਪਿੰਡ ਰਾਮਪੁਰ ਭੂਤ ਵਿੰਡ | 150 | 240 |
| 49 | ਸ੍ਰ. ਸੁਖਜਿੰਦਰ ਸਿੰਘ ਗਿੱਲ ਪਿੰਡ ਵਿੜਿੰਗ ਸੂਬਾ ਸਿੰਘ | 622 | 1200 |
| 50 | ਸ. ਗੁਰਬਚਨ ਸਿੰਘ ਕਰਮੂਵਾਲ, ਤਰਨ ਤਾਰਨ | 1035 | 1840 |
| 51 | ਤਜਿੰਦਰਪਾਲ ਸਿੰਘ ਪਿੰਡ ਕੱਕਾ ਕੰਡਿਆਲਾ ਜਿਲ੍ਹਾ ਤਰਨ ਤਾਰਨ | 60 | 160 |
| 52 | ਸਾਧੂ ਸਿੰਘ ਖਡੂਰ ਸਾਹਿਬ | 110 | 160 |
| 53 | ਕਰਮ ਸਿੰਘ ਖਡੂਰ ਸਾਹਿਬ | 110 | 160 |
| 54 | ਜਾਗੀਰ ਸਿੰਘ ਅਲੋਵਾਲ | 110 | 480 |
| 55 | ਸੇਵਾ ਸਿੰਘ ਸਰਹਾਲੀ | 385 | 480 |
| 56 | ਗੁਰਦੁਆਰਾ ਸਾਹਿਬ ਮੰਡਾਲਾ | 471 | 400 |
| 57 | ਸ. ਗੁਰਦੇਵ ਸਿੰਘ ਖਡੂਰ ਸਾਹਿਬ (USA) | 260 | 320 |
| 58 | ਸ. ਅਲਵਿੰਦਰਪਾਲ ਸਿੰਘ ਪੱਖੋਕੇ | 710 | 1600 |
| 59 | ਸ. ਬਲਵਿੰਦਰ ਸਿੰਘ (ਹਾਕੀ ਕੋਚ) ਪਿੰਡ ਬੁਤਾਲਾ | 90 | 160 |
| 60 | ਸ. ਕਾਬਲ ਸਿੰਘ ਅਤੇ ਸਰਦਾਰਨੀ ਜਸਵੰਤ ਕੌਰ (ਜਵੰਦਪੁਰ), ਕੈਨੇਡਾ | 524 | 480 |
| 61 | ਕੁਲਦੀਪ ਸਿੰਘ ਸਪੁੱਤਰ ਸ. ਮਹਿੰਦਰ ਸਿੰਘ ਫਤਿਆਬਾਦ, ਤਰਨ ਤਾਰਨ | 465 | 800 |
| 62 | ਹਰਨੇਕ ਸਿੰਘ ਸਪੁੱਤਰ ਸ. ਸੰਤੋਖ ਸਿੰਘ ਪਿੰਡ ਦੇਉ ਤਰਨ ਤਾਰਨ | 474 | 800 |
| 63 | ਗੁਰਵਿੰਦਰ ਸਿੰਘ ਸਪੁੱਤਰ ਸ. ਅਮਰੀਕ ਸਿੰਘ ਪਿੰਡ ਹਰਦੋ ਚੱਕ ਬਾਬਾ | 303 | 800 |
| 64 | ਸਰਬਜੀਤ ਸਿੰਘ ਸਪੁੱਤਰ ਸ. ਹਰਨਾਮ ਸਿੰਘ ਪਿੰਡ ਬਾਠ ਖੁਰਦ ਤਰਨ ਤਾਰਨ | 525 | 1120 |
| 65 | ਸੁਖਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਪਿੰਡ ਭਿੰਡਰ | 1277 | 1280 |





**ਜੈਵਿਕ ਖੇਤੀ :** ਵਾਹੀਯੋਗ ਜ਼ਮੀਨ ਨੂੰ ਨਦੀਨ ਨਾਸ਼ਕ, ਕੀਟ ਨਾਸ਼ਕ ਆਦਿ ਮਾਰੂ ਜ਼ਹਿਰਾਂ ਤੋਂ ਮੁਕਤ ਕਰਨ ਵਾਸਤੇ ਸੰਸਥਾ ਵੱਲੋਂ ਜੈਵਿਕ ਖੇਤੀ ਕੀਤੀ ਜਾਂਦੀ ਹੈ। ਇਸ ਵਿੱਚ ਦੇਸੀ ਰੂੜੀ, ਗੋਡੀ, ਜੈਵਿਕ ਖਾਦ, ਖੱਟੀ ਲੱਸੀ ਆਦਿ ਦੀ ਵਰਤੋਂ ਕਰ ਕੇ ਫ਼ਸਲਾਂ, ਸਬਜ਼ੀਆਂ ਅਤੇ ਫ਼ਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ ਅਤੇ ਕਿਸੇ ਵੀ ਪ੍ਰਕਾਰ ਦੇ ਰਸਾਇਣਕ ਪਦਾਰਥਾਂ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਜਾਂਦੀ। ਜੈਵਿਕ ਖੇਤੀ ਦੀ ਇਸ ਕੁਦਰਤੀ ਉਪਜ ਦੀਆਂ ਵੱਖ-ਵੱਖ ਰਸਦਾਂ ਤਿਆਰ ਕਰਕੇ ਗੁਰੂ ਕੇ ਲੰਗਰਾਂ ਵਿੱਚ ਸੰਗਤਾਂ ਨੂੰ ਛਕਾਈਆਂ ਜਾਂਦੀਆਂ ਹਨ। ਇਸ ਕਾਰਜ ਵਾਸਤੇ ਸਮੇਂ ਸਮੇਂ ਖੇਤੀਬਾੜੀ ਕਰਨ ਵਾਲੇ ਕਿਸਾਨ ਭਰਾਵਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸਦੇ ਨਾਲ ਹੀ ਜੀਵ ਜੰਤੂਆਂ ਦੀ ਖੁਸ਼ਹਾਲੀ, ਮਿੱਟੀ ਦੀ ਉਪਜਾਊ ਸ਼ਕਤੀ ਅਤੇ ਜਲਵਾਯੂ ਤਬਦੀਲੀ ਦੇ ਮੱਦੇਨਜ਼ਰ ਸੰਸਥਾ ਵਲੋਂ ਪਰਾਲੀ ਸਾੜਨ ਉੱਪਰ ਪਿਛਲੇ ਕਈ ਸਾਲਾਂ ਤੋਂ ਮੁਕੰਮਲ ਰੂਪ ਵਿੱਚ ਪਾਬੰਦੀ ਲਗਾਈ ਗਈ ਹੈ।





**ਪਾਰਕਾਂ :** ਚੌਗਿਰਦੇ ਦੀ ਸੁੰਦਰਤਾ ਅਤੇ ਹਰਿਆਲੀ ਵਾਸਤੇ ਅਹਿਮ ਭੂਮਿਕਾ ਨਿਭਾਉਂਦਿਆਂ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵੱਖ-ਵੱਖ ਇਤਿਹਾਸਿਕ ਅਸਥਾਨਾਂ, ਵਿੱਦਿਅਕ ਸੰਸਥਾਂਵਾਂ, ਨਿਵਾਸ ਅਸਥਾਨਾਂ, ਰਿਹਾਇਸ਼ੀ ਇਲਾਕਿਆਂ ਅਤੇ ਜਨਤਕ ਥਾਵਾਂ ਵਿੱਚ 50 ਹਰਿਆਵਲ ਭਰਪੂਰ ਪਾਰਕਾਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਸਮੇਂ-ਸਮੇਂ ਇਸਦੀ ਸਾਂਭ- ਸੰਭਾਲ ਵੀ ਕੀਤੀ ਜਾਂਦੀ ਹੈ।

ਗੁਰਦੁਆਰਾ ਤਪਿਆਣਾ ਸਾਹਿਬ ਵਿਖੇ ਸਰੋਵਰ ਦੀ ਪਰਿਕਰਮਾ ਵਿੱਚ ਮਨਮੋਹਕ ਫੁੱਲਦਾਰ ਅਤੇ ਫ਼ਲਦਾਰ ਪੌਦੇ ਲਗਾਉਣ ਦੀ ਸੇਵਾ ਦੇ ਅੰਤਰਗਤ ਅੰਬ ਦੇ ਰੁੱਖ ਅਤੇ ਬੋਗਨਵਿਲੀਆ ਦੀਆਂ ਵੇਲਾਂ ਲਗਾਉਣ ਦਾ ਵਿਸ਼ੇਸ਼ ਉਪਰਾਲਾ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਕੀਤਾ ਗਿਆ।

**ਪਾਣੀ ਦੀ ਸੰਭਾਲ :** ਗੁਰੂ ਸਾਹਿਬ ਜੀ ਦਾ ਫੁਰਮਾਨ ਹੈ - "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥" ਪਾਣੀ ਦੀ ਅਨਮੋਲ ਦਾਤ ਪ੍ਰਤੀ ਮਨੁੱਖੀ ਲਾਪਰਵਾਹੀ ਦੇ ਤਹਿਤ ਅੰਕੜਿਆਂ ਮੁਤਾਬਿਕ ਸੰਸਾਰ ਦੀ ਅੱਠ ਅਰਬ ਤੋਂ ਜ਼ਿਆਦਾ ਆਬਾਦੀ ਵਿੱਚੋਂ ਢਾਈ ਅਰਬ ਆਬਾਦੀ ਨੂੰ ਅੱਜ ਵੀ ਪੀਣ ਵਾਲੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਣੀ ਦੀ ਦੁਰਵਰਤੋਂ ਕਾਰਨ ਜ਼ਮੀਨਦੋਜ਼ ਪਾਣੀ ਦੇ ਘੱਟਦੇ ਜਾ ਰਹੇ ਪੱਧਰ ਨੂੰ ਠੱਲ ਪਾਉਣ ਵਾਸਤੇ ਅਤੇ ਮੀਂਹ ਦੇ ਪਾਣੀ ਦੀ ਸੁਚੱਜੀ ਸੰਭਾਲ ਵਾਸਤੇ ਸੰਸਥਾ ਬਰਸਾਤੀ ਪਾਣੀ ਨੂੰ ਭੂਮੀਗਤ ਕਰਨ ਵਾਸਤੇ ਵੱਖ ਵੱਖ ਥਾਂਵਾਂ ਉੱਤੇ ਹੁਣ ਤੱਕ 15 ਪ੍ਰਾਜੈਕਟ ਲਗਾ ਚੁੱਕੀ ਹੈ ਜੋ ਸਫ਼ਲਤਾ ਪੂਰਵਕ ਕਾਰਜਸ਼ੀਲ ਹਨ।

## ਸੰਸਥਾ ਦੁਆਰਾ ਸੋਲਰ ਸਿਸਟਮ ਆਰੰਭਤਾ ਸੰਨ 2017

ਵੱਧ ਰਹੀਆਂ ਊਰਜਾ ਖ਼ਪਤਾਂ ਕਾਰਨ ਪੈਦਾ ਹੋ ਰਹੇ ਆਲਮੀ ਤਪਸ਼ ਵਿਚਲੇ ਵਾਧੇ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਸੰਸਾਰ ਪੱਧਰ 'ਤੇ ਪ੍ਰਦੂਸ਼ਣ ਯੁਕਤ ਜੈਵਿਕ ਬਾਲਣ ਦੀ ਜਗ੍ਹਾ ਊਰਜਾ ਦੇ ਨਵੀਨਯੋਗ ਅਤੇ ਪ੍ਰਦੂਸ਼ਣ ਰਹਿਤ ਬਦਲਵੇਂ ਪ੍ਰਬੰਧਾਂ ਦੀ ਲੋੜ ਹੈ। ਇਸ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵਲੋਂ ਵੱਖ ਵੱਖ ਇਮਾਰਤਾਂ ਉੱਤੇ ਹੁਣ ਤੱਕ 518 ਕਿਲੋਵਾਟ ਸਮਰੱਥਾ ਵਾਲੇ ਸੂਰਜੀ ਊਰਜਾ ਪੈਨਲ ਸਥਾਪਿਤ ਕਰਕੇ ਚਾਲੂ ਕੀਤੇ ਜਾ ਚੁੱਕੇ ਹਨ। ਇਹਨਾਂ ਵੱਲੋਂ ਹੁਣ ਤੱਕ 21,46,451 ਯੂਨਿਟ ਬਿਜਲੀ ਉਤਪਾਦਨ ਕਰਕੇ ਵਾਯੂਮੰਡਲ ਵਿੱਚ ਲਗਭਗ 1760.06 ਟਨ ਕਾਰਬਨ ਨਿਕਾਸ ਹੋਣ ਤੋਂ ਰੋਕਿਆ ਜਾ ਚੁੱਕਾ ਹੈ। ਇਹ ਉਪਰਾਲਾ ਆਲਮੀ ਤਪਸ਼ ਵਿੱਚ ਹੋਣ ਵਾਲੇ ਵਾਧੇ ਨੂੰ ਠੱਲ ਪਾਉਣ ਵਿੱਚ ਸਹਾਇਕ ਹੋਵੇਗਾ।

ਮਨੁੱਖੀ ਮਨਮਾਨੀਆਂ ਕਾਰਨ ਸਮੁੱਚੇ ਜੀਵ ਜੰਤੂਆਂ ਦੇ ਕੁਦਰਤੀ ਰੈਣ-ਬਸੇਰੇ ਅਜੋਕੇ ਵਿਕਾਸ ਦੀਆਂ ਵਿਨਾਸ਼ਕਾਰੀ ਪਰਤਾਂ ਹੇਠ ਕੁਚਲੇ ਜਾ ਰਹੇ ਹਨ। ਇਸ ਵਜੋਂ ਕੁਦਰਤੀ ਪ੍ਰਣਾਲੀ ਚੱਕਰ, ਭੋਜਨ ਲੜੀਆਂ ਅਤੇ ਸੰਤੁਲਨ ਵਿੱਚ ਵਿਗਾੜ ਪੈਦਾ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਟਿਕਾਊ ਵਿਕਾਸ ਦਾ ਮੁੱਦਾ ਦੁਨੀਆਂ ਦੇ ਸਾਰੇ ਵੱਡੇ-ਛੋਟੇ ਕਾਰਜ ਖੇਤਰਾਂ ਵਿੱਚ ਸਭ ਤੋਂ ਸੰਵੇਦਨਸ਼ੀਲ ਅਤੇ ਪ੍ਰਾਥਮਿਕ ਪੱਧਰ `ਤੇ ਉੱਭਰ ਕੇ ਸਾਹਮਣੇ ਆ ਰਿਹਾ ਹੈ।



ਬਾਬਾ ਗੁਰਮੁੱਖ ਸਿੰਘ ਬਾਬਾ ਉਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ



ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ



ਬਾਬਾ ਉਤਮ ਸਿੰਘ ਜੀ ਯਾਤਰੀ ਨਿਵਾਸ



ਮਾਤਾ ਖੀਵੀ ਜੀ ਲੰਗਰ ਹਾਲ

**ਖੱਦਰ ਦੇ ਥੈਲੇ :** ਪਲਾਸਟਿਕ ਦੇ ਥੈਲੇ (ਪਾਲੀਇਥੀਨ ਲਿਫਾਫ਼ੇ) ਨਾ-ਗਲਣਸ਼ੀਲ ਅਤੇ ਗੈਰ ਕੁਦਰਤੀ ਰਸਾਇਣਕ ਬਣਤਰ ਦੇ ਹੋਣ ਕਾਰਨ ਕੁਦਰਤ ਦੇ ਵੱਖ-ਵੱਖ ਸਰੋਤਾਂ ਅਤੇ ਇਸ ਵਿਚਲੇ ਪ੍ਰਾਣੀਆਂ ਵਾਸਤੇ ਭਾਰੀ ਸਮੱਸਿਆ ਅਤੇ ਗੰਦਗੀ ਪੈਦਾ ਕਰ ਰਹੇ ਹਨ। ਇਹਨਾਂ ਦੀ ਜਗ੍ਹਾ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਕੁਦਰਤ ਪੱਖੀ, ਦੁਬਾਰਾ ਵਰਤਣਯੋਗ, ਮਜ਼ਬੂਤ ਖੱਦਰ ਦੇ ਥੈਲੇ ਤਿਆਰ ਕਰਵਾ ਕੇ ਵੰਡੇ ਜਾਂਦੇ ਹਨ ਅਤੇ ਇਹਨਾਂ ਦੀ ਵਰਤੋਂ ਵਾਸਤੇ ਸਭ ਨੂੰ ਪ੍ਰੇਰਿਤ ਵੀ ਕੀਤਾ ਜਾਂਦਾ ਹੈ ਤਾਂ ਜੋ ਪਲਾਸਟਿਕ ਥੈਲਿਆਂ ਦੀ ਵਰਤੋਂ ਘਟਾਈ ਜਾ ਸਕੇ। ਸਵ: ਬੀਬੀ ਮਨਜੀਤ ਕੌਰ ਯੂ.ਐੱਸ.ਏ. ਦੇ ਵਿਸ਼ੇਸ਼ ਸਹਿਯੋਗ ਸਦਕਾ ਉਪਰੋਕਤ ਥੈਲੇ 12,650 ਤੋਂ ਵਧੇਰੇ ਗਿਣਤੀ ਵਿੱਚ ਸੰਸਥਾ ਦੇ ਵਿਦਿਆਰਥੀਆਂ, ਅਧਿਆਪਕਾਂ, ਆਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਵਰਤਾਏ ਜਾ ਚੁੱਕੇ ਹਨ।







## ਥੈਲੇ ਦਾ ਮਾਪ

**· ਉਚਾਈ = 36 ਸੈ.ਮੀ. · ਲੰਬਾਈ = 35 ਸੈ.ਮੀ. · ਚੌੜਾਈ = 11 ਸੈ.ਮੀ.**

**ਪਲਾਸਟਿਕ ਥੈਲਿਆਂ ਦੀ ਰੋਕਥਾਮ**
**ਸੰਸਥਾ ਵਿੱਚ ਆਉਣ ਵਾਲੇ ਮਹਿਮਾਨਾਂ ਨੂੰ ਇਹ ਥੈਲੇ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।**
**ਹੁਣ ਤੱਕ ਕੁੱਲ 12650 ਥੈਲੇ ਵੰਡੇ ਜਾ ਚੁੱਕੇ ਹਨ।**

**ਜੰਗਲ ਝਿੜੀਆਂ :** ਗੁਰਬਾਣੀ ਦੇ ਉਪਦੇਸ਼ "ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" ਅਨੁਸਾਰ ਧਰਤੀ `ਤੇ ਰਹਿਣ ਵਾਲੇ ਸਮੁੱਚੇ ਜੀਵ ਜੰਤੂਆਂ ਦੀਆਂ ਮੁੱਢਲੀਆਂ ਲੋੜਾਂ ਅਤੇ ਜੈਵਿਕ ਵਿਭਿੰਨਤਾ ਨੂੰ ਮੁੱਖ ਰੱਖਦੇ ਹੋਏ ਬਾਬਾ ਸੇਵਾ ਸਿੰਘ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੰਨ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸ਼ਤਾਬਦੀ ਗੁਰਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਨਾਨਕ ਯਾਦਗਾਰੀ ਜੰਗਲ ਲਗਾਉਣ ਦਾ ਸ਼ਲਾਘਾਯੋਗ ਉਪਰਾਲੇ ਦੀ ਆਰੰਭਤਾ ਕੀਤੀ ਗਈ। ਇਸ ਤਹਿਤ 550 ਛੋਟੇ ਜੰਗਲ ਅਤੇ ਝਿੜੀਆਂ ਸਥਾਪਿਤ ਕਰਨ ਦਾ ਟੀਚਾ ਮਿਥਿਆ ਗਿਆ। ਗੁਰੂ ਕਿਰਪਾ ਸਦਕਾ ਸੰਗਤਾਂ ਵਿੱਚ ਇਸ ਮੁਹਿੰਮ ਪ੍ਰਤੀ ਭਾਰੀ ਉਤਸ਼ਾਹ ਦੇ ਚੱਲਦਿਆਂ ਹੁਣ ਤੱਕ ਵੱਖ-ਵੱਖ ਜ਼ਮੀਨਾਂ ਵਿੱਚ 363 ਗੁਰੂ ਨਾਨਕ ਯਾਦਗਾਰੀ ਜੰਗਲ ਲੱਗ ਚੁੱਕੇ ਹਨ। ਹੁਣ ਤੱਕ ਲਗਭਗ 175 ਏਕੜ ਦੇ ਕਰੀਬ ਰਕਬਾ ਜੰਗਲਾਂ ਹੇਠ ਆ ਚੁੱਕਾ ਹੈ । ਇਹਨਾਂ ਵਿੱਚ ਘੱਟੋ ਘੱਟ ਇੱਕ ਕਨਾਲ ਤੋਂ ਲੈ ਕੇ ਤਿੰਨ ਏਕੜ ਤੱਕ ਦੀਆਂ ਝਿੜੀਆਂ ਪ੍ਰਫੁੱਲਿਤ ਹੋ ਚੁੱਕੀਆਂ ਹਨ। ਇੱਕ ਜੰਗਲ ਵਿੱਚ ਕੁੱਲ 50 ਕਿਸਮ ਦੇ ਪੌਦੇ ਲਗਾਏ ਜਾਂਦੇ ਹਨ।

ਜਿਸ ਵਿੱਚ 25 ਪ੍ਰਤੀਸ਼ਤ ਪ੍ਰਤੇਕ ਦੇ ਹਿਸਾਬ ਨਾਲ ਫੁੱਲਦਾਰ, ਫ਼ਲਦਾਰ, ਛਾਂਦਾਰ ਅਤੇ ਦਵਾਈਆਂ ਵਾਲੇ ਬੂਟੇ ਸ਼ਾਮਿਲ ਹੁੰਦੇ ਹਨ। ਸ਼੍ਰੋ.ਗੁ.ਪ੍ਰ. ਕਮੇਟੀ ਵੱਲੋਂ ਪ੍ਰਬੰਧ ਅਧੀਨ 50 ਇਤਿਹਾਸਿਕ ਗੁਰਧਾਮਾਂ ਦੀਆਂ ਜ਼ਮੀਨਾਂ ਵਿੱਚ ਵੀ ਇੱਕ-ਇੱਕ ਏਕੜ ਰਕਬਾ ਗੁਰੂ ਨਾਨਕ ਯਾਦਗਾਰੀ ਜੰਗਲਾਂ ਨੂੰ ਸਮਰਪਿਤ ਕਰਨ ਵਾਸਤੇ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਤਹਿਤ ਹੁਣ ਤੱਕ 12 ਜੰਗਲ ਇਤਿਹਾਸਿਕ ਗੁਰਧਾਮਾਂ ਵਿਖੇ ਸੋਭ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਇਹ ਜੰਗਲ-ਝਿੜੀਆਂ ਜੀਵ ਵਿਭਿੰਨਤਾ ਨੂੰ ਭਰਵਾਂ ਹੁੰਗਾਰਾ ਪ੍ਰਦਾਨ ਕਰਦੇ ਹੋਏ ਜੀਵਾਂ ਦੇ ਰੈਣ-ਬਸੇਰੇ ਸਹਿਤ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨਗੇ ਅਤੇ ਵਾਤਾਵਰਨ ਸ਼ੁੱਧ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਉਣਗੇ।

## ਬੂਟਿਆਂ ਅਤੇ ਵਾਤਾਵਰਨ ਦੀ ਸੇਵਾ ਕਰਨ ਵਾਲੇ ਸ਼ਰਧਾਲੂਆਂ ਦੇ ਨਾਮ

| ਲੜੀ ਨੰ | ਸ਼ਰਧਾਲੂਆਂ ਦੇ ਨਾਮ |
|---|---|
| 1 | ਸ: ਨਰਿੰਦਰਜੀਤ ਸਿੰਘ (IAS) |
| 2 | ਸ: ਨਿਰਮਲਜੀਤ ਸਿੰਘ ਰੰਧਾਵਾ |
| 3 | ਸ੍ਰ. ਪ੍ਰਗਟ ਸਿੰਘ (ਸਾਬਕਾ ਡਿਪਟੀ ਡਾਇਰੈਕਟਰ) |
| 4 | ਸ੍ਰ ਰਜਿੰਦਰਪਾਲ ਸਿੰਘ (ਰੇਲ ਕੋਚ ਫੈਕਟਰੀ) |
| 5 | ਸ੍ਰ. ਕਰਨੈਲ ਸਿੰਘ ਚੇਅਰਮੈਨ (ਪਿੰਡ: ਨਾਗ) |
| 6 | ਡਾ. ਰਘਬੀਰ ਸਿੰਘ (ਨਾਗੋਕੇ) |

| ਲੜੀ ਨੰ | ਸ਼ਰਧਾਲੂਆਂ ਦੇ ਨਾਮ |
|---|---|
| 7 | ਸ੍ਰੀ ਬਿਪਨ ਡੋਗਰਾ (ਰੇਲ ਕੋਚ ਫੈਕਟਰੀ) |
| 8 | ਸ੍ਰੀ ਕਿਸ਼ਨ ਚੋਧਰੀ (ਰੇਲ ਕੋਚ ਫੈਕਟਰੀ) |
| 9 | ਸ੍ਰ. ਬਲਵਿੰਦਰ ਸਿੰਘ (ਕਪੂਰਥਲਾ) |
| 10 | ਸ੍ਰ. ਦਰਬਾਰਾ ਸਿੰਘ (ਕੁੜੀਵਲਾਹ) |
| 11 | ਸ੍ਰ. ਤਜਿੰਦਰਪਾਲ ਸਿੰਘ (ਤਰਨ-ਤਾਰਨ) |
| 12 | ਸ੍ਰ. ਜਸਜੀਤ ਸਿੰਘ (ਵੇਈਂ-ਪੂਈਂ) |
| 13 | ਸ੍ਰ. ਗੁਰਮੀਤ ਸਿੰਘ (ਚੀਫ਼ ਵਣ ਵਿਭਾਗ) |

## ਜੰਗਲਾਂ ਵਿੱਚ ਕੁੱਲ 50 ਕਿਸਮ ਦੇ ਪੌਂਦੇ

| ਲੜੀ ਨੰ | ਛਾਂਦਾਰ ਬੂਟੇ | ਫ਼ਲਦਾਰ ਬੂਟੇ | ਫੁੱਲਦਾਰ ਅਤੇ ਸੁਗੰਧੀਦਾਰ ਬੂਟੇ | ਦਵਾਈਆਂ ਵਾਲੇ ਬੂਟੇ |
|---|---|---|---|---|
| 1 | ਜੰਡ | ਅੰਬ | ਚੰਦਨ | ਬੋਹੜ |
| 2 | ਟਾਹਲੀ | ਜਾਮਣ | ਕਣਕ ਚੰਪਾ | ਪਿੰਪਲ |
| 3 | ਕਿੱਕਰ ਦੇਸੀ | ਅਮਰੂਦ | ਚਾਂਦਨੀ | ਨਿੰਮ |
| 4 | ਗੁੱਲੜ | ਆੜੂ | ਸਾਉਣੀ | ਹਰੜ |
| 5 | ਧਰੇਕ | ਢੇਉ | ਮਰੂਆ | ਬਹੇੜਾ |
| 6 | ਬਕੈਣ | ਕਟਹਲ | ਹਾਰ ਸ਼ਿੰਗਾਰ | ਆਂਵਲਾ |
| 7 | ਪੁਤਰਨਜੀਵਾ | ਲਸੂੜਾ | ਰਾਤ ਦੀ ਰਾਣੀ | ਅਰਜਨ |
| 8 | ਝਿਰਮਿਲ | ਅੰਜੀਰ | ਜਟਰੋਫਾ | ਸਾਗਵਾਨ |
| 9 | ਸੁਖਚੈਨ | ਅਨਾਰ | ਕਨੇਰ | ਕੜ੍ਹੀ ਪੱਤਾ |
| 10 | ਢੱਕ | ਦੇਸੀ ਬੇਰੀ | ਹਬਿਸਕਸ | ਸੁਹੰਜਣਾ |
| 11 | ਪਹਾੜੀ ਕਿੱਕਰ | ਬਿਲ ਪੱਤਰ | ਅਮਲਤਾਸ | ਸ਼ਰੀਂਹ |
| 12 | ਚੱਕਰੇਸੀਆ | ਸ਼ਹਿਤੂਤ | ਕਚਨਾਰ | ਵਾਂਸ |
| 13 | ਤੁਣ | | | |
| 14 | ਕੁਸਮ | | | |
| | 25 % | 25 % | 25 % | 25 % |

'ਗੁਰੂ ਨਾਨਕ ਯਾਦਗਾਰੀ ਜੰਗਲ' ਦੇ ਨਾਂ ਤਹਿਤ 550 ਜੰਗਲ ਲਾਉਣ ਦੇ ਉਪਰਾਲੇ ਦੀ ਸੰਪੂਰਨਤਾ ਲਈ ਕਾਰ ਸੇਵਾ ਖਡੂਰ ਸਾਹਿਬ ਸੰਸਥਾ 2019 ਤੋਂ ਸ਼ੁਰੂ ਕੀਤਾ ਗਿਆ ਹੈ। ਹੁਣ ਤਕ 363 ਜੰਗਲ ਲੱਗ ਚੁੱਕੇ ਹਨ ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ-:

ਨੋਟ:- ਜੰਗਲਾਂ ਦਾ ਵੇਰਵਾ ਲੜੀ ਨੰਬਰ ਇਕ ਤੋਂ 286 ਤੱਕ ਮੈਗਜ਼ੀਨ 2024 ਅਤੇ 287 ਤੋਂ 315 ਤੱਕ ਮੈਗਜ਼ੀਨ 2025 ਵਿੱਚ ਦਰਜ ਹੈ। ਉਸ ਤੋਂ ਅੱਗੇ ਦਾ ਵੇਰਵਾ ਪੰਨਾ ਨੰਬਰ 28 ਤੇ ਦਿੱਤਾ ਹੈ।

| ਲੜੀ ਨੰ | ਜਗ੍ਹਾ ਦਾ ਨਾਂ | ਕੁੱਲ ਰੁੱਖ | ਮਰਲੇ |
|---|---|---|---|
| 316 | ਸ. ਲਖਵਿੰਦਰ ਸਿੰਘ ਪਿੰਡ ਗਿੱਦੜ ਪਿੰਡੀ | 600 | 60 |
| 317 | ਗੋਲਡਨ ਕਾਲਜ ਆਫ ਇੰਸਟੀਚਿਊਸ਼ਨ, ਗੁਰਦਾਸਪੁਰ | 300 | 30 |
| 318 | ਸ. ਦਰਬਾਰਾ ਸਿੰਘ ਸਪੁੱਤਰ ਸ. ਬਚਨ ਸਿੰਘ ਪਿੰਡ ਮੀਮਸਾ ਤਹਿਸੀਲ ਧੂਰੀ ਜਿਲ੍ਹਾ ਸੰਗਰੂਰ | 550 | 60 |
| 319 | ਸ. ਰਣਜੀਤ ਸਿੰਘ ਸਪੁੱਤਰ ਸਵ. ਸ. ਮੰਗਲ ਸਿੰਘ, ਸਵ. ਸ. ਸਰਬਜੀਤ ਸਿੰਘ ਪਿੰਡ ਜਲਾਲਪੁਰ ਕਲਾਂ ਜਿਲ੍ਹਾ ਜਲੰਧਰ | 350 | 30 |
| 320 | ਸ. ਚਮਕੌਰ ਸਿੰਘ ਪੁੱਤਰ ਗੁਰਦੇਵ ਸਿੰਘ ਪਿੰਡ ਗੁਮਟੀ ਕਲਾਂ ਜਿਲ੍ਹਾ ਬਠਿੰਡਾ | 570 | 40 |
| 321 | ਸ. ਹਰਵਿੰਦਰ ਸਿੰਘ ਪਿੰਡ ਮਾਨਸੈਂਡਵਾਲ ਜਿਲ੍ਹਾ ਗੁਰਦਾਸਪੁਰ | 2000 | 400 |
| 322 | ਪਿੰਡ ਛੱਜਲਵੱਡੀ ਜਿਲ੍ਹਾ ਅੰਮ੍ਰਿਤਸਰ ਸ਼ਮਸ਼ਾਨ ਘਾਟ ਦੀ ਜ਼ਮੀਨ ਵਿੱਚ | 800 | 80 |
| 323 | ਪ੍ਰਬੰਧਕ ਸਰਪੰਚ ਜਗਦੀਪ ਸਿੰਘ ਨੱਤ ਪਿੰਡ ਰਾਜੋਆਣਾ ਕਲਾਂ ਜਿਲ੍ਹਾ ਲੁਧਿਆਣਾ | 2000 | 400 |
| 324 | ਸ. ਦਲਵਿੰਦਰ ਸਿੰਘ ਸ. ਮੇਹਰ ਸਿੰਘ ਪਿੰਡ ਕੋਟਲਾ ਜਿਲ੍ਹਾ ਜਲੰਧਰ | 250 | 20 |
| 325 | ਸ.ਬਚਨ ਸਿੰਘ ਸਪੁਤਰ ਸ.ਉਜਾਗਰ ਸਿੰਘ ਪਿੰਡ ਗਿਦੜਪਿੰਡੀ ਜਿਲ੍ਹਾ ਜਲੰਧਰ | 600 | 60 |
| 326 | ਸ. ਸੁਰਿੰਦਰਪਾਲ ਸਿੰਘ ਸਪੁੱਤਰ ਸ. ਮੰਗਲ ਸਿੰਘ ਪਿੰਡ ਕੱਕਾ ਕੰਡਿਆਲਾ ਤਰਨ ਤਾਰਨ | 600 | 60 |
| 327 | ਪੰਚਾਇਤੀ ਜ਼ਮੀਨ ਪਿੰਡ ਘਸੀਟਪੁਰ ਜਿਲ੍ਹਾ ਤਰਨ ਤਾਰਨ | 1000 | 80 |
| 328 | ਸ. ਜਰਨੈਲ ਸਿੰਘ ਤੇ ਸਾਰੇ ਪਰਿਵਾਰ ਵੱਲੋ ਵੱਡ ਵਡੇਰਿਆਂ ਸ. ਦਸੌਂਧਾ ਸਿੰਘ ਦੀ ਯਾਦ ਵਿੱਚ ਪਿੰਡ ਬੁਧਿ ਪਿੰਡ ਜਿਲ੍ਹਾ ਹੁਸ਼ਿਆਰਪੁਰ | 360 | 30 |
| 329 | ਸ. ਪਰਗਟ ਸਿੰਘ ਸਪੁੱਤਰ ਸ. ਮਨਜੀਤ ਸਿੰਘ ਪਿੰਡ ਮੁਗਲਾਨੀ ਜਿਲ੍ਹਾ ਤਰਨ ਤਾਰਨ | 250 | 20 |
| 330 | ਸ. ਗੁਰਦੇਵ ਸਿੰਘ ਸਪੁੱਤਰ ਸ. ਦਰਸ਼ਨ ਸਿੰਘ (USA) ਖਡੂਰ ਸਾਹਿਬ | 250 | 20 |
| 331 | ਸ. ਬੂਟਾ ਸਿੰਘ ਯੂ.ਕੇ. ਪਿੰਡ ਰੁੜਕੀ ਜਿਲ੍ਹਾ ਜਲੰਧਰ | 1600 | 160 |
| 332 | ਸ.ਰਤਨ ਸਿੰਘ ਪਿੰਡ ਕੱਕੜ ਕਲਾਂ ਜਿਲ੍ਹਾ ਜਲੰਧਰ | 500 | 42 |
| 333 | ਸ. ਸੁਰਜੀਤ ਸਿੰਘ ਵਿਰਕ (ਕੈਨੇਡਾ) ਪਿੰਡ ਲੋਹਗੜ੍ਹ ਜਿਲ੍ਹਾ ਜਲੰਧਰ | 500 | 40 |
| 334 | ਸ. ਅਮਰਜੀਤ ਸਿੰਘ ਪਿੰਡ ਧਰਮੂ ਚੱਕ ਜ਼ਿਲ੍ਹਾ ਅੰਮ੍ਰਿਤਸਰ | 350 | 30 |
| 335 | ਸ. ਜਰਮਨਜੀਤ ਸਿੰਘ ਸਪੁੱਤਰ ਸ. ਸੋਹਣ ਸਿੰਘ ਪਿੰਡ ਕੱਦਗਿਲ ਜਿਲ੍ਹਾ ਤਰਨ ਤਾਰਨ | 600 | 60 |
| 336 | ਸ. ਮਨਧੀਰ ਸਿੰਘ ਪਿੰਡ ਉੱਪਲ, ਭੂਪਾ ਡਾਕਖਾਨਾ ਖਾਸ (ਨੂਰਮਹਿਲ) ਜਿਲ੍ਹਾ ਜਲੰਧਰ) | 500 | 40 |
| 337 | ਸ੍ਰੀ ਗੋਇੰਦਵਾਲ ਸਾਹਿਬ (ਨੇੜੇ ਬਾਬਾ ਸ਼ਾਹ ਹੁਸੈਨ ਜੀ) | 250 | 20 |
| 338 | ਸ. ਨਸੀਬ ਸਿੰਘ ਪੁੱਤਰ ਸ. ਜਰਨੈਲ ਸਿੰਘ ਪਿੰਡ ਕੱਕਾ ਕੰਡਿਆਲਾ ਜਿਲ੍ਹਾ ਤਰਨ ਤਾਰਨ | 500 | 40 |
| 339 | ਸਰਦਾਰ ਰੇਸ਼ਮ ਸਿੰਘ ਕੁਨਰ, ਸਰਦਾਰ ਮੰਗਲ ਸਿੰਘ ਕੁਨਰ, ਸਰਦਾਰ ਸ਼ਿੰਗਾਰਾ ਸਿੰਘ ਕੁਨਰ ਇੰਗਲੈਂਡ ਨਿਵਾਸੀ ਪਿੰਡ ਰੁੜਕੀ ਕਲਾਂ | 1600 | 160 |
| 340 | ਸ. ਕੁਲਵਿੰਦਰ ਸਿੰਘ ਪਿੰਡ ਫੱਤੂਵਾਲ ਜਿਲਾ ਅੰਮ੍ਰਿਤਸਰ | 200 | 20 |
| 341 | ਸ. ਰਜਵੰਤ ਸਿੰਘ ਪਿੰਡ ਦੀਨੇਵਾਲ ਜਿਲ੍ਹਾ ਤਰਨ ਤਾਰਨ | 250 | 20 |
| 342 | ਸ.ਗਮਦੂਰ ਸਿੰਘ ਪਿੰਡ ਪੱਕਾ ਸ਼ਹੀਦਾ ਜਿਲ੍ਹਾ ਸਿਰਸਾ, ਹਰਿਆਣਾ | 1200 | 160 |
| 343 | ਸ. ਲਾਲ ਸਿੰਘ ਸਿੱਧੂ ਪਿੰਡ ਜੋਧਾ ਨਗਰੀ ਜਿਲ੍ਹਾ ਅੰਮ੍ਰਿਤਸਰ | 600 | 80 |
| 344 | ਸ. ਬਲਵਿੰਦਰ ਪੁੱਤਰ ਸ. ਮਖਤੂਲ ਸਿੰਘ ਪਿੱਡ ਕੱਚਾ ਪੱਕਾ, ਤਰਨ ਤਾਰਨ | 200 | 20 |
| 345 | ਸਰਪੰਚ ਬਲਜੀਤ ਸਿੰਘ ਪਿੰਡ ਫਰੰਦੀਪੁਰ | 300 | 30 |
| 346 | ਕਿੰਗ ਟੈਲੀਕੌਮ ਤਰਨ ਤਾਰਨ ਰੋਡ ਝਬਾਲ ਅੱਡਾ | 150 | 12 |
| 347 | ਸ.ਦਲਬੀਰ ਸਿੰਘ ਪਿੰਡ ਵੜਿੰਗ ਖਡੂਰ ਸਾਹਿਬ | 150 | 20 |
| 348 | ਸ. ਅਵਤਾਰ ਸਿੰਘ ਜਿਲ੍ਹਾ ਤਰਨ ਤਾਰਨ | 400 | 40 |
| 349 | ਸ. ਹਰਬੰਸ ਸਿੰਘ ਪੁੱਤਰ ਸ. ਜਸਵੰਤ ਸਿੰਘ ਪਿੰਡ ਕੋਠੇ ਬਰਾਗੀ, ਲੌਂਗੋਵਾਲ ਜਿਲ੍ਹਾ ਸੰਗਰੂਰ | 900 | 140 |
| 350 | ਸ. ਬਲਵੰਤ ਸਿੰਘ, ਸ.ਜਸਦੇਵ ਸਿੰਘ ਪੁੱਤਰ ਸ. ਰੇਲੂ ਸਿੰਘ ਪਿੰਡ ਕਾਲਾ ਬੂਲਾ ਜਿਲ੍ਹਾ ਸੰਗਰੂਰ | 600 | 60 |
| 351 | ਸ. ਮੋਹਣ ਸਿੰਘ ਸ. ਨਿਰੰਜਨ ਸਿੰਘ ਪਿੰਡ ਕੰਦੋਲਾ ਕਲਾਂ ਨੇੜੇ ਨੂਰਮਹਿਲ ਜਿਲ੍ਹਾ ਜਲੰਧਰ | 250 | 30 |
| 352 | ਗ੍ਰਾਮ ਪੰਚਾਇਤ ਪਿੰਡ ਬੁੱਢਾ ਥੇਹ, ਅੰਮ੍ਰਿਤਸਰ | 600 | 40 |
| 353 | ਸ.ਲਵਜੋਤ ਸਿੰਘ ਪੁੱਤਰ ਮਾਸਟਰ ਦਲਬੀਰ ਸਿੰਘ ਪਿੰਡ ਲਿੱਧੜ ਜਿਲ੍ਹਾ ਅੰਮ੍ਰਿਤਸਰ | 300 | 30 |
| 354 | ਸ.ਭੁਪਿੰਦਰ ਸਿੰਘ ਪੁੱਤਰ ਦਲਬੀਰ ਪਿੰਡ ਮੱਲੀਆਂ ਪੱਕੀਆਂ ਜਿਲ੍ਹਾ ਗੁਰਦਾਸਪੁਰ | 300 | 40 |
| 355 | ਆਰ.ਆਰ. ਬਾਵਾ ਡੀ.ਏ.ਵੀ. ਕਾਲਜ ਸੀ. C/o ਹਰਿਆਵਲ ਪੰਜਾਬ ਬਟਾਲਾ ਸੰਦੀਪ ਮਲਹੋਤਰਾ | 500 | 40 |
| 356 | ਪੰਜਾਬ ਆਫੀਸਰ ਕੋ-ਔਪਰੇਟ ਐੱਚ/ਬੀ ਸੁਸਾਇਟੀ ਲਿਮਟਿਡ ਬਾਕਰਪੁਰ ਸੰਜੀਵ ਕੁਮਾਰ ਸਾਈਟ ਇੰਜੀਨੀਅਰ, ਸੁਸਾਇਟੀ | 700 | 60 |
| 357 | ਗ੍ਰਾਮ ਪੰਚਾਇਤ ਪਿੰਡ ਧਰਦੇਉ ਜਿਲ੍ਹਾ ਅੰਮ੍ਰਿਤਸਰ | 1800 | 240 |

| ਲੜੀ ਨੰ | ਜਗ੍ਹਾ ਦਾ ਨਾਂ | ਕੁੱਲ ਰੁੱਖ | ਮਰਲੇ |
|---|---|---|---|
| 358 | ਸ.ਸੋਹਨ ਸਿੰਘ ਪਿੰਡ ਭੁਡਿਆਂਵਾਲੀ ਤਹਿਸੀਲ ਰਾਨਿਆਂ ਜਿਲ੍ਹਾ ਸਿਰਸਾ | 1000 | 100 |
| 359 | ਵਾਤਾਵਰਨ ਮਿੱਤਰਤਾ ਸੋਸਾਇਟੀ ਲੋਹੀਆਂ ਪਿੰਡ ਬੱਗਾ ਜਿਲ੍ਹਾ ਜਲੰਧਰ | 1200 | 160 |
| 360 | ਸ. ਕੁਲਵੰਤ ਸਿੰਘ ਸੂਦ ਪੁੱਤਰ ਸ. ਇੰਦਰ ਸਿੰਘ ਤਰਨ ਤਾਰਨ | 210 | 20 |
| 361 | ਸ੍ਰੀ ਮਤੀ ਨੀਲਮ ਕੌਰ ਪੁੱਤਰੀ ਪ੍ਰਤਾਪ ਸਿੰਘ ਤਰਨ ਤਾਰਨ ਸਾਹਿਬ | 210 | 20 |
| 362 | ਸ.ਕੁਲਵੰਤ ਸਿੰਘ ਪੁੱਤਰ ਸ. ਇੰਦਰ ਸਿੰਘ ਸੂਦ ਤਰਨ ਤਾਰਨ 2 | 250 | 20 |
| 363 | ਸ.ਸੁਖਵਿੰਦਰ ਸਿੰਘ ਪੁੱਤਰ ਜਗੀਰ ਸਿੰਘ ਪਿੰਡ ਕੋਟਲੀ ਜਿਲ੍ਹਾ ਤਰਨ ਤਾਰਨ | 250 | 20 |

ਬਾਬਾ ਮਨਸਾ ਸਿੰਘ

ਇਸ ਤੋਂ ਇਲਾਵਾ ਸੰਸਥਾ ਵੱਲੋਂ ਵਾਤਾਵਰਨ ਸੰਬੰਧੀ ਜਲਵਾਯੂ ਤਬਦੀਲੀ ਅਤੇ ਜੈਵਿਕ ਖੇਤੀ ਦੇ ਖੇਤਰ ਵਿੱਚ ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਵਿਚਾਰ ਗੋਸ਼ਟੀਆਂ ਵੀ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਹਨਾਂ ਗੋਸ਼ਟੀਆਂ ਵਿੱਚ ਵਾਤਾਵਰਨ ਪ੍ਰੇਮੀਆਂ, ਬੁੱਧੀਜੀਵੀਆਂ, ਉੱਚ ਕੋਟੀ ਦੇ ਵਿਸ਼ਾ ਮਾਹਰਾਂ ਅਤੇ ਇਸ ਖੇਤਰ ਨਾਲ ਸੰਬੰਧਿਤ ਕਾਰਜਸ਼ੀਲ ਸਰਕਾਰੀ ਅਤੇ ਗੈਰ-ਸਰਕਾਰੀ ਵਿਭਾਗਾਂ ਦੇ ਪ੍ਰਤੀਨਿਧਾਂ ਵੱਲੋਂ ਬੁਲਾਰਿਆਂ ਵਜੋਂ ਸ਼ਮੂਲੀਅਤ ਕੀਤੀ ਜਾਂਦੀ ਹੈ।

ਇਹਨਾਂ ਵੀਚਾਰ ਗੋਸ਼ਟੀਆਂ ਦਾ ਮੁੱਖ ਮੰਤਵ ਸੰਬੰਧਿਤ ਵਿਸ਼ਿਆਂ ਦੀਆਂ ਨਵੀਆਂ ਚੁਣੌਤੀਆਂ ਅਤੇ ਹੱਲ, ਕਾਰਜ ਵਿਧੀਆਂ, ਤਜ਼ਰਬਿਆਂ ਅਤੇ ਅੰਕੜਿਆਂ ਦੀ ਆਪਸੀ ਸਾਂਝ ਪੈਦਾ ਕਰਨਾ ਹੁੰਦਾ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵਾਤਾਵਰਨ ਸੰਭਾਲ ਸੇਵਾਵਾਂ ਦਾ ਇਹ ਸੰਗਰਾਮ ਗੁਰਮਤਿ ਆਸ਼ੇ ਅਨੁਸਾਰ ਆਪਣੀ ਖੁਸ਼ਬੂ ਹੋਰ ਵੀ ਸੰਘਣੀ ਅਤੇ ਦੂਰ ਦੂਰ ਤੱਕ ਬਿਖੇਰਦਾ ਰਹੇ।

ਸੋ ਇਸ ਪ੍ਰਕਾਰ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਪੰਥਕ ਕਾਰਜਾਂ ਸਹਿਤ ਸਮਾਜਿਕ ਸੇਵਾਵਾਂ ਦੇ ਅੰਤਰਗਤ ਸਮੁੱਚੇ ਜੀਵ-ਜੰਤੂਆਂ ਦੀ ਆਪਸੀ ਸਹਿਹੋਂਦ ਅਤੇ ਖੁਸ਼ਹਾਲੀ ਵਾਸਤੇ ਪ੍ਰਾਰੰਭ ਕੀਤੇ ਵਾਤਾਵਰਨ ਸੰਭਾਲ ਅਤੇ ਜਲਵਾਯੂ ਤਬਦੀਲੀ ਸੰਬੰਧੀ ਇਹ ਕਾਰਜ ਮੌਜੂਦਾ ਅਤੇ ਆਉਣ ਵਾਲੇ ਸਮੇਂ ਵਿੱਚ ਕੁਦਰਤੀ ਪਸਾਰੇ ਦੀ ਸ਼ੁੱਧਤਾ ਅਤੇ ਮੁੜ ਸੁਰਜੀਤੀ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਂਦੇ ਰਹਿਣਗੇ।

# ਮਿਣਤੀ ਦੇ ਪੁਰਾਤਨ ਢੰਗ (ਔਸਤਨ ਨਾਪ)

ਪੰਜਾਬੀ ਸੱਭਿਆਚਾਰ ਵਿੱਚ ਕਈ ਢੰਗਾਂ ਦੇ ਨਾਲ ਮਾਪਣ ਪ੍ਰਣਾਲੀਆਂ ਦੀ ਸਿਰਜਣਾ ਕੀਤੀ ਗਈ। ਪੰਜਾਬ ਦੇ ਲੋਕਾਂ ਨੇ ਬਹੁਤ ਮਾਪਦੰਡ ਆਪਣੇ ਸਰੀਰਕ ਅੰਗਾਂ ਨਾਲ ਜੋੜ ਕੇ ਅਖ਼ਤਿਆਰ ਕੀਤੇ। ਇਹ ਵਿਰਾਸਤੀ ਨਾਪ ਔਸਤਨ ਮੰਨੇ ਗਏ ਹਨ, ਜੋ ਸਾਡੇ ਪੁਰਾਤਨ ਜੀਵਨ ਦਾ ਹਿਸਾ ਰਹੇ ਹਨ।

| | | |
|---|---|---|
| ਇੱਕ ਕਦਮ | ਆਮ ਜਿਹੀ ਚਾਲ ਵਾਲਾ | 30 ਇੰਚ ( 212 ਫੁੱਟ ) |
| ਇੱਕ ਹੱਥ | ਹੱਥ ਦੀ ਵੱਡੀ ਉਂਗਲੀ ਤੋਂ ਲੈ ਕੇ ਕੁਹਣੀ ਤੱਕ ਜੋ ਨਾਪ ਆਵੇ | 18 ਇੰਚ ( 112 ਫੁੱਟ ) |
| ਇੱਕ ਕਰਮ | 3.5 ਹੱਥ | 60 ਇੰਚ ( 5 ਫੁੱਟ ) |
| ਇੱਕ ਗਿੱਠ | ਅੰਗੂਠੇ ਦੇ ਸਿਰੇ ਤੋਂ ਚੀਚੀ ਤੱਕ ਜੋ ਨਾਪ ਆਵੇ | 9 ਇੰਚ |
| ਇੱਕ ਗਜ | 4 ਗਿੱਠਾਂ | 36 ਇੰਚ ( 3 ਫੁੱਟ ) |
| ਇੱਕ ਮੁੱਠੀ | ਅੰਗੂਠਾ ਖੋਲ ਕੇ ਚਾਰੇ ਉਂਗਲਾਂ ਬੰਦ ਕਰ ਕੇ ਜੋ ਨਾਪ ਆਵੇ | 6 ਇੰਚ |
| ਇੱਕ ਚੱਪਾ | ਹੱਥ ਦੀਆਂ ਚਾਰੇ ਉਂਗਲਾਂ ਜੋੜ ਕੇ ਜੋ ਨਾਪ ਆਵੇ | 3 ਇੰਚ |
| ਇੱਕ ਪੈਰ | ਪੈਰ ਦੇ ਅੰਗੂਠੇ ਦੇ ਸਿਰੇ ਤੋਂ ਅੱਡੀ ਤੱਕ ਜੋ ਨਾਪ ਆਵੇ | 9 ਇੰਚ |
| ਸੌ ਗਜ | 120 ਕਦਮ (60 ਕਰਮ) | 3600 ਇੰਚ |

### ਆਮ ਨਾਪ (ਸੜਕ)

| | | |
|---|---|---|
| ਇੱਕ ਇੰਚ | 8 ਸੂਤਰ | 0.00046 ਮੀਟਰ |
| ਇੱਕ ਫੁੱਟ | 12 ਇੰਚ | 0.3048 ਮੀਟਰ |
| ਇੱਕ ਗਜ | 3 ਫੁੱਟ | 0.9144 ਵ |
| ਇੱਕ ਫਰਲਾਂਗ | 220 ਗਜ | 201.168 ਮੀਟਰ |
| ਇੱਕ ਮੀਲ | 8 ਫਰਲਾਂਗ (1760 ਗਜ) | 1609.344 ਮੀਟਰ |
| ਇੱਕ ਰੌਡ | ਸਾਢੇ 5 ਗਜ | 25.2928 ਮੀਟਰ |
| ਇੱਕ ਚੈਨ | 4 ਰੌਡ (22 ਗਜ) | 101.1712 ਮੀਟਰ |
| ਇੱਕ ਜੋਜਨ | 4 ਕੋਹ | 9996 ਮੀਟਰ |
| ਇੱਕ ਕੋਹ (ਕੋਸ) | 1.5 ਮੀਲ | 2499 ਮੀਟਰ |
| ਇੱਕ ਮੀਲ | 1.666 ਕਿਲੋਮੀਟਰ | 1666 ਮੀਟਰ |
| ਇੱਕ ਕਿਲੋਮੀਟਰ | 1000 ਮੀਟਰ | 1000 ਮੀਟਰ |

### ਜ਼ਮੀਨੀ ਨਾਪ

| | | |
|---|---|---|
| ਇੱਕ ਇੰਚ | 2.54 ਸੈਂਟੀ ਮੀਟਰ | 0.0254 ਡੈਸੀਮੀਟਰ |
| ਇੱਕ ਫੁੱਟ | 12 ਇੰਚ | 0.3048 ਮੀਟਰ |
| ਇੱਕ ਹੱਥ | 18 ਇੰਚ / ਡੇਢ ਫੁੱਟ (ਔਸਤਨ) | 0.4572 ਮੀਟਰ |
| ਇੱਕ ਕਰਮ | ਸਾਢੇ 5 ਫੁੱਟ / 66 ਇੰਚ /3.5 ਹੱਥ | 1.6764 ਮੀਟਰ |
| ਇੱਕ ਸਰਸਾਹੀ | 1 ਕਰਮ x 1 ਕਰਮ | 2.8103 ਵਰਗਮੀਟਰ |
| ਇੱਕ ਜਰੀਬ | 4 ਕਰਮ / 22 ਫੁੱਟ | 11.2412 ਵਰਗਮੀਟਰ |
| ਇੱਕ ਮਰਲਾ | 9 ਸਰਸਾਹੀ | 25.2928 ਵਰਗਮੀਟਰ 272.25 ਵਰਗਫੁੱਟ |
| ਇੱਕ ਕਨਾਲ | 20 ਮਰਲੇ | 505.857 ਵਰਗਮੀਟਰ |
| ਇੱਕ ਵਿੱਘਾ | 4 ਕਨਾਲ | 2023.428 ਵਰਗਮੀਟਰ |
| ਇੱਕ ਘੁਮਾਉਂ | 2 ਵਿੱਘੇ / 8 ਕਨਾਲ (4000 ਵਰਗ ਗਜ) | 4046.856 ਵਰਗਮੀਟਰ |
| | 2 ਵਿੱਘੇ / 8 ਕਨਾਲ (4840 ਵਰਗਗਜ) 36x40 ਕਰਮ 9x10 ਜਰੀਬ | 4046.856 ਵਰਗਮੀਟਰ |
| | 10 ਏਕੜ | 40468.56 ਵਰਗਮੀਟਰ |
| | 25 ਏਕੜ | 101,171 .4 ਵਰਗਮੀਟਰ |

ਸੂਬੇਦਾਰ ਬਲਬੀਰ ਸਿੰਘ, ਵਾਤਾਵਰਨ ਵਿਭਾਗ, (ਕਾਰ ਸੇਵਾ ਖਡੂਰ ਸਾਹਿਬ)

ਲਵਪ੍ਰੀਤ ਸਿੰਘ ਵਡਾਲੀ (ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ)

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਪਸ਼ੂ ਪੰਛੀਆਂ ਅਤੇ ਜੀਵ-ਜੰਤੂਆਂ (ਜਾਨਵਰਾਂ) ਦੇ ਨਾਂ ਇਸ ਪ੍ਰਕਾਰ ਹਨ

## ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ-ਜੰਤੂ)

੧. ਕਪੋਤ (ਕਬੂਤਰ):- ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥ (ਅੰਗ-੫੩੮)

੨. ਚਿੜੀ:- ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥ (ਅੰਗ- ੩੧੯)

੩. ਚਟਾਰਾ (ਚਿੜਾ):- ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ॥(ਅੰਗ- ੪੮੦)

੪. ਸੁਅਟਾ (ਤੋਤਾ):- ਜਿਉ ਨਲਨੀ ਸੁਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ॥ (ਅੰਗ- ੩੩੬)

ਤੋਤ (ਤੋਤਾ):- ਗਨਿਕਾ ਉਧਰੀ ਹਰਿ ਕਹੈ ਤੋਤ॥ (ਅੰਗ- ੧੧੯੨)

ਮੈਜਨ (ਤੋਤਾ):- ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥(ਅੰਗ- ੭੨੯)

ਸੂਆ (ਤੋਤਾ):- ਸੂਆ ਪੜਾਤਵ ਗਨਿਕਾ ਤਰੀ ॥ (ਅੰਗ- ੮੭੪)

੫. ਗਰੁੜ:- ਗਰੁੜ ਚੜੇ ਆਏ ਗੋਪਾਲ॥ (ਅੰਗ- ੧੧੬੬)

੬. ਕਊਆ (ਕਾਂ):- ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥ (ਅੰਗ- ੪੯੩)

ਕਾਗ (ਕਾਂ):- ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥(ਅੰਗ-੨੭੯)

੭. ਇੱਲ:- ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥ (ਅੰਗ-੩੨੨)

੮. ਗਿਰਝਨ (ਗਿਰਝ):- ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥ (ਅੰਗ- ੬੯੩)

੯. ਬਾਜ:- ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ (ਅੰਗ- ੧੩੮੩)

੧੦.ਬਾਸਾ (ਸ਼ਿਕਰਾ):- ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ॥ (ਅੰਗ-੭੭੬)

੧੧.ਕੂੰਜ:- ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥ (ਅੰਗ:- ੩੪)

੧੨.ਹੰਸ:- ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥ (ਅੰਗ-੯੧)

੧੩.ਪਰਮ ਹੰਸ (ਵਡਹੰਸ):- ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ॥ (ਅੰਗ- ੫੮੫)

੧੪. ਬਗਲਾ:- ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥ (ਅੰਗ- ੯੫੬)

ਹੰਝ (ਬਗਲਾ):- ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ (ਅੰਗ- ੧੩੮੩)

ਬਗ (ਬਗਲਾ):- ਬਗ ਜਿਉ ਲਾਇ ਬਹੈ ਨਿਤ ਧਿਆਨਾ॥ (ਅੰਗ- ੨੩੦)

੧੫. ਮੋਰ:- ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥ (ਅੰਗ- ੧੧੦੮)

੧੬. ਬਾਬੀਹਾ (ਪਪੀਹਾ):- ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥ (ਅੰਗ- ੧੨੮੫)

ਚਾਤ੍ਰਿਕ (ਪਪੀਹਾ):- ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥ (ਅੰਗ- ੬੦)

ਸਾਰਿੰਗ (ਪਪੀਹਾ):- ਕ੍ਰਿਪਾ ਜਲੁ ਦੇਹਿ ਨਾਨ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥ (ਅੰਗ- ੧੩)

੧੭. ਚਕਵੀ:- ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥ (ਅੰਗ- ੬੦)

ਚਕਈ (ਚਕਵੀ):- ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥ (ਅੰਗ- ੧੩੭੧)

੧੮. ਕੋਇਲ:- ਕਾਲੀ ਕੋਇਲ ਤੂ ਕਿਤ ਗੁਨ ਕਾਲੀ॥ (ਅੰਗ- ੭੯੪)

ਕੋਕਿਲ (ਕੋਇਲ):- ਕੋਕਿਲ ਹੋਵਾ ਅੰਬ ਬਸਾ ਸਹਜਿ ਸਬਦ ਬੀਚਾਰੁ॥ (ਅੰਗ- ੧੫੭)

੧੯. ਮੁਰਗੀ (ਕੁੱਕੜੀ):- ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥ (ਅੰਗ- ੧੩੫੦)

੨੦. ਮੁਰਗਾ (ਕੁੱਕੜ):- ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ॥ (ਅੰਗ- ੩੨੨)

੨੧. ਚਕੋਰਾ (ਚਕੋਰ):- ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥ (ਅੰਗ-੬੫੮)

੨੨. ਚਰਗਾ:- ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥ (ਅੰਗ- ੧੪੪)

੨੩. ਕੁਹੀਆ :- ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥ (ਅੰਗ- ੧੪੪)

੨੪. ਸੀਚਾਨਾ (ਸ਼ਿਕਾਰੀ ਪੰਛੀ):- ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ॥ (ਅੰਗ- ੫੫)

੨੫. ਮਾਖੀ (ਮੱਖੀ):- ਮਾਖੀ ਚੰਦਨੁ ਪਰਹਰੈ ਜਤ ਬਿਗੰਧ ਤਹ ਜਾਇ॥ (ਅੰਗ- ੧੩੬੮)

੨੬. ਮਧੁਪ (ਸ਼ਹਿਦ ਦੀ ਮੱਖੀ):- ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥ (ਅੰਗ- ੪੮੬)

੨੭. ਮੱਖ:- ਮਿਠੈ ਮਖੁ ਮੁਆ ਕਿਉ ਲਏ ਓਡਾਰੀ॥ (ਅੰਗ- ੪੬੦)

੨੮. ਭਵਰਾ (ਭੌਰਾ):- ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ॥ (ਅੰਗ- ੪੩੯)

ਭ੍ਰਿੰਗ (ਭੌਰਾ):- ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ (ਅੰਗ- ੪੮੬)

੨੯. ਪਤੰਗਾ (ਭਮੱਕੜ):- ਹਉਮੈ ਪਚੇ ਦੀਪਕ ਦੇਖਿ ਪਤੰਗਾ॥ (ਅੰਗ- ੮੦੧)

੩੦. ਭਾਂਭੀਰੀ (ਤਿਤਲੀ):- ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥ (ਅੰਗ- ੬੨੪)

੩੧. ਤਿੱਡਾ (ਟਿੱਡਾ):- ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥ (ਅੰਗ- ੧੨੮੬)

੩੨. ਮਾਕੁਰੀ (ਮੱਕੜੀ):- ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ॥ (ਅੰਗ-੬੩੫)

੩੩. ਕੀੜੀ:- ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ (ਅੰਗ- ੫)

ਚੀਟੀ (ਕੀੜੀ):- ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥ (ਅੰਗ- ੯੮੮)

ਕੀਟੀ (ਕੀੜੀ):- ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ॥ (ਅੰਗ- ੪੭੭)

ਪਪੀਲਕਾ (ਕੀੜੀ):- ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਨ ਤੁਯੰ ਧਨੇ॥ (ਅੰਗ- ੧੩੫੯)

੩੪. ਕੀੜਾ :- ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥ (ਅੰਗ- ੧੩੮੧)

ਕੀਟਾ (ਕੀੜਾ):- ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥ (ਅੰਗ- ੨)

੩੫.ਬਿਸਟਾ ਕੇ ਕੀੜੇ (ਗੰਦਗੀ ਦਾ ਕੀੜਾ):- ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ॥ (ਅੰਗ-੧੧੬)

੩੬. ਅੱਠੂਹਾਂ:- ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ॥ (ਅੰਗ- ੧੪੮)

੩੭. ਸੱਪ:- ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥ (ਅੰਹ- ੪੮੫)

ਸਰਪ (ਸੱਪ):- ਕਈ ਕੋਟਿ ਪੰਖੀ ਸਰਪ ਉਪਾਏ॥ (ਅੰਗ- ੨੭੫)

ਨਾਗ (ਸੱਪ):- ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥ (ਅੰਗ- ੧੫੬)

੩੮. ਸਾਪਨਿ (ਸੱਪਣੀ):- ਸਾ ਸਾਪਨਿ ਹੋਇ ਜਗ ਕਉ ਖਾਈ॥ (ਅੰਗ- ੩੨੯)

ਨਾਗਨਿ (ਸੱਪਣੀ):- ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥ (ਅੰਗ- ੧੫੭)

ਨਾਗਨੀ (ਸੱਪਣੀ):- ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ (ਅੰਗ- ੫੧੦)

੩੯. ਕੱਛੂਆ (ਕੱਛੂ ਕੁੰਮਾ):- ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ॥ (ਅੰਗ- ੪੭੭)

੪੦. ਕੁੰਮੀ (ਕੱਛੂ ਕੁੰਮੀ):- ਕੁੰਮੀ ਜਲ ਮਾਹਿ ਤਨ ਤਿਸੁ ਬਾਹਰੀ ਪੰਖ ਖੀਰੁ ਤਿਨ ਨਾਹੀ॥ (ਅੰਗ-੪੮੮)

੪੧. ਡੱਡ:- ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥ (ਅੰਗ-੯੬੦)

੪੨. ਦਾਦਰ (ਡੱਡੂ):- ਦਾਦਰ ਤੂ ਕਬਹਿ ਨ ਜਾਨਸਿ ਰੇ॥ (ਅੰਗ- ੯੯੦)

੪੩. ਮਛੁਲੀ (ਮੱਛੀ):- ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ (ਅੰਗ- ੭੦੮)

ਮੱਛੀ :- ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ (ਅੰਗ-੫੫)

ਆੜਿ (ਇੱਕ ਕਿਸਮ ਦੀ ਮੱਛੀ):- ਤੂ ਕੈਸੇ ਆੜਿ ਫਾਥੀ ਜਾਲਿ॥ (ਅੰਗ- ੧੨੭੫)

੪੪. ਮੀਨ (ਮੱਛ):- ਤੂੰ ਜਲਨਿਧਿ ਹਉ ਜਲ ਕਾ ਮੀਨੁ॥ (ਅੰਗ- ੩੨੩)

੪੫. ਮਗਰਮੱਛ:- ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ॥ (ਅੰਗ- ੧੦੦੯)

੪੬. ਘੁਘੂ (ਉੱਲੂ):- ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ॥ (ਅੰਗ-੧੩੮੭)

੪੭. ਮੱਛਰ:- ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥ (ਅੰਗ- ੧੧੦੮)

ਮਸਕੰ (ਮੱਛਰ):- ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ॥ (ਅੰਗ- ੧੩੫੯)

੪੮. ਮੁਰਗਾਈ :- ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ (ਅੰਗ- ੯੩੮)

## ਜੇਰਜ (ਜੇਰ ਤੋਂ ਪੈਦਾ ਹੋਣ ਵਾਲੇ ਜੀਵ-ਜੰਤੂ)

੧. ਗਾਂ:- ਆਪੇ ਗੋਪੀ ਆਪੇ ਕਾਨਾ॥ ਆਪੇ ਗਊ ਚਰਾਵੈ ਬਾਨਾ॥(ਅੰਗ-੧੦੮੩)

ਧੇਨ (ਗਊ):- ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥ (ਅੰਗ- ੧੩੩)

ਕਾਮਧੇਨ (ਗਊ):- ਕਾਮਧੇਨ ਹਰਿ ਹਰਿ ਗੁਣ ਗਾਮ॥ (ਅੰਗ-੨੬੫)

੨. ਬਲਦ:- ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥ (ਅੰਗ - ੪੭੭)

ਬੈਲ (ਬਲਦ):- ਬੈਲ ਕਉ ਨੇਤ੍ਰਾ ਪਾਇ ਦੁਹਾਵੈ॥ (ਅੰਗ- ੧੯੮)

ਧੌਲ (ਚਿੱਟਾ ਬਲਦ):- ਧੌਲ ਧਰਮ ਦਇਆ ਕਾ ਪੂਤੁ॥ (ਅੰਗ- ੩)

ਬ੍ਰਿਖ (ਬਲਦ):- ਕਈ ਜਨਮ ਹੈਵਰ ਬ੍ਰਿਖ ਜੋਇਓ॥੧॥ (ਅੰਗ- ੧੭੬)

ਕਪਿ (ਬਲਦ):- ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ॥ (ਅੰਗ- ੫੨੪)

੩. ਭੈਸ (ਮੱਝ):- ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥ (ਅੰਗ- ੬੯੫)

੪. ਭੈਸਾ (ਝੋਟਾ):- ਮਾਤਾ ਭੈਸਾ ਅੰਮੁਹਾ ਜਾਇ॥ (ਅੰਗ- ੩੨੬)

੫. ਘੋੜੀ:- ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ (ਅੰਗ- ੫੭੫)

ਤੁਰੀ (ਘੋੜੀ):- ਇਕ ਤਾਜਨਿ ਤੁਰੀ ਚੰਗੇਰੀ॥ (ਅੰਗ- ੬੯੫)

੬. ਘੋੜਾ:- ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥ (ਅੰਗ- ੯੬੮)

ਤੁਰੇ (ਘੋੜੇ):- ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥ (ਅੰਗ- ੪੭੨)

ਹੈਵਰ (ਘੋੜੇ):- ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ॥ (ਅੰਗ- ੪੨)

੭. ਉਸਟ (ਊਠ):- ਤੁਰੇ ਉਸਟ ਮਾਇਆ ਮਹਿ ਭੇਲਾ॥ (ਅੰਗ- ੧੧੬੦)

ਕਰਹਲ (ਊਠ):- ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ॥ (ਅੰਗ- ੩੬੯)

੮. ਗਦਹਾ (ਗਧਾ):- ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥ (ਅੰਗ- ੪੭੭)

ਖਰ (ਗਧਾ):- ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥ (ਅੰਗ- ੮੧੫)

ਗਰਧਪ (ਗਧਾ):- ਗਰਧਪ ਵਾਂਗੂ ਲਾਹੇ ਪੇਟਿ॥ (ਅੰਗ- ੨੦੧)

ਗਰਧਬ (ਗਧਾ):- ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ (ਅੰਗ- ੨੬੭)

ਖੋਤ (ਗਧਾ):- ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ॥ (ਅੰਗ- ੧੧੨੧)

੯. ਗਦਹੀ (ਗਧੀ):- ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥ (ਅੰਗ- ੧੩੭੦)

੧੦. ਬੱਕਰੀ :- ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ॥ (ਅੰਗ-੭੩੫)

ਅਜਾ (ਬੱਕਰੀ):- ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥ (ਅੰਗ- ੧੩੫੭)

੧੧. ਬੱਕਰਾ :- ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥ (ਅੰਗ- ੪੭੧)

ਅਜ (ਬੱਕਰਾ):- ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ॥ (ਅੰਗ- ੩੮੧)

੧੨. ਭੇਡ:- ਲੇਲੇ ਕਉ ਚੂਘੈ ਨਿਤ ਭੇਡ॥ (ਅੰਗ- ੩੨੬)

੧੩. ਛਤਾਰਾ (ਭੇਡੂ):- ਬਿਨੁ ਸਿਮਰਨ ਜੈਸੇ ਸੀਙ ਛਤਾਰਾ॥ (ਅੰਗ- ੨੩੯)

੧੪. ਸ਼ੇਰ (ਠਗਿਇਰ):- ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ (ਅੰਗ- ੮੫੮)

ਸਾਰਦੂਲ (ਸ਼ੇਰ):- ਗਊ ਕਉ ਚਾਰੇ ਸਾਰਦੂਲੁ॥ (ਅੰਗ- ੮੯੮)

ਸੀਂਹ (ਸ਼ੇਰ):- ਰਾਜੇ ਸੀਹ ਮੁਕਦਮ ਕੁਤੇ॥ (ਅੰਗ- ੧੨੮੮)

ਕੇਹਰਿ (ਸ਼ੇਰ):- ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ॥ (ਅੰਗ- ੩੮੧)

੧੫. ਹਾਥੀ:- ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥ (ਅੰਗ- ੬੯੩)

ਹਸਤੀ (ਹਾਥੀ):- ਅਸੁ ਹਸਤੀ ਰਥ ਅਸਵਾਰੀ॥ (ਅੰਗ- ੨੮੮)

ਗਜ (ਹਾਥੀ):- ਕਈ ਜਨਮ ਗਜ ਮੀਨ ਕੁਰੰਗਾ॥ (ਅੰਗ- ੧੭੬)

ਕੁੰਚਰ (ਹਾਥੀ):- ਕਾਮ ਮਾਇਆ ਕੁੰਚਰ ਕਉ ਬਿਆਪੈ॥ (ਅੰਗ-੧੧੯੦)

ਗੈਵਰ (ਹਾਥੀ):- ਹੈਵਰ ਗੈਵਰ ਨੇਜੇ ਵਾਜੇ॥ (ਅੰਗ- ੨੨੫)

ਗਜਇੰਦ੍ਰ (ਹਾਥੀ):- ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥ (ਅੰਗ- ੧੧੯੨)

ਸਾਰੰਗ (ਹਾਥੀ):- ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥ (ਅੰਗ- ੫੬੭)

ਫੀਲ (ਹਾਥੀ):- ਫੀਲ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥ (ਅੰਗ- ੪੭੭)

ਨਾਗਹ (ਹਾਥੀ):- ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥ (ਅੰਗ- ੧੩੫੬)

ਮੈਗਲ (ਹਾਥੀ):- ਮਨੁ ਮੈ ਮਤੁ ਮੈਗਲ ਮਿਕਦਾਰਾ॥ (ਅੰਗ- ੧੫੯)

੧੬. ਹਸਤਨੀ (ਹਥਨੀ):- ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥ (ਅੰਗ- ੩੩੫)

੧੭. ਮਿਰਗ (ਹਰਣ):- ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥ (ਅੰਗ- ੬੪੪)

ਕੁਰੰਗ (ਹਰਣ):- ਨਾਦ ਰੋਗਿ ਖਪਿ ਗਏ ਕੁਰੰਗਾ॥ (ਅੰਗ- ੧੧੪੦)

ਕੁਰੰਕ (ਹਰਣ):- ਕੁਰੰਕ ਨਾਦੈ ਨੇਹੁ॥ (ਅੰਗ- ੮੩੮)

ਸਾਰਿੰਗ (ਹਰਣ):- ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ॥ (ਅੰਗ- ੧੨੭੪)

੧੮. ਹਰਣੀ (ਹਰਣੀ):- ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥ (ਅੰਗ- ੧੫੭)

ਮ੍ਰਿਗੀ (ਹਰਣੀ):- ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ ॥ (ਅੰਗ- ੧੩੫੪)

੧੯. ਗੈਂਡਾ :- ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥ (ਅੰਗ- ੧੨੮੯)

੨੦. ਚੀਤਾ :- ਬੰਤਰ ਚੀਤੇ ਅਰੁ ਸਿੰਘਾਤਾ॥ (ਅੰਗ- ੧੧੯੦)

੨੧. ਬਿਘਿਆੜੀ (ਬਘਿਆੜੀ):- ਦਸ ਬਿਘਿਆੜੀ ਲਈ ਨਿਵਾਰਿ॥ (ਅੰਗ- ੮੯੯)

੨੨. ਸਿਆਲ (ਗਿੱਦੜ):- ਸੁਆਨ ਸਿਆਲ ਮਾਇਆ ਮਹਿ ਰਾਤਾ॥ (ਅੰਗ- ੧੧੯੦)

ਜੰਬੁਕ (ਗਿੱਦੜ):- ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ (ਅੰਗ- ੮੫੮)

੨੩. ਲੂਬਰਾ (ਲੂੰਬੜ):- ਮਾਂਜਾਰ ਗਾਡਰ ਅਰੁ ਲੂਬਰਾ॥ (ਅੰਗ- ੧੧੯੦)

੨੪. ਸੂਅਰ (ਸੂਰ):- ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ (ਅੰਗ- ੧੪੧)

ਸੂਕਰ (ਸੂਰ):- ਕੂਕਰ ਸੂਕਰ ਕਹੀਅਹਿ ਕੂੜਿਆਰਾ॥ (ਅੰਗ- ੧੦੨੯)

੨੪. ਕੁੱਤਾ:- ਅੰਤਰਿ ਲੋਭੁ ਭਉਕੈ ਜਿਸੁ ਕੁਤਾ॥ ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ॥ (ਅੰਗ- ੧੦੪੬)

ਕੂਕਰ (ਕੁੱਤਾ):- ਹਮ ਕੂਕਰ ਤੇਰੇ ਦਰਬਾਰਿ॥ (ਅੰਗ- ੯੬੯)

ਸੁਆਨ (ਕੁੱਤਾ):- ਸੂਕਰ ਸੁਆਨ ਗਰਧਬ ਮੰਜਾਰਾ॥ (ਅੰਗ- ੮੩੨)

੨੫. ਕੂਕਰੀ (ਕੁੱਤੀ):- ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ॥ (ਅੰਗ- ੫੦੨)

ਸੁਆਨੀ (ਕੁੱਤੀ):- ਏਕੁ ਸੁਆਨੁ ਦੁਇ ਸੁਆਨੀ ਨਾਲਿ॥ (ਅੰਗ: ੨੪)

੨੬.ਬਿਲਾਈ (ਬਿੱਲੀ):- ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ॥ (ਅੰਗ- ੩੮੧)

ਬਿਲਈਆ (ਬਿੱਲੀ):- ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ॥ (ਅੰਗ- ੮੫੫)

੨੭.ਬਿਲਾਸ (ਬਿੱਲਾ):- ਸੂਆ ਪਿੰਜਰਿ ਨਹੀ ਖਾਇ ਬਿਲਾਸੁ॥ (ਅੰਗ- ੯੮੭)

੨੮.ਮੁਸਰੀ (ਚੂਹੀ):- ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ॥ (ਅੰਗ- ੪੭੭)

੨੯. ਚੂਹਾ :- ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥ (ਅੰਗ- ੧੨੮੬)

ਮੂਸਾ (ਚੂਹਾ):- ਅਨਦਿਨੁ ਮੂਸਾ ਲਾਜੁ ਟੁਕਾਈ॥ (ਅੰਗ- ੩੯੦)

੩੦.ਛਛੂੰਦਰ (ਘੀਸ):- ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਲਗਉਰੇ ਲਿਆਵੈ॥ (ਅੰਗ-੪੭੭)

੩੧.ਤੰਦੂਆ (ਔਕਟੋਪਸ):- ਜਿਉ ਜਲ ਕੁੰਚਰੁ ਤਦੂਐ ਬਾਂਧਿਓ ਹਰਿ ਚੇਤਿਓ ਮੋਖ ਮੁਖਨੇ॥ (ਅੰਗ- ੯੭੬)

੩੨.ਸਸਾ (ਖ਼ਰਗੋਸ਼):- ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ॥ (ਅੰਗ- ੪੭੭)

੩੩.ਬੰਤਰ (ਬਾਂਦਰ):- ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥ (ਅੰਗ- ੧੪੧੨)

ਕਪਿ (ਬਾਂਦਰ):- ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ॥ (ਅੰਗ- ੩੩੬)

ਮਰਕਟ (ਬਾਂਦਰ):- ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥ (ਅੰਗ- ੩੩੬)

੩੪.ਲੂਕੀ (ਕੁਤਰੀ, ਗੁੱਤੀ):- ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥(ਅੰਗ- ੪੭੭)

## ਸੇਤਜ (ਪਸੀਨੇ ਤੋਂ ਪੈਦਾ ਹੋਣ ਵਾਲੇ ਜੀਵ-ਜੰਤੂ)

੧. ਜੂਈ (ਜੂੰ):- ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥(ਅੰਗ-੩੦੬)

੨. ਪਿਸਨ (ਚਿੱਚੜ):- ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥ (ਅੰਗ- ੯੯੦)

੩. ਜੋਕ :- ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥ (ਅੰਗ- ੧੨੫੩)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਣਿਤ ਪੇੜ੍ਹ ਪੌਦੇ ਅਤੇ ਬਨਸਪਤੀ ਦੇ ਨਾਮ

## (ਇਹ ਬੂਟੇ ਬਾਗ ਬਾਬਾ ਸਾਧੂ ਸਿੰਘ ਵਿੱਚ ਲਗਾਏ ਜਾ ਰਹੇ ਹਨ)

### ਛਾਂ-ਦਾਰ ਦਰੱਖਤ

੧) ਬੋਹੜ (ਬਟਕ)

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥ (ਅੰਗ : ੩੪੦)

੨) ਸਿੰਮਲ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥

(ਅੰਗ : ੪੭੦)

੩) ਨਿੰਮ

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ॥

(ਅੰਗ : ੧੨੪੪)

੪) ਪਿੱਪਲ (ਪੀਪ)

ਸੰਗੁਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ॥ (ਅੰਗ : ੧੩੨੫)

੫) ਕਿੱਕਰ

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥

(ਅੰਗ : ੧੩੭੯)

੬) ਮੌਲਸਰੀ

ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ॥ (ਅੰਗ : ੧੩੯੨)

### ਫ਼ਲਦਾਰ ਦਰੱਖਤ

੭) ਛੁਹਾਰਾ

ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ॥ (ਅੰਗ : ੪੧੭)

੮) ਅੰਬ

ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ॥ (ਅੰਗ : ੬੯੩)

੯) ਖਜੂਰ

ਜਲ ਕੀ ਮਾਛੁਲੀ ਚਰੈ ਖਜੂਰਿ॥ (ਅੰਗ : ੭੧੮)

੧੦) ਨਾਰੀਅਲ

ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ॥ (ਅੰਗ : ੯੭੨)

੧੧) ਕੇਲਾ

ਨੀਂਬੁ ਭਇਓ ਆਂਬੁ ਆਂਬੁ ਭਇਓ ਨੀਂਬਾ ਕੇਲਾ ਪਾਕਾ ਝਾਰਿ॥ (ਅੰਗ : ੯੭੨)

੧੨) ਰੁਦ੍ਰਾਖ

(ਰੁਦਰ ਦੀ ਅੱਖ ਜਿਹਾ, ਜਿਸਦਾ ਫਲ )

ਰਿਦੈ ਕੂੜੁ ਕੰਠਿ ਰੁਦ੍ਰਾਖੰ॥ (ਅੰਗ : ੧੩੫੧)

੧੩) ਬੇਰੀ

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥ (ਅੰਗ : ੧੩੬੯)

### ਫ਼ੁੱਲਦਾਰ ਬੂਟੇ

੧੪) ਕਵੀਆ (ਕੁਮੁਦਨੀ, ਕੰਮੀ, ਚੰਦ ਦੇ ਚਾਨਣੇ ਵਿੱਚ ਖਿੜਣ ਵਾਲੀ)

ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ॥ (ਅੰਗ : ੨੩)

੧੫) ਕੁਸਮ

ਜਿਉ ਉਦਿਆਨ ਕੁਸਮ ਪਰਫਲਿਤ ਕਿਨਹਿ ਨ ਘ੍ਰਾਉ ਲਇਓ॥ (ਅੰਗ : ੩੩੬)

੧੬) ਕਮਲ

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ (ਅੰਗ : ੯੩੮)

੧੭) ਮਹੂਆ (ਧਾਵਾ)

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ॥ (ਅੰਗ : ੯੬੯)

### ਖ਼ੁਸ਼ਬੂਦਾਰ ਬੂਟੇ

੧੮) ਚੰਦਨ

ਚੋਆ ਚੰਦਨ ਦੇਹ ਫੂਲਿਆ॥ (ਅੰਗ : ੨੧੦)

੧੯) ਕੇਸਰ

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥ (ਅੰਗ : ੭੨੧)

੨੦) ਅਗਰ (ਊਦ ਭੀ ਆਖਦੇ ਹਨ । )

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥ (ਅੰਗ : ੧੦੧੮)

੨੧) ਮੁਸ਼ਕਪੂਰ

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥ (ਅੰਗ : ੧੦੧੮)

੨੨) ਮਹਿੰਦੀ

ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ॥ (ਅੰਗ : ੧੩੬੭)

### ਜੜ੍ਹੀਆਂ ਬੂਟੀਆਂ

੨੩) ਕੰਦ ਅਤੇ ਮੂਲ

(ਗਾਜਰ, ਗਠਾ, ਪਿਆਜ਼,ਮੂੰਗਫਲੀ, ਸ਼ਕਰਕੰਦੀ ਆਦਿਕ ਜਮੀਨ ਅੰਦਰ ਹੋਣ ਵਾਲੇ ਪਦਾਰਥ)

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥

(ਅੰਗ : ੧੪੦)

੨੪) ਅੱਕ

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥ (ਅੰਗ : ੧੪੭)

੨੫) ਧਤੂਰਾ

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥ (ਅੰਗ : ੧੪੭)

੨੬) ਇਰੰਡ (ਹਿਰਡ)

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥ (ਅੰਗ : ੪੮੬)

੨੭) ਬਿਸਲਿ

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ

ਸਲਿ ਬਿਸਲਿ ਆਣਿ ਤੋਖੀਲੇ ਹਰੀ॥ (ਅੰਗ : ੬੯੫)

੨੮) ਕੰਦਮੂਲ

(ਇਕ ਬੂਟਾ ਜੋ ਤਿੰਨ ਚਾਰ ਹੱਥ ਉੱਚਾ ਹੁੰਦਾ ਹੈ, ਇਸ ਦੇ ਪੱਤੇ ਸਿੰਮਲ ਜਹੇ ਹੁੰਦੇ ਹਨ ਅਤੇ ਜੜ ਮੋਟੀ ਹੁੰਦੀ ਹੈ, ਇਸ ਦੀ ਭਾਜੀ ਬਣਦੀ ਹੈ । )

ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥ (ਅੰਗ : ੯੩੮)

੨੯) ਲੌਂਗ

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥ (ਅੰਗ : ੧੧੨੩)

੩੦) ਤੁਲਸੀ

ਮ੍ਰਿਗ ਆਸਣੁ ਤੁਲਸੀ ਮਾਲਾ॥ (ਅੰਗ : ੧੩੫੧)

੩੧) ਲਸਨ

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥ (ਅੰਗ : ੧੩੬੫)

੩੨) ਹਲਦੀ

ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ॥ (ਅੰਗ : ੧੩੬੭)

੩੩) ਭੰਗ (ਸੁੱਖਾ)

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥ (ਅੰਗ : ੧੩੭੭)

### ਵੇਲਾਂ

੩੪) ਮੇਵਾ (ਸੌਗੀ)

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥ (ਅੰਗ : ੧੪੨)

੩੫) ਤੁਮਾ (ਕੌੜ ਤੁੰਮਾ)

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥ (ਅੰਗ : ੧੪੭)

੩੬) ਲਉਕੀ

ਲਉਕੀ ਅਠਸਠਿ ਤੀਰਥ ਨ੍ਹਾਈ॥ (ਅੰਗ : ੬੫੬)

੩੭) ਪਾਨ

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥ (ਅੰਗ : ੭੨੫)

੩੮) ਦਾਖ

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ (ਅੰਗ : ੧੩੭੯)

੩੯) ਤੂੰਬੜੀ

ਜਿਨ੍ਹਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ॥ (ਅੰਗ : ੧੪੧੩)

### ਘਾਹ ਬੂਟ

੪੦) ਘਾਹ

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥ (ਅੰਗ : ੧੪੪)

੪੧) ਕੁਕਹ (ਪਿਲਛੀ)

(ਪਿਲਜੀ-ਰੇਤਲੀ ਜਮੀਨ ਵਿੱਚ ਹੋਣ ਵਾਲਾ ਬੂਟਾ ਘਾਸ) (ਮਹਾਨਕੋਸ਼-੭੭੨)

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥ (ਅੰਗ : ੧੧੦੮)

੪੨) ਕਾਹ (ਕਾਹੀ ਦੇ ਬੂਟੇ)

ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥ (ਅੰਗ : ੧੧੦੮)

### ਅਨਾਜ

੪੩) ਤਿਲ

ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥ (ਅੰਗ : ੪੬੩)

੪੪) ਕਪਾਹ

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ (ਅੰਗ : ੪੭੧)

੪੫) ਕਮਾਦ

ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣ ਗੰਨਾ॥ (ਅੰਗ : ੧੨੯੦)

੪੬) ਕਣਕ

ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥ (ਅੰਗ : ੧੩੨੯)

੪੭) ਧਾਨ (ਚਉਲਾਂ ਦਾ ਬੂਟਾ)

ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥ (ਅੰਗ : ੧੩੨੯)

੪੮) ਰਾਈ

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥ (ਅੰਗ : ੧੩੬੭)

੪੯) ਜਉਂ

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥ (ਅੰਗ : ੧੩੬੯)

੫੦) ਸਰੋਂ

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥ (ਅੰਗ : ੧੩੭੭)

੫੧) ਕੋਧ੍ਰਾ

ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ॥ (ਅੰਗ : ੧੩੮੧)

### ਫੁਟਕਲ

੫੨) ਰਤੀ

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥ (ਅੰਗ : ੬੨)

੫੩) ਕਾਨਾ

ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ॥ (ਅੰਗ : ੬੩)

੫੪) ਮਜੀਠ

ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥ (ਅੰਗ : ੩੪੬)

੫੫) ਸੁਪਾਰੀ

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥ (ਅੰਗ : ੭੨੬)

੫੬) ਕਸੁੰਭ

ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ॥ (ਅੰਗ : ੭੫੧)

੫੭) ਪਬਣਿ (ਪੁਰੈਨ)

(ਪਾਣੀ ਕੰਡੇ ਉਗਣ ਵਾਲਾ ਇਕ ਪੌਦਾ)

ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥ (ਅੰਗ : ੮੫੮)

੫੮) ਖੁੰਬ

ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥ (ਅੰਗ : ੧੧੯੬)

੫੯) ਤਾੜੀ (ਤਾੜ, ਤਾਰ)

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥ (ਅੰਗ : ੧੨੯੩)

੬੦) ਬਾਂਸ

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥ (ਅੰਗ : ੧੩੬੫)

੬੧) ਢਾਕ, ਪਲਾਸ (ਛਿਛਰਾ)

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥ (ਅੰਗ : ੧੩੬੫

### ਕਲਪਿਤ ਰੁੱਖ

੬੨) ਪਾਰਜਾਤ

ਪਾਰਜਾਤੁ ਇਹੁ ਹਰਿ ਕੋ ਨਾਮ॥ (ਅੰਗ : ੨੬੫)

੬੩)ਕਲਪਤਰ

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥ (ਅੰਗ : ੬੯੫)

ਗਿਆਨੀ ਸ.ਭਰਪੂਰ ਸਿੰਘ
ਭਾਈ ਵਿਕਰਮਜੀਤ ਸਿੰਘ



# ਨਿਸ਼ਾਨ-ਏ-ਸਿੱਖੀ

## ਖਡੂਰ ਸਾਹਿਬ (ਤਰਨ ਤਾਰਨ)

ਗੁਰੂ ਜੋਤਿ ਦੇ ਚਾਨਣ ਮੁਨਾਰੇ ਇਤਿਹਾਸਿਕ ਨਗਰ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਗੁਰਿਆਈ ਦਾ ਲਗਭਗ 13 ਸਾਲ ਦਾ ਸਮਾਂ ਬਤੀਤ ਕੀਤਾ। ਇਸ ਦੌਰਾਨ ਗੁਰੂ ਸਾਹਿਬ ਜੀ ਨੇ ਸਿੱਖੀ ਦੀ ਪ੍ਰਫੁੱਲਤਾ ਵਾਸਤੇ ਮਹਾਨ ਕਾਰਜ ਸੰਪੰਨ ਕੀਤੇ ਜਿਨ੍ਹਾਂ ਕਰਕੇ ਪਾਵਨ ਨਗਰ ਖਡੂਰ ਸਾਹਿਬ ਧਰਮ, ਵਿੱਦਿਆ ਅਤੇ ਸਿਹਤ ਦੇ ਖੇਤਰ ਵਿੱਚ ਇੱਕ ਸ੍ਰੇਸ਼ਟ ਕੇਂਦਰ ਵਜੋਂ ਸਥਾਪਿਤ ਹੋਇਆ। ਸੰਨ 2004 ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ 500 ਸਾਲਾ ਪ੍ਰਕਾਸ਼ ਗੁਰਪੁਰਬ ਸਮੁੱਚੇ ਸਿੱਖ ਜਗਤ ਵੱਲੋਂ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਤੋਂ ਸੇਧ ਲੈਂਦਿਆਂ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਵੱਲੋਂ ਸਿੱਖ ਸੰਗਤਾਂ ਨਾਲ ਗੁਰਮਤਾ ਕਰਕੇ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਇੱਕ ਬਹੁ-ਮੰਜ਼ਿਲਾਂ ਇਮਾਰਤ ਨਿਸ਼ਾਨ-ਏ-ਸਿੱਖੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਸਿੱਖ ਸੰਗਤਾਂ ਦੇ ਇਕੱਠ ਵਿੱਚ ੫ ਵੈਸਾਖ, ਨਾਨਕਸ਼ਾਹੀ ਸੰਮਤ ੫੩੬ ਮੁਤਾਬਿਕ ਮਿਤੀ 18 ਅਪ੍ਰੈਲ, 2004 ਨੂੰ ਪੰਜ ਪਿਆਰੇ ਸਾਹਿਬਾਨ ਦੁਆਰਾ ਗੁਰੂ ਚਰਨਾਂ ਵਿੱਚ ਅਰਦਾਸ ਬੇਨਤੀ ਉਪਰੰਤ ਨਿਸ਼ਾਨ-ਏ-ਸਿੱਖੀ ਇਮਾਰਤ ਦਾ ਟੱਪ ਲਗਾਇਆ ਗਿਆ ਅਤੇ 2006 ਵਿਚ ਇਮਾਰਤ ਉਸਾਰੀ ਦੀ ਆਰੰਭਤਾ ਕੀਤੀ ਗਈ। ਇਮਾਰਤ ਦੀ ਸੇਵਾ ਸ. ਕਰਤਾਰ ਸਿੰਘ ਠਕਰਾਲ ਸਿੰਘਾਪੁਰ ਨਿਵਾਸੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਨਿਮਰਤਾ ਸਹਿਤ ਨਿਭਾਈ ਗਈ। ਇਮਾਰਤ ਦੀ ਵਿਲੱਖਣ ਦਿੱਖ ਅਤੇ ਨਕਸ਼ਾ ਸ. ਮਹਿੰਦਰਜੀਤ ਸਿੰਘ (ਅੰਮ੍ਰਿਤਸਰ) ਆਰਕੀਟੈਕਟ ਵੱਲੋਂ ਤਿਆਰ ਕੀਤਾ ਗਿਆ ਜਿਸ ਵਿੱਚ ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਨੂੰ ਸਮਰਪਿਤ ਅੱਠ ਮੰਜ਼ਿਲਾਂ, ਦਸ ਗੁਰੂ ਸਾਹਿਬਾਨ ਨੂੰ ਸਮਰਪਿਤ ਦਸ ਉੱਚੇ ਥੰਮ੍ਹ, ਅਕਾਲ ਪੁਰਖ ਇੱਕ ਹੈ ਨੂੰ ਦਰਸਾਉਂਦਾ ਇੱਕ ਵੱਡਾ ਕੇਂਦਰੀ ਗੁੰਬਦ ਅਤੇ ਪੰਜ ਪਿਆਰੇ ਸਾਹਿਬਾਨ ਨੂੰ ਸਮਰਪਿਤ ਪੰਜ ਛੋਟੇ ਗੁੰਬਦ ਤਿਆਰ ਕਰਕੇ ਧਾਰਮਿਕ ਦ੍ਰਿਸ਼ਟੀ ਤੋਂ ਪ੍ਰੇਰਿਤ ਇੱਕ ਹਵਾਦਾਰ ਅਤੇ ਰੌਸ਼ਨੀ ਭਰਪੂਰ ਇਮਾਰਤ ਉਸਾਰਨ ਦੀ ਯੋਜਨਾ ਉਲੀਕੀ ਗਈ। ਇਮਾਰਤ ਨੂੰ ਮਜ਼ਬੂਤੀ ਅਤੇ ਸਥਿਰਤਾ ਪ੍ਰਦਾਨ ਕਰਨ ਵਾਸਤੇ ਇੰਜੀਨੀਅਰ ਦੀ ਸੇਵਾ ਸ. ਬਲਜੀਤ ਸਿੰਘ (ਜਲੰਧਰ) ਨੇ ਨਿਭਾਈ। ਉਲੀਕੇ ਨਕਸ਼ੇ ਅਨੁਸਾਰ ਇਮਾਰਤ ਉਸਾਰੀ ਦੀ ਸੇਵਾ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਹੈੱਡ ਮਿਸਤਰੀ ਸ. ਕਰਨੈਲ ਸਿੰਘ ਖਡੂਰ ਸਾਹਿਬ ਦੀ ਦੇਖ ਰੇਖ ਹੇਠ ਕਰਵਾਈ ਗਈ। ਇਸ ਇਮਾਰਤ ਦੀਆਂ ਸਾਰੀਆਂ ਮੰਜ਼ਿਲਾਂ ਦੀ ਉਸਾਰੀ ਦੀ ਸੇਵਾ ਸਮੂਹ ਗੁਰੂ ਕੀਆਂ ਸੰਗਤਾਂ ਵੱਲੋਂ ਸਿਰਾਂ `ਤੇ ਬਾਟੇ ਚੁੱਕ ਕੇ ਸਤਿਨਾਮੁ ਵਾਹਿਗੁਰੂ ਦਾ ਜਾਪ ਕਰਦਿਆਂ ਕੀਤੀ ਗਈ। ਉਸਾਰੀ ਦੀ ਸੇਵਾ ਸੰਨ 2011 ਵਿੱਚ ਸੰਪੂਰਨ ਹੋਣ `ਤੇ ੫ ਵੈਸਾਖ, ਨਾਨਕਸ਼ਾਹੀ ਸੰਮਤ ੫੪੩ ਮੁਤਾਬਿਕ 18 ਅਪ੍ਰੈਲ, 2011 ਦਿਨ ਸੋਮਵਾਰ ਨੂੰ ਇਸ ਇਮਾਰਤ ਦਾ ਉਦਘਾਟਨ ਸਮੂਹ ਸੰਗਤਾਂ ਦੀ ਹਾਜ਼ਰੀ ਵਿੱਚ ਸ. ਕਰਤਾਰ ਸਿੰਘ ਠਕਰਾਲ ਸਿੰਘਾਪੁਰ ਨਿਵਾਸੀ ਵੱਲੋਂ ਕੀਤਾ ਗਿਆ ਅਤੇ ਨਿਸ਼ਾਨ-ਏ-ਸਿੱਖੀ ਇਮਾਰਤ ਰੂਪੀ ਖਜ਼ਾਨਾ ਸਮੁੱਚੀ ਮਾਨਵਤਾ ਦੀ ਸੇਵਾ ਵਾਸਤੇ ਸਿੱਖ ਪੰਥ ਦੀ ਝੋਲੀ ਵਿੱਚ ਪਾਇਆ ਗਿਆ।ਇਹਨਾਂ ਕਾਰਜਾਂ ਵਿੱਚ ਡਾ. ਰਘਬੀਰ ਸਿੰਘ ਬੈਂਸ ਨੇ ਸਲਾਹਕਾਰ ਵਜੋਂ ਸੇਵਾ ਨਿਭਾਈ।

ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਖਡੂਰ ਸਾਹਿਬ ਦੇ ਅੰਤਰਗਤ ਧਰਮ, ਵਿੱਦਿਆ, ਵਾਤਾਵਰਨ ਅਤੇ ਖੇਡਾਂ ਦੇ ਖੇਤਰ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਅੱਜ ਇਸ ਅੱਠ ਮੰਜ਼ਿਲਾਂ ਇਮਾਰਤ ਨੂੰ ਮਿਆਰੀ ਵਿੱਦਿਆ ਪ੍ਰਦਾਨ ਕਰਨ ਵਾਲੇ ਇੱਕ ਮਹਾਨ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਇਸ ਦੀਆਂ ਅੱਠ ਮੰਜ਼ਿਲਾਂ ਵਿੱਚ ਕਾਰਜਸ਼ੀਲ ਵੱਖ-ਵੱਖ ਵਿਭਾਗਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:-

| | |
|---|---|
| ਬੇਸਮੈਂਟ | 80 ਸੀਟਾਂ ਦੀ ਸਮਰੱਥਾ ਵਾਲਾ ਸਾਊਂਡ ਪਰੂਫ ਆਡੀਟੋਰੀਅਮ |
| ਧਰਾਤਲੀ ਮੰਜ਼ਿਲ | 100 ਸੀਟਾਂ ਦੀ ਸਮਰੱਥਾ ਵਾਲਾ ਕਾਨਫਰੰਸ ਹਾਲ ਅਤੇ ਪ੍ਰਬੰਧਕੀ ਦਫ਼ਤਰ |
| ਪਹਿਲੀ ਮੰਜ਼ਿਲ | ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼ |
| ਦੂਸਰੀ ਮੰਜ਼ਿਲ | ਨਿਸ਼ਾਨ-ਏ-ਸਿੱਖੀ ਸਿਵਲ ਸੇਵਾਵਾਂ ਪ੍ਰੀਖਿਆ ਟ੍ਰੇਨਿੰਗ ਸੈਂਟਰ (UPSC Wing) |
| ਤੀਸਰੀ ਮੰਜ਼ਿਲ | ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼ ਅਤੇ (CDS Wing) |
| ਚੌਥੀ ਮੰਜ਼ਿਲ | ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟਰੇਨਿੰਗ (NEET JEE Wing) |
| ਪੰਜਵੀਂ ਮੰਜ਼ਿਲ | ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟਰੇਨਿੰਗ (NDA Wing) |
| ਛੇਵੀਂ ਮੰਜ਼ਿਲ | ਕੇਂਦਰੀ ਲਾਇਬ੍ਰੇਰੀ ਅਤੇ ਸੈਮੀਨਾਰ ਹਾਲ |

# ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼, ਖਡੂਰ ਸਾਹਿਬ, ਤਰਨ ਤਾਰਨ




ਕਾਰ ਸੇਵਾ ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਚਲ ਰਹੀ ਵਿੱਦਿਅਕ ਸੰਸਥਾ ਨਿਸ਼ਾਨ-ਏ-ਸਿੱਖੀ ਵਿੱਚ 'ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼' ਗੁਰਮਤਿ ਅਧਿਐਨ, ਸਿੱਖੀ ਦੇ ਪ੍ਰਚਾਰ, ਪਾਸਾਰ ਅਤੇ ਅਕਾਦਮਿਕ ਖੋਜ ਖੇਤਰ ਵਿੱਚ ਆਪਣੀ ਮਾਣਮੱਤੀ ਪਛਾਣ ਬਣਾ ਚੁੱਕਿਆ ਹੈ। ਇਸ ਸੰਸਥਾ ਤੋਂ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀ ਦੇਸ਼ਾਂ-ਵਿਦੇਸ਼ਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਕੇ ਨਾਮਣਾ ਖੱਟ ਚੁੱਕੇ ਹਨ ਅਤੇ ਅੱਜ ਵੀ ਕਾਰਜਸ਼ੀਲ ਹਨ।

ਇਹ ਸੰਸਥਾ ਕਾਰ ਸੇਵਾ, ਖਡੂਰ ਸਾਹਿਬ ਦੇ ਮੁਖੀ ਬਾਬਾ ਸੇਵਾ ਸਿੰਘ ਜੀ ਦੇ ਸੁਪਨੇ ਦਾ ਸਾਕਾਰ ਰੂਪ ਹੈ। ਉਨ੍ਹਾਂ ਦੀ ਵੱਡੀ ਸੋਚ ਹੈ ਕਿ ਸਿੱਖ ਪ੍ਰਚਾਰਕ ਵਿਦਵਾਨ ਹੋਣ ਦੇ ਨਾਲ-ਨਾਲ ਸੁਚੱਜੀ ਗੁਰਮਤਿ ਰਹਿਣੀ ਅਤੇ ਆਤਮਿਕ ਅਨੁਭਵ ਵਾਲੀ ਸ਼ਖ਼ਸੀਅਤ ਹੋਵੇ। ਇਸ ਲਈ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼ ਵਿੱਚ ਵਿਦਿਆਰਥੀਆਂ ਦੀ ਨਿੱਤ ਦੀ ਕਰਮ ਕਿਰਿਆ/ ਸਿਲੇਬਸ ਅਜਿਹਾ ਨਿਰਧਾਰਤ ਕੀਤਾ ਗਿਆ ਹੈ ਤਾਂ ਜੋ ਅਜਿਹੇ ਸੁਮੇਲ ਨੂੰ ਵਿਦਿਆਰਥੀਆਂ ਵਿੱਚ ਮੂਰਤੀਮਾਨ ਕੀਤਾ ਜਾ ਸਕੇ। ਇਹ ਸੰਸਥਾ ਅੰਮ੍ਰਿਤ ਵੇਲੇ ਤੋਂ ਕਿਰਿਆਸ਼ੀਲ ਹੋ ਕੇ ਰਹਰਾਸਿ ਸਾਹਿਬ/ਸੋਹਿਲਾ ਸਾਹਿਬ ਦੇ ਪਾਠ ਦੀ ਸਮਾਪਤੀ ਨਾਲ ਸੰਪੂਰਨ ਹੁੰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼, ਖਡੂਰ ਸਾਹਿਬ ਵਿੱਚ ਵਿਦਿਆਰਥੀਆਂ ਨੂੰ ਸਿਮਰਨ ਦੇ ਨਾਲ-ਨਾਲ ਸੇਵਾ, ਸੰਜਮ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਵੀ ਜੋੜਿਆ ਜਾਂਦਾ ਹੈ।

ਇੰਸਟੀਚਿਊਟ ਸੁਚੱਜੇ ਅਤੇ ਸਚਾਰੂ ਢੰਗ ਨਾਲ ਚਲਾਉਣ ਲਈ ਸੂਝਵਾਨ ਅਤੇ ਪੰਥ ਪ੍ਰਸਿੱਧ ਸ਼ਖ਼ਸ਼ੀਅਤਾਂ ਦੀ ਕਮੇਟੀ ਗਠਿਤ ਕੀਤੀ ਗਈ ਹੈ। ਸੰਗਠਿਤ ਕੀਤੇ ਗਏ ਬੋਰਡ ਆਫ ਸਟੱਡੀ ਦੇ ਮੈਂਬਰ ਜੋ ਨਿਰੰਤਰ ਸੇਵਾਵਾਂ ਦੇ ਰਹੇ ਹਨ, ਉਨ੍ਹਾਂ ਵਿੱਚ ਬਾਬਾ ਸੇਵਾ ਸਿੰਘ ਜੀ ਤੋਂ ਇਲਾਵਾ ਪ੍ਰੋ. ਬਲਵੰਤ ਸਿੰਘ ਜੀ ਢਿੱਲੋਂ (ਫਾਊਂਡਰ ਡਾਇਰੈਕਟਰ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਇੰਦਰਜੀਤ ਸਿੰਘ ਗੋਗੋਆਣੀ (ਖਾਲਸਾ ਕਾਲਜ, ਅੰਮ੍ਰਿਤਸਰ), ਡਾ. ਅਮਰਜੀਤ ਸਿੰਘ (ਡਾਇਰੈਕਟਰ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਅੰਮ੍ਰਿਤਸਰ), ਪ੍ਰੋਫੈਸਰ ਬ੍ਰਿਜਪਾਲ ਸਿੰਘ (ਅੰਮ੍ਰਿਤਸਰ), ਭਾਈ ਵਰਿਆਮ ਸਿੰਘ (ਸਾਬਕਾ ਸਕੱਤਰ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ) ਆਦਿ ਹਨ। ਸਵ. ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ (ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ) ਉਪਰੋਕਤ ਬੋਰਡ ਦੇ ਮੋਢੀ ਤੇ ਮੈਂਬਰ ਵੀ ਸਨ ਅਤੇ ਅਖੀਰਲੇ ਸਵਾਸਾਂ ਤੱਕ ਸਮੇਂ-ਸਮੇਂ ਆ ਕੇ ਇਸ ਇੰਸਟੀਚਿਊਟ ਵਿੱਚ ਵਿਦਿਆਰਥੀਆਂ ਨੂੰ ਗੁਰਬਾਣੀ ਸੰਥਿਆ ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ ਸਨ।

**ਵਿਸ਼ੇਸ਼ਤਾਵਾਂ**

- ਪੰਜ ਸਾਲਾ ਪੋਸਟ ਗ੍ਰੈਜੂਏਟ ਗੁਰਮਤਿ ਡਿਪਲੋਮਾ ਦੇ ਨਾਲ-ਨਾਲ ਬੀ.ਏ ਅਤੇ ਐਮ.ਏ. ਦੀ ਅਕਾਦਮਿਕ ਪੜ੍ਹਾਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਬਿਨਾ ਕਿਸੇ ਖਰਚੇ ਦੇ ਕਰਵਾਈ ਜਾਂਦੀ ਹੈ। ਇਸਦਾ ਮਕਸਦ ਗੁਰਮਤਿ ਦੇ ਵਿਦਵਾਨ-ਖੋਜੀ, ਪ੍ਰੋਫੈਸਰ, ਧਾਰਮਿਕ ਅਧਿਆਪਕ, ਪ੍ਰਚਾਰਕ, ਵਿਆਖਿਆਕਾਰ, ਰਾਗੀ ਅਤੇ ਉਚੇਰੀ ਸ਼ਖ਼ਸੀਅਤ ਪੈਦਾ ਕਰਨਾ ਹੈ।
- ਵਿਦਿਆਰਥੀਆਂ ਦੀ ਪੜ੍ਹਾਈ, ਰਿਹਾਇਸ਼ ਅਤੇ ਖਾਣੇ ਦਾ ਸਮੁੱਚਾ ਪ੍ਰਬੰਧ ਸੰਸਥਾ ਵੱਲੋਂ ਮੁਫ਼ਤ ਕੀਤਾ ਜਾਂਦਾ ਹੈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਚੋਣਵੀਆਂ ਬਾਣੀਆਂ ਦੇ ਨਾਲ-ਨਾਲ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਚੋਣਵੀਆਂ ਰਚਨਾਵਾਂ ਅਤੇ ਸਿੱਖ ਇਤਿਹਾਸ ਦੇ ਮੁੱਢਲੇ ਸੋਮਿਆਂ ਦਾ ਅਧਿਐਨ ਵੀ ਕਰਵਾਇਆ ਜਾਂਦਾ ਹੈ।
- ਧਰਮ ਅਧਿਐਨ, ਇਤਿਹਾਸ, ਧਰਮ ਦਰਸ਼ਨ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਕਰਵਾਇਆ ਜਾਂਦਾ ਹੈ।
- ਵਿਦਿਆਰਥੀਆਂ ਨੂੰ ਲੜੀਵਾਰ ਸਰੂਪ ਤੋਂ ਗੁਰਬਾਣੀ ਦੀ ਸੰਥਿਆ ਕਰਵਾਈ ਜਾਂਦੀ ਹੈ।
- ਗੁਰਮਤਿ ਪਰੰਪਰਾ ਅਨੁਸਾਰ ਕਥਾ/ਲੈਕਚਰ ਅਤੇ ਗੁਰਮਤਿ ਸੰਗੀਤ ਸਿਖਾਇਆ ਜਾਂਦਾ ਹੈ ਜੋ ਸਿਲੇਬਸ ਦਾ ਹਿੱਸਾ ਹੈ।
- ਦਾਖਲਾ ਹਰ ਸਾਲ ਲਗਭਗ ਅਪ੍ਰੈਲ ਦੇ ਪਹਿਲੇ ਹਫ਼ਤੇ ਸ਼ੁਰੂ ਹੁੰਦਾ ਹੈ। ਦਾਖ਼ਲਾ ਫ਼ਾਰਮ www.nishan-e-sikhi.org ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ।
- ਵਿਦਿਆਰਥੀ ਕਿਸੇ ਵੀ ਵਿਸ਼ੇ ਵਿੱਚ (ਆਰਟਸ, ਸਾਇੰਸ, ਕਮਰਸ) ਵਿੱਚ 10+2 ਪਾਸ ਕੀਤੀ ਹੋਵੇ ਜਾਂ ਮੌਜੂਦਾ ਵਿਦਿਅਕ ਵਰ੍ਹੇ ਵਿਚ ਕਰ ਰਿਹਾ ਹੋਵੇ।
- ਵਿਦਿਆਰਥੀ ਗੁਰਬਾਣੀ, ਧਰਮ, ਕੀਰਤਨ ਆਦਿ ਵਿੱਚ ਰੁਚੀ ਰੱਖਦਾ ਹੋਵੇ।
- ਦਾਖ਼ਲਾ ਲਿਖਤੀ ਟੈਸਟ ਅਤੇ ਇੰਟਰਵਿਊ ਦੇ ਆਧਾਰ ਤੇ ਕੀਤਾ ਜਾਂਦਾ ਹੈ।

**ਪ੍ਰਾਪਤੀਆਂ**

**ਰਾਗੀ ਜਥਾ** - ਤਿੰਨ ਵਿਦਿਆਰਥੀਆਂ ਦਾ ਇਕ ਜਥਾ ਚਾਰ ਵਾਰ ਛੇ ਮਹੀਨੇ ਲਈ ਕਨੇਡਾ, ਟਰਾਂਟੋ, ਸਰੀ ਵਿੱਖੇ ਕੀਰਤਨ ਦੀ ਸੇਵਾ ਕਰ ਚੁੱਕਾ ਹੈ।

ਜੇ.ਆਰ.ਐਫ. (JRF) ਕਰ ਚੁੱਕੇ ਅਤੇ ਪੀਐੱਚ.ਡੀ. (Ph.D) ਕਰ ਰਹੇ ਵਿਦਿਆਰਥੀ- ਤਿੰਨ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀਐੱਚ.ਡੀ. ਕਰ ਚੁੱਕੇ ਹਨ ਅਤੇ ਅੱਠ ਵਿਦਿਆਰਥੀ ਫੈਲੋਸ਼ਿਪ ਪ੍ਰਾਪਤ ਕਰਕੇ ਪੀਐੱਚ.ਡੀ. ਕਰ ਰਹੇ ਹਨ। ਇਸ ਤੋਂ ਇਲਾਵਾ ਇਸ ਸੰਸਥਾ ਦੇ 14 ਵਿਦਿਆਰਥੀ ਯੂ.ਜੀ.ਸੀ.ਨੈੱਟ ਦੀ ਪ੍ਰੀਖਿਆ ਪਾਸ ਕਰ ਚੁੱਕੇ ਹਨ।

**ਐਮ.ਫਿਲ. ਕਰ ਚੁੱਕੇ ਵਿਦਿਆਰਥੀ**- ਇਸ ਸੰਸਥਾ ਦੇ 10 ਵਿਦਿਆਰਥੀ ਐਮ.ਫਿਲ. ਕਰ ਚੁਕੇ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਧਰਮ ਅਧਿਐਨ ਵਿੱਚ ਵਿਦਿਆਰਥੀਆਂ ਨੇ 04 ਗੋਲਡ ਮੈਡਲ, 04 ਸਿਲਵਰ, 03 ਬਰਾਊਨ ਮੈਡਲ ਹਾਸਿਲ ਕੀਤੇ।

**ਭਾਰਤੀ ਫੌਜ ਵਿਚ ਸੇਵਾ ਨਿਭਾਅ ਰਿਹਾ ਵਿਦਿਆਰਥੀ**- ਇਸ ਸੰਸਥਾ ਤੋਂ ਵਿਦਿਆ ਪ੍ਰਾਪਤ ਕਰਕੇ ਇਕ ਵਿਦਿਆਰਥੀ ਜਸ਼ਨਪ੍ਰੀਤ ਸਿੰਘ ਭਾਰਤੀ ਫੌਜ ਵਿਚ ਬਤੌਰ ਆਰ.ਟੀ.ਜੇ.ਸੀ.ਓ ਵਜੋਂ ਸੇਵਾ ਨਿਭਾਅ ਰਿਹਾ ਹੈ।

**ਵੱਖ-ਵੱਖ ਦੇਸ਼ਾਂ ਵਿੱਚ ਸੇਵਾਵਾਂ ਨਿਭਾਅ ਰਹੇ ਵਿਦਿਆਰਥੀ**- ਇਸ ਸੰਸਥਾ ਤੋਂ ਵਿਦਿਆ ਪ੍ਰਾਪਤ ਕਰਕੇ ਬਹੁਤ ਸਾਰੇ ਵਿਦਿਆਰਥੀ ਵੱਖ-ਵੱਖ ਦੇਸ਼ਾਂ ਸਿੰਘਾਪੁਰ, ਅਸਟ੍ਰੇਲੀਆ, ਕਨੇਡਾ, ਹੌਲੈਂਡ ਆਦਿ ਵਿੱਚ ਧਾਰਮਿਕ ਅਧਿਆਪਕ, ਪ੍ਰਚਾਰਕ, ਗ੍ਰੰਥੀ ਸਿੰਘ ਆਦਿ ਵੱਜੋਂ ਸੇਵਾਵਾਂ ਨਿਭਾਅ ਰਹੇ ਹਨ।

ਵੱਖ-ਵੱਖ ਅਦਾਰਿਆਂ ਵਿੱਚ ਸੇਵਾ ਨਿਭਾਅ ਰਹੇ ਵਿਦਿਆਰਥੀ

ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਦੇ ਅੰਤਰਗਤ ਚਲ ਰਹੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ ਆਦਿ ਸੰਸਥਾਵਾਂ ਵਿੱਚ 36 ਧਾਰਮਿਕ ਅਧਿਆਪਕ, 05 ਪ੍ਰਚਾਰਕ ਸਿੰਘ, 05 ਧਾਰਮਿਕ ਪ੍ਰੋਫ਼ੈਸਰ, 01 ਪ੍ਰਿੰਸੀਪਲ, 01 ਗ੍ਰੰਥੀ ਸਿੰਘ ਵਜੋਂ ਸੇਵਾਵਾਂ ਨਿਭਾਅ ਰਹੇ ਹਨ।

**ਪ੍ਰਿੰਸੀਪਲ ਭਾਈ ਵਰਿਆਮ ਸਿੰਘ**
(98148-98365, 70875-40655)

## ਧਰਮ ਅਧਿਐਨ ਦੀ ਪੀ.ਐੱਚ.ਡੀ ਕਰ ਚੁੱਕੇ ਵਿਦਿਆਰਥੀ


**ਭਾਈ ਜਗਦੀਪ ਸਿੰਘ**


**ਭਾਈ ਨਵਜੋਤ ਸਿੰਘ**


**ਭਾਈ ਹਰਪਾਲ ਸਿੰਘ**

## ਧਰਮ ਅਧਿਐਨ ਦੀ ਪੀ.ਐੱਚ.ਡੀ ਕਰ ਰਹੇ ਵਿਦਿਆਰਥੀ


ਭਾਈ ਵਿਕਰਮਜੀਤ ਸਿੰਘ


ਭਾਈ ਦੀਦਾਰ ਸਿੰਘ


ਭਾਈ ਨਵਜੋਤ ਸਿੰਘ


ਭਾਈ ਚਰਨਜੀਤ ਸਿੰਘ


ਭਾਈ ਪਰਮਿੰਦਰ ਸਿੰਘ


ਭਾਈ ਬਲਵਿੰਦਰ ਸਿੰਘ


ਭਾਈ ਮਹਿਕਪ੍ਰੀਤ ਸਿੰਘ


ਭਾਈ ਬਿਕਰਮਜੀਤ ਸਿੰਘ



**ਭਾਈ ਜਸ਼ਨਦੀਪ ਸਿੰਘ**
ਪੁੱਤਰ ਸ.ਹਰਮਿੰਦਰ ਸਿੰਘ,
ਪਿੰਡ ਸੰਘਰ-ਕੋਟ, ਜਿਲ੍ਹਾ ਤਰਨ ਤਾਰਨ
ਭਾਰਤੀ ਆਰਮੀ ਵਿੱਚ ਬਤੌਰ
ਨਾਇਬ ਸੂਬੇਦਾਰ (ਗ੍ਰੰਥੀ ਸਿੰਘ)
ਵਜੋਂ ਸੇਵਾਵਾਂ ਨਿਭਾ ਰਹੇ ਹਨ।


ਅਕਾਦਮਿਕ ਵਿੱਦਿਆ ਪ੍ਰਾਪਤ ਕਰਦੇ ਹੋਏ ਵਿਦਿਆਰਥੀ

# ਨਿਸ਼ਾਨ-ਏ-ਸਿੱਖੀ ਸਿਵਲ ਸੇਵਾਵਾਂ ਪ੍ਰੀਖਿਆ ਟ੍ਰੇਨਿੰਗ ਸੈਂਟਰ



ਟ੍ਰੇਨਿੰਗ ਪ੍ਰਾਪਤ ਕਰਦੇ ਹੋਏ ਵਿਦਿਆਰਥੀ

ਬਾਬਾ ਸੇਵਾ ਸਿੰਘ ਜੀ ਦੀ ਯੋਗ ਰਹਿਨੁਮਾਈ ਹੇਠ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ:) ਖਡੂਰ ਸਾਹਿਬ ਦੇ ਅੰਤਰਗਤ ਕਾਰਜਸ਼ੀਲ ਇਸ ਸੰਸਥਾ ਦਾ ਪ੍ਰਮੁੱਖ ਉਦੇਸ਼ ਨੌਜਵਾਨ ਵਰਗ ਨੂੰ ਭਾਰਤੀ ਸਿਵਲ ਸੇਵਾਵਾਂ IAS, IFS, IPS ਅਤੇ IRS ਆਦਿ ਵਿੱਚ ਬਤੌਰ ਅਫ਼ਸਰ ਸਥਾਪਿਤ ਕਰਨਾ ਹੈ ਤਾਂ ਜੋ ਨੌਜਵਾਨ ਦੇਸ਼ ਦੇ ਉੱਚ-ਪੱਧਰੀ ਨੀਤੀ ਪ੍ਰਬੰਧ, ਪ੍ਰਸ਼ਾਸਕੀ ਕਾਰਜਕੁਸ਼ਲਤਾ ਅਤੇ ਯੋਜਨਾਬੰਦੀ ਵਿੱਚ ਆਪਣਾ ਵੱਡਮੁਲਾ ਯੋਗਦਾਨ ਪਾ ਕੇ ਦੇਸ਼, ਕੌਮ ਅਤੇ ਸਮਾਜ ਦੀ ਸੇਵਾ ਕਰ ਸਕਣ। ਇਸ ਉਦੇਸ਼ ਦੀ ਪ੍ਰਾਪਤੀ ਦੇ ਮੱਦੇਨਜ਼ਰ ਸੰਸਥਾ ਵਿੱਚ UPSC ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਵਾਸਤੇ ਨੌਜਵਾਨ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਲਈ ਹੇਠ ਲਿਖੇ ਦੋ ਟ੍ਰੇਨਿੰਗ ਪ੍ਰੋਗਰਾਮ ਕਾਰਜਸ਼ੀਲ ਹਨ:

1. **ਬੀ.ਏ. (ਸੋਸ਼ਲ ਸਟੱਡੀਜ਼) ਅੰਡਰ-ਗ੍ਰੈਜੂਏਟ ਡਿਗਰੀ ਕੋਰਸ ਨਾਲ ਏਕੀਕ੍ਰਿਤ ਚਾਰ ਸਾਲਾ ਯੂ.ਪੀ.ਐੱਸ.ਸੀ. ਟ੍ਰੇਨਿੰਗ ਪ੍ਰੋਗਰਾਮ :** (ਬਾਰ੍ਹਵੀਂ ਪਾਸ ਵਿਦਿਆਰਥੀਆਂ ਲਈ): ਇਸ ਪ੍ਰੋਗਰਾਮ ਤਹਿਤ ਬਾਰ੍ਹਵੀਂ ਪਾਸ ਕਰ ਚੁੱਕੇ ਜਾਂ ਮੌਜੂਦਾ ਵਿਦਿਅਕ ਵਰ੍ਹੇ ਵਿੱਚ ਪਾਸ ਕਰ ਰਹੇ ਵਿਦਿਆਰਥੀਆਂ ਦੀ ਲਿਖ਼ਤੀ ਦਾਖ਼ਲਾ ਪ੍ਰੀਖਿਆ ਅਤੇ ਇੰਟਰਵਿਊ ਦੀ ਸੰਯੁਕਤ ਮੈਰਿਟ ਦੇ ਆਧਾਰ `ਤੇ ਚੋਣ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਪ੍ਰਮਾਣਿਤ ਬੀ.ਏ.(ਸੋਸ਼ਲ ਸਟੱਡੀਜ਼) ਅੰਡਰ-ਗ੍ਰੈਜੂਏਟ ਡਿਗਰੀ ਪ੍ਰੋਗਰਾਮ (ਨਵੀਂ ਸਿੱਖਿਆਂ ਨੀਤੀ 2020) ਦੇ ਨਾਲ-ਨਾਲ UPSC ਪ੍ਰੀਖਿਆ ਲਈ ਮੁੱਢਲੇ ਪੱਧਰ ਤੋਂ ਤਿਆਰੀ ਕਰਵਾਈ ਜਾਂਦੀ ਹੈ। ਗ੍ਰੈਜੂਏਸ਼ਨ ਦੇ ਪਹਿਲੇ ਸਮੈਸਟਰ ਤੋਂ ਹੀ ਸੰਬੰਧਿਤ ਵਿਸ਼ਾ ਮਾਹਰਾਂ ਵੱਲੋਂ ਵਿਦਿਆਰਥੀ ਨੂੰ UPSC ਪ੍ਰੀਖਿਆ ਲਈ ਵਿਸ਼ੇਸ਼ ਤੌਰ `ਤੇ ਤਿਆਰ ਕਰਕੇ ਪੰਜਵੇਂ ਸਮੈਸਟਰ (ਤੀਜੇ ਸਾਲ) ਵਿੱਚ ਸੰਸਥਾ ਦੇ ਨਿਯਮਾਂ ਅਨੁਸਾਰ UPSC ਟਾਰਗੇਟ ਬੈਚ ਵਿੱਚ ਸ਼ਾਮਲ ਕੀਤਾ ਜਾਂਦਾ ਹੈ।
2. **ਦੋ ਸਾਲਾ UPSC ਟ੍ਰੇਨਿੰਗ ਪ੍ਰੋਗਰਾਮ (ਟਾਰਗੇਟ ਬੈਚ) (ਗ੍ਰੈਜੂਏਟ ਵਿਦਿਆਰਥੀਆਂ ਲਈ):** ਇਸ ਪ੍ਰੋਗਰਾਮ ਦੇ ਅਧੀਨ ਗ੍ਰੈਜੂਏਟ ਵਿਦਿਆਰਥੀਆਂ ਨੂੰ ਲਿਖ਼ਤੀ ਦਾਖ਼ਲਾ ਪ੍ਰੀਖਿਆ ਅਤੇ ਇੰਟਰਵਿਊ ਦੀ ਸੰਯੁਕਤ ਮੈਰਿਟ ਦੇ ਆਧਾਰ 'ਤੇ ਉਪਰੋਕਤ ਦਰਸਾਏ UPSC ਟਾਰਗੇਟ ਬੈਚ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਇਸਦੇ ਤਹਿਤ ਨਾਮਵਰ, ਪੇਸ਼ਾਵਰ IAS ਟ੍ਰੇਨਿੰਗ ਅਕੈਡਮੀ ਦੀ ਫੈਕਲਟੀ ਵੱਲੋਂ ਦੋ ਸਾਲਾ ਵਿਸਤ੍ਰਿਤ ਟ੍ਰੇਨਿੰਗ ਪ੍ਰੋਗਰਾਮ ਦੇ ਅੰਤਰਗਤ UPSC ਸਿਵਲ ਸੇਵਾਂਵਾਂ ਇਮਤਿਹਾਨ ਦੀ ਤਿਆਰੀ ਕਰਵਾਈ ਜਾਂਦੀ ਹੈ।

**ਉਪਰੋਕਤ ਅਨੁਸਾਰ ਸਿਵਲ ਸੇਵਾਵਾਂ ਪ੍ਰੀਖਿਆ ਦੀ ਸਮੁੱਚੀ ਤਿਆਰੀ ਵਾਸਤੇ ਸੰਸਥਾ ਵੱਲੋਂ ਹੇਠ ਲਿਖੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ:**

1. ਟੀਚਾ ਆਧਾਰਿਤ ਮਾਰਗਦਰਸ਼ਨ ਲਈ ਯੋਗ, ਪੇਸ਼ਾਵਰ ਅਤੇ ਤਜ਼ਰਬੇਕਾਰ ਫੈਕਲਟੀ
2. Preliminary, Mains ਪ੍ਰੀਖਿਆ ਅਤੇ ਇੰਟਰਵਿਊ ਆਧਾਰਿਤ ਵਿਸਤ੍ਰਿਤ ਟ੍ਰੇਨਿੰਗ ਪ੍ਰੋਗਰਾਮ
3. ਲੋੜੀਂਦੇ ਅਭਿਆਸ ਅਤੇ ਸਵੈ-ਮੁਲਾਂਕਣ ਵਾਸਤੇ ਵਿਸ਼ੇਸ਼ ਤੌਰ 'ਤੇ ਤਿਆਰ ਟੈਸਟ ਸੀਰੀਜ਼
4. ਸ਼ਖ਼ਸੀਅਤ ਉਸਾਰੀ, ਉੱਤਰ ਲਿਖਣ ਅਤੇ ਬੋਲਣ ਕੌਸ਼ਲ ਦਾ ਨਿਰਮਾਣ
5. Preliminary ਅਤੇ Mains ਪ੍ਰੀਖਿਆ ਆਧਾਰਿਤ ਪੜ੍ਹਨ ਸਮੱਗਰੀ, ਮੈਗਜ਼ੀਨ ਅਤੇ ਸਰੋਤਾਂ ਦੀ ਉਪਲੱਬਧਤਾ
6. ਹੋਣਹਾਰ ਵਿਦਿਆਰਥੀਆਂ ਵਾਸਤੇ ਵਜ਼ੀਫੇ ਦੀ ਸਹੂਲਤ ਅਤੇ ਹੋਸਟਲ ਦੀ ਸੁਵਿਧਾ
7. ਉੱਚ-ਪੱਧਰੀ, ਆਧੁਨਿਕ ਤਕਨੀਕੀ ਸਹੂਲਤਾਂ ਨਾਲ ਲੈਸ ਕੰਪਿਊਟਰਾਈਜ਼ਡ ਕਲਾਸ ਰੂਮ ਅਤੇ ਲਾਇਬ੍ਰੇਰੀ

**ਵਿਸ਼ੇਸ਼ ਕਥਨ :** UPSC ਸਿਵਲ ਸੇਵਾਵਾਂ ਪ੍ਰੀਖਿਆ ਦੀ ਕੋਚਿੰਗ ਸੰਬੰਧੀ ਸਮੁੱਚਾ ਖ਼ਰਚ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ:) ਖਡੂਰ ਸਾਹਿਬ ਦੁਆਰਾ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਕੋਚਿੰਗ ਸੁਵਿਧਾ ਮੁਫ਼ਤ ਪ੍ਰਦਾਨ ਕੀਤੀ ਜਾ ਰਹੀ ਹੈ ਤਾਂ ਜੋ ਉਹ ਆਰਥਿਕ ਬੋਝ ਤੋਂ ਰਹਿਤ ਆਪਣੇ ਸੁਪਨਿਆਂ ਨੂੰ ਉਡਾਣ ਦੇ ਕੇ ਉੱਚੇ ਮੁਕਾਮ ਹਾਸਲ ਕਰ ਸਕਣ।

ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ ਇੰਸਟੀਚਿਊਟ ਦੇ 7 ਵਿਦਿਆਰਥੀਆਂ ਨੇ ਪੀ.ਪੀ.ਐੱਸ.ਸੀ. ਦੁਆਰਾ ਆਯੋਜਿਤ ਪੰਜਾਬ ਰਾਜ ਸਿਵਲ ਸੇਵਾਵਾਂ ਪ੍ਰੀਲਿਮਨਰੀ ਪ੍ਰੀਖਿਆ ਪਾਸ ਕਰਕੇ ਮੇਨਜ਼ ਪ੍ਰੀਖਿਆ ਲਈ ਕੁਆਲੀਫਾਈ ਕੀਤਾ ਹੈ।

ਜ਼ਿਕਰਯੋਗ ਹੈ ਕਿ ਸੰਸਥਾ ਦੀ ਵਿਦਿਆਰਥਣ ਜੈਸਮੀਨ ਕੌਰ, ਬੀ.ਏ. (ਸੋਸ਼ਲ ਸਟੱਡੀਜ਼ ਬੈਚ ਦੂਸਰਾ) ਨੇ UPSC (CDS- OTA) ਵਿੱਚ ਸਮੁੱਚੇ ਭਾਰਤ ਵਿੱਚੋਂ ਚੌਥਾ ਰੈਂਕ ਹਾਸਲ ਕੀਤਾ। ਇਸੇ ਵਿਦਿਆਰਥਣ ਨੇ AFCAT ਪ੍ਰੀਖਿਆ ਪਾਸ ਕਰਕੇ ਭਾਰਤੀ ਹਵਾਈ ਫੌਜ ਵਿੱਚ ਬਤੌਰ ਅਫ਼ਸਰ ਨਿਯੁਕਤੀ ਪ੍ਰਾਪਤ ਕੀਤੀ ਹੈ। ਇਸ ਤੋਂ ਇਲਾਵਾ UPSC ਟਾਰਗੇਟ ਬੈਚ (2025-27) ਵਿੱਚ ਕੋਚਿੰਗ ਪ੍ਰਾਪਤ ਕਰ ਰਹੇ ਗੁਰਵੀਨ ਕੌਰ ਬੀ.ਏ. (ਸੋਸ਼ਲ ਸਟੱਡੀਜ਼) ਭਾਗ ਤੀਜਾ ਅਤੇ ਜਸਸਿਮਰਨ ਸਿੰਘ, UPSC (CDS) ਦੀ ਲਿਖ਼ਤੀ ਪ੍ਰੀਖਿਆ ਪਾਸ ਕਰ ਚੁੱਕੇ ਹਨ।

ਸੰਸਥਾ ਦੀ ਸਮੁੱਚੀ ਟੀਮ, ਡਾਇਰੈਕਟਰ: ਡਾ.ਕਮਲਜੀਤ ਸਿੰਘ (ਸਾਬਕਾ ਪ੍ਰੋਫੈਸਰ ਅਤੇ ਡੀਨ ਅਕਾਦਮਿਕ ਮਾਮਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ) ਦੀ ਯੋਗ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਟੀਚਿਆਂ ਦੀ ਪ੍ਰਾਪਤੀ ਲਈ ਵਚਨਬੱਧ ਹੈ।

**ਡਾਇਰੈਕਟਰ : ਡਾ. ਕਮਲਜੀਤ ਸਿੰਘ (ਸਾਬਕਾ ਪ੍ਰੋਫੈਸਰ ਅਤੇ ਡੀਨ ਅਕਾਦਿਮਕ ਮਾਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)**

ਸੰਪਰਕ : 9779931244 (ਦਫ਼ਤਰ), 7589347815 (ਕੋਆਰਡੀਨੇਟਰ), ਈ-ਮੇਲ: nsikhicivilservices@gmail.com



ਟੈਸਟ ਪ੍ਰਕਿਰਿਆ ਦਾ ਦ੍ਰਿਸ਼



ਵਿਸ਼ੇਸ਼ ਲੈਕਚਰ ਦਾ ਦ੍ਰਿਸ਼



ਵਿਦਿਆਰਥੀ ਦੇ ਸ਼ੰਕੇ ਨਿਵਿਰਤ ਕਰਦੇ ਹੋਏ ਅਧਿਆਪਕ

# ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਕੈਰੀਅਰ ਐਂਡ ਕੋਰਸਿਜ਼





ਟ੍ਰੇਨਿੰਗ ਪ੍ਰਾਪਤ ਕਰਦੇ ਹੋਏ ਵਿਦਿਆਰਥੀ

**ਟੀਚਾ :** ਲੋੜਵੰਦ ਅਤੇ ਬੇਰੁਜ਼ਗਾਰ ਸਿੱਖਿਆਰਥੀਆਂ ਨੂੰ ਮੁਫ਼ਤ ਸਿੱਖਿਆ ਪ੍ਰਦਾਨ ਕਰਨੀ ਅਤੇ ਵਿਸ਼ੇਸ਼ ਤੌਰ ਤੇ ਸਮਾਜ ਵਿੱਚ ਉਹਨਾਂ ਨੂੰ ਆਪਣੀ ਪਹਿਚਾਣ ਬਣਾਉਣ ਦਾ ਅਵਸਰ ਪ੍ਰਦਾਨ ਕਰਨਾ ਅਤੇ ਸਮਾਜ ਦੇ ਹਰ ਵਰਗ ਦੇ ਸਿੱਖਿਆਰਥੀਆਂ ਨੂੰ ਸਰਕਾਰੀ ਅਹੁਦੇ ਤੇ ਪਹੁੰਚਾਉਣਾ।

**ਮਨੋਰਥ :** ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਸੰਸਥਾ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਕੈਰੀਅਰ ਐਂਡ ਕੋਰਸਿਜ਼ ਪੰਜਾਬ ਦੇ ਲੜਕੇ ਅਤੇ ਲੜਕੀਆਂ ਨੂੰ ਸਰਕਾਰੀ ਅਹੁਦਿਆਂ ਜਿਵੇਂ ਕਿ : ਪੰਜਾਬ ਪੁਲਿਸ, ਸਬ ਇੰਸਪੈਕਟਰ, ਐਕਸਾਈਜ਼ ਇੰਸਪੈਕਟਰ, ਕਾਂਸਟੇਬਲ ਆਦਿ 'ਤੇ ਭਰਤੀ ਕਰਵਾਉਣ ਵਿੱਚ ਆਪਣੀ ਵਿਲੱਖਣ ਪਹਿਚਾਣ ਰੱਖਦੀ ਹੈ। ਇਸ ਦੇ ਨਾਲ ਬਹੁਤ ਸਾਰੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਮਾਜ ਵਿੱਚ ਆਪਣੀ ਪਹਿਚਾਣ ਬਣਾਉਣ ਦਾ ਮੌਕਾ ਮਿਲ ਰਿਹਾ ਹੈ। ਨਿਸ਼ਾਨ- ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ:) ਖਡੂਰ ਸਾਹਿਬ ਦੇ ਅੰਤਰਗਤ ਚੱਲ ਰਹੀ ਇਸ ਸੰਸਥਾ ਦੀ ਵਿਲੱਖਣਤਾ ਇਹ ਵੀ ਹੈ ਕਿ ਇੱਥੇ ਹਰ ਤਰੀਕੇ ਦੀ ਸਿਖਲਾਈ ਬਿਲਕੁਲ ਮੁਫ਼ਤ ਦਿੱਤੀ ਜਾਂਦੀ ਹੈ। ਜਿਸ ਕਾਰਨ ਆਰਥਿਕ ਪੱਖੋਂ ਪੱਛੜੇ ਵਰਗ ਦੇ ਸਿਖਿਆਰਥੀਆਂ ਨੂੰ ਵੀ ਸਰਕਾਰੀ ਵਿਭਾਗਾਂ ਵਿੱਚ ਭਰਤੀ ਹੋਣ ਦਾ ਮੌਕਾ ਮਿਲ ਰਿਹਾ ਹੈ।

**ਪਿਛੋਕੜ :** ਇਹ ਸੰਸਥਾ ਪੰਜਾਬ ਦੇ ਲੜਕੇ ਅਤੇ ਲੜਕੀਆਂ ਨੂੰ ਆਪਣੇ ਪੈਰਾਂ ਉੱਤੇ ਖੜ੍ਹੇ ਕਰਨ ਲਈ ਅਤੇ ਮੁਸ਼ਕਿਲ ਤੋਂ ਮੁਸ਼ਕਿਲ ਇਮਤਿਹਾਨ ਪਾਸ ਕਰਨ ਦੀ ਸਮਰੱਥਾ ਪੈਦਾ ਕਰਨ ਲਈ ਸਿਖਲਾਈ ਦੇਣ ਦੇ ਮੰਤਵ ਨਾਲ ਆਰੰਭ ਕੀਤੀ ਗਈ ਸੀ। ਬ੍ਰਿਗੇਡੀਅਰ ਟੀ.ਐਸ. ਔਲਖ (ਰਿਟਾਇਰਡ) ਦੀ ਨਿਗਰਾਨੀ ਵਿੱਚ ਪਹਿਲਾ ਬੈਚ 2008 ਵਿੱਚ ਲੜਕੀਆਂ ਦਾ ਸ਼ੁਰੂ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਲੜਕਿਆਂ ਲਈ ਵੀ ਸਿਖਲਾਈ ਨਿਰੰਤਰ ਜਾਰੀ ਹੈ।

**ਕੋਰਸ :** ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਕੈਰੀਅਰ ਐਂਡ ਕੋਰਸਿਜ਼ ਵਿਭਾਗ ਵੱਲੋਂ ਇਕ ਸਾਲਾ ਬੈਚ ਪ੍ਰੋਗਰਾਮ ਸਰਕਾਰੀ ਨੌਕਰੀ ਦੇ ਇਮਤਿਹਾਨਾਂ ਦੀ ਤਿਆਰੀ ਲਈ ਚਲਾਇਆ ਜਾਂਦਾ ਹੈ। ਇਸ ਪ੍ਰੋਗਰਾਮ ਰਾਹੀ ਹੇਠ ਲਿਖੇ ਅਨੁਸਾਰ ਵੱਖ-ਵੱਖ ਵਿਭਾਗਾਂ ਵਿੱਚ ਭਰਤੀ ਹੋਣ ਲਈ ਤਿਆਰੀ ਕਰਵਾਈ ਜਾਂਦੀ ਹੈ।

**ਪੁਲਿਸ ਵਿਭਾਗ:** ਪੰਜਾਬ ਪੁਲਿਸ, ਦਿੱਲੀ ਪੁਲਿਸ, ਚੰਡੀਗੜ੍ਹ ਪੁਲਿਸ, ਇੰਸਪੈਕਟਰ, ਹੈੱਡ ਕਾਂਸਟੇਬਲ ਆਦਿ ।

**ਸਥਾਨਕ ਵਿਭਾਗ:** ਫਾਇਰਮੈਨ, ਪਟਵਾਰੀ, ਕਾਨੂੰਗੋ, ਸੀਨੀਅਰ ਅਸਿਸਟੈਂਟ, ਕਲਰਕ ਆਦਿ ।

**ਪੈਰਾਮਿਲਟਰੀ ਫੋਰਸ:** ਬੀਐਸਐਫ, ਸੀ.ਆਰ.ਪੀ.ਐਫ, ਐਨ.ਆਈ.ਏ, ਅਗਨੀਵੀਰ ਆਦਿ

**ਬੈਂਕਿੰਗ ਵਿਭਾਗ:** ਕਲਰਕ, ਪ੍ਰੋਬੇਸ਼ਨਰੀ ਅਫ਼ਸਰ।

**ਯੋਗਤਾ :** ਸਿਖਿਆਰਥੀ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ। ਸਿਖਿਆਰਥੀ ਨੇ ਘੱਟ ਤੋਂ ਘੱਟ ਬਾਰਵੀਂ ਤੱਕ ਦੀ ਪੜ੍ਹਾਈ ਕੀਤੀ ਹੋਣੀ ਚਾਹੀਦੀ ਹੈ। ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਕਰ ਰਹੇ ਜਾਂ ਕਰ ਚੁੱਕੇ ਸਿਖਿਆਰਥੀ ਵੀ ਇਸ ਵਿਭਾਗ ਵਿੱਚ ਸਿਖਲਾਈ ਦਾ ਲਾਭ ਪ੍ਰਾਪਤ ਕਰ ਸਕਦੇ ਹਨ।

**ਵਿਸ਼ੇਸ਼ ਪੱਖ**

- ਲਿਖਤੀ ਅਤੇ ਸਰੀਰਕ ਪ੍ਰੀਖਿਆ ਲਈ ਮੁਫ਼ਤ ਸਿਖਲਾਈ
- ਸਰਕਾਰ ਵੱਲੋਂ ਜਾਰੀ ਸਿਲੇਬਸ ਅਨੁਸਾਰ ਤਿਆਰੀ
- ਵਿਦਿਆਰਥੀ ਦੀ ਸ਼ਖ਼ਸੀਅਤ ਦਾ ਹਰ ਪੱਖ ਤੋਂ ਵਿਕਾਸ ਕਰਨ ਵੱਲ ਖਾਸ ਧਿਆਨ
- ਗੁਰਸਿੱਖੀ ਜੀਵਨ ਵੱਲ ਖਾਸ ਪ੍ਰੇਰਨਾ ਅਤੇ ਅਨੁਸ਼ਾਸਨ ਤੇ ਇਮਾਨਦਾਰੀ ਵਿੱਚ ਰਹਿਣ ਦੀ ਸਿਖਲਾਈ
- ਹਰ ਮਹੀਨੇ ਸਿਖਿਆਰਥੀ ਦੀ ਮੁਲਾਂਕਣ ਰਿਪੋਰਟ ਅਤੇ ਹਰ ਹਫ਼ਤੇ ਮੌਕ ਟੈਸਟ।
- ਤਜਰਬੇਕਾਰ ਅਤੇ ਯੋਗ ਸਿੱਖਿਅਤ ਅਧਿਆਪਕ
- ਸਮਾਰਟ ਕਲਾਸ ਰੂਮ, ਸਾਈਲੈਂਟ ਰੀਡਿੰਗ ਰੂਮ ਅਤੇ ਸਥਾਪਿਤ ਕੇਂਦਰੀ ਲਾਇਬ੍ਰੇਰੀ
- ਸਮੇਂ ਸਮੇਂ ਤੇ ਯੋਗ ਸ਼ਖਸ਼ੀਅਤਾਂ ਵੱਲੋਂ ਵਿਚਾਰ ਗੋਸ਼ਟੀ

**ਪ੍ਰਾਪਤੀਆਂ :** ਸੰਸਥਾ ਵੱਲੋਂ ਹੁਣ ਤੱਕ ਵਿਭਾਗ ਦੇ 652 ਸਿਖਿਆਰਥੀ ਲਿਖਤੀ ਤੇ ਸਰੀਰਕ ਇਮਤਿਹਾਨ ਅਤੇ ਇੰਟਰਵਿਊ ਪੜਾਵਾਂ ਨੂੰ ਪਾਰ ਕਰਕੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਸੇਵਾਵਾਂ ਨਿਭਾ ਰਹੇ ਹਨ। ਜਿਸ ਦੀ ਸੂਚੀ ਬੰਦ ਹੇਠ ਲਿਖੇ ਅਨੁਸਾਰ ਹੈ :

**ਇਸ ਵਿਭਾਗ ਦੇ ਸਾਰੇ ਖਰਚੇ ਦੀ ਸੇਵਾ ਗੁਰਦੁਆਰਾ ਦੁਖ ਨਿਵਾਰਨ, ਸਰੀ ਕੈਨੇਡਾ ਦੀਆਂ ਸੰਗਤਾਂ ਵੱਲੋਂ ਗਿਆਨੀ ਨਰਿੰਦਰ ਸਿੰਘ ਜੀ ਰਾਹੀਂ ਕੀਤੀ ਜਾ ਰਹੀ ਹੈ ।**

- 12 ਪੰਜਾਬ ਪੁਲਿਸ ਸਬ ਇੰਸਪੈਕਟਰ
- 1 ਅਕਸਾਈਜ਼ ਇੰਸਪੈਕਟਰ
- 9 ਸੀ.ਆਰ.ਪੀ.ਐਫ
- 3 ਫਾਇਰ ਮੈਨ
- ਪੰਜਾਬ ਪੁਲਿਸ ਕਾਂਸਟੇਬਲ 285
- ਆਰਮੀ 135
- ਦਿੱਲੀ ਪੁਲਿਸ 6
- ਪਟਵਾਰੀ 1
- 136 ਬੀ.ਐਸ.ਐਫ
- 1 ਸੀ.ਆਈ.ਐਸ.ਐਫ
- 3 ਕਲਰਕ
- 1 PSPCL ਲਾਇਨਮੈਨ
- 28 ਚੰਡੀਗੜ੍ਹ ਪੁਲਿਸ
- ਸੁਰੱਖਿਆ ਸੇਵਾਵਾਂ 28
- ਜੇਲ ਵਾਰਡਨ 1
- 652 ਲੜਕੇ ਅਤੇ ਲੜਕੀਆਂ ਇਸ ਸੰਸਥਾ ਤੋਂ ਕੋਚਿੰਗ ਲੈ ਕੇ ਭਰਤੀ ਹੋ ਚੁੱਕੇ ਹਨ।

ਡਾਇਰੈਕਟਰ ਸ. ਬਲਦੇਵ ਸਿੰਘ ਸੰਧੂ
(94178-00020)

# ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ

## (NDA Wing)


NDA ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ


ਕਲਾਸਰੂਮ ਦਾ ਦ੍ਰਿਸ਼

ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਖਡੂਰ ਸਾਹਿਬ ਦੇ ਅੰਤਰਗਤ ਚੱਲ ਰਹੀ ਇਸ ਸੰਸਥਾ (NDA Wing) ਦਾ ਮਨੋਰਥ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਉੱਚੇ ਅਹੁਦਿਆਂ ਤੱਕ ਪਹੁੰਚਾਉਣਾ ਹੈ। ਭਾਰਤੀ ਫੌਜ ਵਿੱਚ ਉੱਚ ਅਹੁਦਿਆਂ ਲਈ ਪੰਜਾਬ ਦੇ ਪੇਂਡੂ ਇਲਾਕੇ ਦੇ ਬੱਚਿਆਂ ਦੇ ਘੱਟ ਰਹੇ ਰੁਝਾਨ ਨੂੰ ਦੇਖਦਿਆਂ ਕਾਰ ਸੇਵਾ ਖਡੂਰ ਸਾਹਿਬ ਦੁਆਰਾ ਇਸ ਇੰਸਟੀਚਿਊਟ ਵਿਖੇ ਮੇਜਰ ਜਨਰਲ ਆਰ.ਐਸ ਛਤਵਾਲ ਦੇ ਸਹਿਯੋਗ ਨਾਲ 2015 ਵਿਚ ਪਹਿਲਾ ਬੈਚ ਅਰੰਭ ਕੀਤਾ ਗਿਆ। ਇੱਕ ਪੇਂਡੂ ਇਲਾਕੇ ਵਿੱਚ ਸਥਾਪਿਤ ਇਹ ਸੰਸਥਾ ਵੱਡੇ ਮਹਾਂਨਗਰਾਂ ਦੇ ਮੁਕਾਬਲੇ ਬੱਚਿਆਂ ਨੂੰ ਸਹੂਲਤਾਂ ਅਤੇ ਸੁਚੱਜਾ ਵਿੱਦਿਅਕ ਢਾਂਚਾ ਮੁਹੱਈਆ ਕਰਵਾਉਂਦੀ ਹੈ। ਹੁਣ ਤੱਕ ਵਿਦਿਆਰਥੀਆਂ ਦੇ ਨੌਂ ਬੈਚ ਵਿੱਦਿਆ ਹਾਸਿਲ ਕਰ ਚੁੱਕੇ ਹਨ ਅਤੇ ਅੱਗੇ ਵੀ ਇਹ ਸੰਸਥਾ ਇਸ ਖੇਤਰ ਵਿੱਚ ਕਾਰਜਸ਼ੀਲ ਹੈ।


ਜਥੇਦਾਰਾ ਬਾਬਾ ਗੁਰਪ੍ਰੀਤ ਸਿੰਘ ਜੀ ਅਤੇ ਬਾਬਾ ਨਿਰਮਲ ਸਿੰਘ ਜੀ ਲੈਫਟੀਨੈਂਟ ਸਹਿਜਪ੍ਰੀਤ ਸਿੰਘ ਦੇ ਸਟਾਰ ਲਗਾਉਂਦੇ ਹੋਏ

**ਕੋਰਸ**- ਨੈਸ਼ਨਲ ਡਿਫੈਂਸ ਅਕੈਡਮੀ ਦੇ ਲਈ ਦੋ ਸਾਲਾ ਇੰਟੈਂਸਿਵ ਇੰਟਿਗਰੇਟਿਡ ਟਰੇਨਿੰਗ ਪ੍ਰੋਗਰਾਮ, ਅਧੀਨ ਐਨ.ਡੀ.ਏ ਲਈ ਯੂ.ਪੀ.ਐਸ.ਸੀ. ਲਿਖਤੀ ਟੈਸਟ ਅਤੇ ਐਸ.ਐਸ.ਬੀ ਇੰਟਰਵਿਊ ਦੀ ਤਿਆਰੀ ਕਰਵਾਈ ਜਾਂਦੀ ਹੈ।

**ਯੋਗਤਾ**- 10ਵੀਂ ਪਾਸ ਜਾਂ ਮੌਜੂਦਾ ਵਿੱਦਿਅਕ ਵਰ੍ਹੇ ਵਿਚ ਪਾਸ ਕਰ ਰਹੇ ਵਿਦਿਆਰਥੀ।

**ਉਮਰ ਹੱਦ**- ਹਰ ਸਾਲ ਦਾਖਲੇ ਵੇਲੇ 2 ਜੁਲਾਈ ਨੂੰ 17 ਸਾਲ ਤੋਂ ਘੱਟ ਉਮਰ ਬਣਦੀ ਹੋਵੇ।

**ਦਾਖਲਾ**- ਹਰ ਸਾਲ ਦਸੰਬਰ ਵਿੱਚ ਲਏ ਜਾਣ ਵਾਲੇ ਲਿਖਤੀ ਟੈਸਟ ਤੇ ਇੰਟਰਵਿਊ ਦੇ ਅਧਾਰ ਤੇ।


ਏਅਰ ਚੀਫ਼ ਮਾਰਸ਼ਲ ਸ. ਅਮਰ ਪ੍ਰੀਤ ਸਿੰਘ, ਪੀ.ਵੀ.ਐੱਸ.ਐੱਮ., ਏ.ਵੀ.ਐੱਸ. ਦੇ ਨਾਲ ਲੈਫ਼ਟੀਨੈਂਟ ਚੰਨਪ੍ਰੀਤ ਸਿੰਘ ਅਤੇ ਉਸਦੇ ਸਾਥੀ ਯਾਦਗਾਰੀ ਤਸਵੀਰ ਚਿਖਵਾਉਂਦੇ ਹੋਏ

**ਵਿਸ਼ੇਸ਼ ਪੱਖ**- ਰਹਿਣ ਦੇ ਲਈ ਹੋਸਟਲ ਲਾਜ਼ਮੀ, ਜੀ.ਟੀ.ਓ ਦੀ ਸਿਖਲਾਈ ਵਾਸਤੇ ਔਬਸਟੈਕਲ ਕੋਰਸ, ਪੀ.ਟੀ/ਡਰਿਲ ਅਤੇ ਖੇਡਾਂ ਦੀ ਖਾਸ ਟਰੇਨਿੰਗ ਦਿੱਤੀ ਜਾਂਦੀ ਹੈ। ਹਰ ਵਿਦਿਆਰਥੀ ਦੀ ਸ਼ਖਸੀਅਤ ਦਾ ਹਰ ਪੱਖ ਤੋਂ ਵਿਕਾਸ ਕਰਨਾ ਅਤੇ ਵਿਦਿਆਰਥੀ ਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਹੈ।

**ਪ੍ਰਾਪਤੀਆਂ**- ਐਨ.ਡੀ.ਏ ਦੀ ਪ੍ਰੀਖਿਆ ਵਿਚੋਂ ਹੁਣ ਤੱਕ ਅਕੈਡਮੀ ਦੇ ਲਗਭਗ 147 ਵਿਦਿਆਰਥੀਆਂ ਨੇ ਲਿਖਤੀ ਪ੍ਰੀਖਿਆ ਪਾਸ ਕੀਤੀ ਹੈ ਅਤੇ ਇਹਨਾਂ ਵਿੱਚੋਂ 40 ਵਿਦਿਆਰਥੀਆਂ ਨੇ ਐੱਸ.ਐੱਸ.ਬੀ ਦੀ ਇੰਟਰਵਿਊ ਪਾਸ ਕੀਤੀ ਹੈ। ਇਹਨਾਂ ਵਿੱਚੋਂ 25 ਵਿਦਿਆਰਥੀ ਐਨ.ਡੀ.ਏ ਜੁਆਇਨ ਕਰ ਚੁਕੇ ਹਨ ਅਤੇ 02 ਵਿਦਿਆਰਥੀ ਸੀ.ਡੀ.ਐੱਸ ਰਾਹੀਂ ਜੁਆਇਨਿੰਗ ਕਰ ਚੁੱਕੇ ਹਨ। ਇਸ ਤੋਂ ਇਲਾਵਾ 103 ਵਿਦਿਆਰਥੀਆਂ ਨੇ ਮਰਚੈਂਟ ਨੇਵੀ ਜੁਆਇੰਨ ਕੀਤੀ ਹੈ ਅਤੇ ਬਾਕੀ ਦੇ ਬਹੁਤ ਸਾਰੇ ਵਿਦਿਆਰਥੀ ਚੰਗੇ ਇੰਜੀਨੀਅਰਿੰਗ ਕਾਲਜ਼/ਇੰਸਟੀਚਿਊਟਾਂ ਵਿਚ ਦਾਖਲਾ ਲੈ ਚੁੱਕੇ ਹਨ। ਇਹ ਐੱਨ.ਡੀ.ਏ ਵਿੰਗ ਮੇਜਰ ਜਨਰਲ ਬਲਵਿੰਦਰ ਸਿੰਘ, ਵੀ.ਐਸ.ਐਮ (ਰਿਟਾ.) ਜੀ ਦੀ ਨਿਗਰਾਨੀ ਹੇਠ ਚਲ ਰਿਹਾ ਹੈ।

**ਮੇਜਰ ਜਨਰਲ ਬਲਵਿੰਦਰ ਸਿੰਘ (ਰਿਟਾ.) 94190 27757**

**ਨੈਸ਼ਨਲ ਡਿਫੈਂਸ ਅਕੈਡਮੀ ਲਈ ਦੋ ਸਾਲ ਇੰਟੈਂਸਿਵ ਇੰਟਿਗਰੇਟਿਡ ਤਿਆਰੀ ਪ੍ਰੋਗਰਾਮ ਵਿੱਚ ਦਾਖਲੇ ਲਈ।**
**ਦਸਵੀਂ ਕਲਾਸ ਦੇ ਵਿਦਿਆਰਥੀਆਂ ਲਈ ਸੁਨਹਿਰੀ ਮੌਕਾ**

ਦਾਖਲੇ ਵਾਸਤੇ ਲਿਖਤੀ ਇਮਤਿਹਾਨ 'ਨਿਸ਼ਾਨ-ਏ-ਸਿੱਖੀ' ਵਿਖੇ ਹਰ ਸਾਲ ਦਸੰਬਰ ਮਹੀਨੇ ਵਿੱਚ ਹੁੰਦਾ ਹੈ।
ਲਿਖਤੀ ਟੈਸਟ ਦਸਵੀਂ ਪੱਧਰ ਦੇ ਗਣਿਤ ਅਤੇ ਅੰਗਰੇਜੀ ਦੇ ਸਿਲੇਬਸ 'ਤੇ ਆਧਾਰਿਤ ਹੁੰਦਾ ਹੈ।

# ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ

## (NEET/JEE Wing)



ਕਲਾਸਰੂਮ ਦਾ ਦ੍ਰਿਸ਼

ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ ਦੇ ਅੰਤਰਗਤ ਚੱਲ ਰਹੇ ਐੱਨ.ਈ.ਈ.ਟੀ./ਜੇ.ਈ.ਈ. ਵਿੰਗ ਵਿਖੇ ਵਿਦਿਆਰਥੀਆਂ ਨੂੰ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ (ਵਿਸ਼ਾ: ਮੈਡੀਕਲ/ਨਾਨ-ਮੈਡੀਕਲ) ਦੀ ਪੜ੍ਹਾਈ ਦੇ ਨਾਲ-ਨਾਲ ਦੇਸ਼ ਦੀਆਂ ਉੱਚ-ਪੱਧਰੀ ਮੈਡੀਕਲ ਅਤੇ ਇੰਜੀਨੀਅਰਿੰਗ ਸੰਸਥਾਵਾਂ ਵਿੱਚ ਦਾਖ਼ਲੇ ਵਾਸਤੇ NEET/JEE ਪ੍ਰੀਖਿਆਵਾਂ ਦੀ ਪੇਸ਼ਾਵਰ ਤਿਆਰੀ ਕਰਵਾਈ ਜਾਂਦੀ ਹੈ। ਸੰਸਥਾ ਵੱਲੋਂ ਚੱਲ ਰਹੇ ਉਪਰੋਕਤ ਟ੍ਰੇਨਿੰਗ ਪ੍ਰੋਗਰਾਮ ਦਾ ਮੁੱਖ ਮਕਸਦ ਵਿਦਿਆਰਥੀਆਂ ਦੀਆਂ ਅਕਾਦਮਿਕ ਅਤੇ ਮੁਕਾਬਲਾ ਪ੍ਰਵਿਰਤੀਆਂ ਨੂੰ ਤਰਾਸ਼ਦੇ ਹੋਏ ਉਹਨਾਂ ਦੀ ਸ਼ਖ਼ਸੀਅਤ ਵਿਚਲੇ ਮਾਨਵੀ ਗੁਣਾਂ ਨੂੰ ਉਜਾਗਰ ਕਰਕੇ ਦੇਸ਼, ਕੌਮ, ਸਮਾਜ ਦੀ ਸੇਵਾ ਅਤੇ ਉਨੱਤੀ ਲਈ ਉੱਚ ਕੋਟੀ ਦੇ ਸਿਖਿਆਰਥੀ ਡਾਕਟਰ ਅਤੇ ਇੰਜੀਨੀਅਰ ਪੈਦਾ ਕਰਨਾ ਹੈ।

**ਪ੍ਰਾਪਤੀਆਂ :** ਇਸ ਸੰਸਥਾ ਤੋਂ ਵਿਦਿਆ ਲੈ ਕੇ ਵਿਦਿਆਰਥੀਆਂ ਨੇ ਦੇਸ਼ ਦੀਆਂ ਵੱਖ-ਵੱਖ ਸਥਾਪਿਤ ਇੰਜੀਨੀਅਰਿੰਗ ਸੰਸਥਾਵਾਂ IIT, NIT, ਥਾਪਰ ਯੂਨੀਵਰਸਿਟੀ ਵਿਖੇ ਤਕਨੀਕੀ ਖੇਤਰ ਵਿੱਚ ਉਚੇਰੀ ਵਿਦਿਆ ਲਈ ਦਾਖ਼ਲਾ ਪ੍ਰਾਪਤ ਕੀਤਾ ਹੈ। ਮੈਡੀਕਲ ਖੇਤਰ ਵਿੱਚ ਵੀ ਵਿਦਿਆਰਥੀ ਸਰਕਾਰੀ ਮੈਡੀਕਲ ਸੰਸਥਾਵਾਂ ਵਿੱਚ ਐਮ.ਬੀ.ਬੀ.ਐੱਸ, ਬੀ.ਡੀ.ਐੱਸ. ਸੀਟਾਂ ਹਾਸਿਲ ਕਰਨ ਵਿੱਚ ਸਫਲਤਾ ਪ੍ਰਾਪਤ ਕਰ ਚੁੱਕੇ ਹਨ। ਇਸਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ

**ਮੈਡੀਕਲ – 53**

**ਐਮ.ਬੀ.ਬੀ.ਐਸ - 18**
**ਬੀ.ਡੀ.ਐਸ - 13**
**ਬੀ.ਵੀ.ਐਸ.ਸੀ - 6**
**ਬੀ.ਐਸ.ਸੀ ( ਨਰਸਿੰਗ ) – 16**

**ਇੰਜੀਨੀਅਰਿੰਗ - 46**

**ਆਈ.ਆਈ.ਟੀ - 4**
**ਐਨ.ਆਈ.ਟੀ – 4**
**ਯੂ.ਆਈ.ਈ.ਟੀ - 2**
**ਬੀ.ਟੈਕ – 36**

**ਸਹੂਲਤਾਂ :** ਇੰਸਟੀਚਿਊਟ ਵਿਖੇ ਵਿਦਿਆਰਥੀਆਂ ਲਈ ਪੇਸ਼ਾਵਰ ਅਧਿਆਪਨ ਦੇ ਨਾਲ-ਨਾਲ ਆਧੁਨਿਕ ਸਹੂਲਤਾਂ ਨਾਲ ਲੈਸ ਵਿਦਿਅਕ ਢਾਂਚਾ, ਟੀਚਾ-ਆਧਾਰਿਤ, ਸਰੋਤ-ਭਰਪੂਰ, ਵਾਈ-ਫਾਈ ਸਹੂਲਤ ਨਾਲ ਲੈਸ ਸ਼ਾਨਦਾਰ ਲਾਇਬਰੇਰੀ, ਲੜਕੇ ਅਤੇ ਲੜਕੀਆਂ ਲਈ ਵੱਖ-ਵੱਖ ਹੋਸਟਲ ਦੀ ਸੁਵਿਧਾ ਉਪਲਬਧ ਕਰਵਾਈ ਗਈ ਹੈ। ਇਮਤਿਹਾਨਾਂ ਦੀ ਤਿਆਰੀ ਨੂੰ ਮੁੱਖ ਰੱਖਦੇ ਹੋਏ ਵਿਦਿਆਰਥੀਆਂ ਨੂੰ ਉੱਤਮ ਮਾਹੌਲ ਪ੍ਰਦਾਨ ਕੀਤਾ ਗਿਆ ਹੈ।

**ਸ਼ਖ਼ਸੀਅਤ ਉਸਾਰੀ :** ਸਰਬਪੱਖੀ ਸ਼ਖ਼ਸੀਅਤ ਉਸਾਰੀ ਨੂੰ ਮੁੱਖ ਰੱਖਦੇ ਹੋਏ ਇੰਸਟੀਚਿਊਟ ਦੇ ਵਿਦਿਆਰਥੀਆਂ ਨੂੰ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਦੁਆਰਾ ਆਯੋਜਿਤ 5 ਦਿਨਾਂ ਗੁਰਮਤਿ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਵਾਈ ਜਾਂਦੀ ਹੈ। ਗੁਰਮਤਿ ਕੈਂਪ ਵਿੱਚ ਸ਼ਮੂਲੀਅਤ ਕਰਨ ਵਾਲੇ ਇਹਨਾਂ ਵਿਦਿਆਰਥੀਆਂ ਨੂੰ ਗੁਰਧਾਮਾਂ ਦੇ ਦਰਸ਼ਨ-ਦੀਦਾਰਿਆਂ ਲਈ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਵਾਈ ਜਾਂਦੀ ਹੈ।

**ਵਿਦਿਅਕ ਫੇਰੀ :** ਵਿਦਿਆਰਥੀਆਂ ਵਿੱਚ ਟੀਚਿਆਂ ਦੀ ਪ੍ਰਾਪਤੀ ਲਈ ਉਤਸ਼ਾਹ ਪੈਦਾ ਕਰਨ ਵਾਸਤੇ ਸਮੇਂ-ਸਮੇਂ ਉਹਨਾਂ ਨੂੰ ਦੇਸ਼ ਦੀਆਂ ਉੱਚ-ਪੱਧਰੀ ਤਕਨੀਕੀ ਅਤੇ ਮੈਡੀਕਲ ਸੰਸਥਾਵਾਂ ਦੀ ਵਿਦਿਅਕ ਫੇਰੀ ਤੇ ਲਿਜਾਇਆ ਜਾਂਦਾ ਹੈ। ਇਸ ਤਹਿਤ ਸਾਲ 2023 ਵਿੱਚ ਆਈ.ਆਈ.ਟੀ. ਕਾਨਪੁਰ ਅਤੇ ਸਾਲ 2024 ਵਿੱਚ ਆਈ.ਆਈ.ਟੀ. ਦਿੱਲੀ ਦੀ ਵਿਦਿਅਕ ਫੇਰੀ ਸਫ਼ਲਤਾਪੂਰਵਕ ਆਯੋਜਿਤ ਕਰਵਾਈ ਗਈ।

### ਸਾਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਡੇ ਅੱਠ ਵਿਦਿਆਰਥੀਆਂ ਨੇ 90 ਪਰਸੈਨਟਾਈਲ ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ

## ਜੇ.ਈ.ਈ ਮੇਨ 2026 ਸੈਸ਼ਨ-1



ਵੰਸ਼ਦੀਪ ਸਿੰਘ (ਅੰਮ੍ਰਿਤਸਰ) 99.03



ਹਰਮੀਤ ਸਿੰਘ (ਅੰਮ੍ਰਿਤਸਰ) 94.94



ਏਕਨੂਰ ਕੌਰ (ਤਰਨ ਤਾਰਨ) 94.94



ਭਵਨੂਰ ਕੌਰ (ਤਰਨ ਤਾਰਨ) 93.41



ਖੁਸ਼ਦੀਪ ਸਿੰਘ (ਫ਼ਿਰੋਜ਼ਪੁਰ) 93.11



ਹਰਜੋਤ ਸਿੰਘ (ਅੰਮ੍ਰਿਤਸਰ) 91.98



ਮੰਨਤਪ੍ਰੀਤ ਸਿੰਘ (ਤਰਨ ਤਾਰਨ) 90.61



ਸੁਖਸਹਿਜਪ੍ਰੀਤ ਸਿੰਘ (ਤਰਨ ਤਾਰਨ) 90

# ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟ੍ਰੇਨਿੰਗ

## (CDS Wing ਕੰਬਾਈਂਡ ਡਿਫੈਂਸ ਸਰਵਿਸਿਜ਼)



ਕਲਾਸਰੂਮ ਦਾ ਦ੍ਰਿਸ਼

ਬਾਬਾ ਸੇਵਾ ਸਿੰਘ ਜੀ ਮੁਖੀ ਕਾਰ ਸੇਵਾ ਖਡੂਰ ਸਾਹਿਬ ਦੀ ਯੋਗ ਸਰਪ੍ਰਸਤੀ ਹੇਠ ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਸਾਇੰਸ ਐਂਡ ਟਰੇਨਿੰਗ, ਖਡੂਰ ਸਾਹਿਬ ਵਿੱਚ ਨੈਸ਼ਨਲ ਡਿਫੈਂਸ ਅਕੈਡਮੀ ਵਿੱਚ ਦਾਖ਼ਲੇ ਲਈ ਚੱਲ ਰਹੇ ਦੋ ਸਾਲਾ ਇੰਟੈਂਸਿਵ ਇੰਟੀਗਰੇਟਿਡ ਟਰੇਨਿੰਗ ਪ੍ਰੋਗਰਾਮ ਦੀ ਕਾਮਯਾਬੀ ਨੂੰ ਵੇਖਦੇ ਹੋਏ ਸਾਲ 2024 ਵਿੱਚ ਸੀ.ਡੀ.ਐਸ. ਪ੍ਰੀਖਿਆ ਦੀ ਤਿਆਰੀ ਦਾ ਉਪਰਾਲਾ ਕੀਤਾ ਗਿਆ । ਇਹ ਸੰਸਥਾ ਪ੍ਰੋ. ਡਾ. ਕਮਲਜੀਤ ਸਿੰਘ ਦੀ ਯੋਗ ਅਗਵਾਈ ਹੇਠ ਚਲ ਰਹੀ ਹੈ। ਸੀ.ਡੀ.ਐਸ. ਪ੍ਰੋਗਰਾਮ ਦੀ ਕੁਸ਼ਲ ਅਤੇ ਨਿਰਵਿਘਨ ਨਿਗਰਾਨੀ ਲਈ ਕਰਨਲ ਦਰਸ਼ਨ ਸਿੰਘ ਬਾਵਾ (ਰਿਟਾ.)ਅਹਿਮ ਰੋਲ ਅਦਾ ਕਰ ਰਹੇ ਹਨ ।

ਸੀ.ਡੀ.ਐਸ.ਪ੍ਰੀਖਿਆ ਵਾਸਤੇ ਵਿਦਿਆਰਥੀਆਂ ਦੀ ਯੋਗਤਾ ਗ੍ਰੈਜੂਏਸ਼ਨ ਹੈ,ਜਿਸ ਲਈ ਵਿਦਿਆਰਥੀਆਂ ਨੂੰ ਬੀ.ਐਸ.ਸੀ. (ਨਾਨ -ਮੈਡੀਕਲ) ਤਿੰਨ ਸਾਲਾ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਕਰਵਾਈ ਜਾਂਦੀ ਹੈ ।

ਸੀ. ਡੀ. ਐਸ. ਪ੍ਰੈਪਰੇਟਰੀ ਕੋਰਸ ਵਿੱਚ ਵਿਦਿਆਰਥੀਆਂ ਦੀ ਚੋਣ 10+2 ਬੋਰਡ ਪ੍ਰੀਖਿਆ ਤੋ ਪਹਿਲਾਂ ਅਤੇ ਬਾਅਦ ਵਿੱਚ ਵੀ ਲਿਖਤੀ ਟੈਸਟ ਅਤੇ ਇੰਟਰਵਿਊ ਤੋਂ ਬਾਅਦ ਮੈਰਿਟ ਦੇ ਅਧਾਰ 'ਤੇ ਕੀਤੀ ਜਾਂਦੀ ਹੈ । ਮੌਜੂਦਾ ਸਮੇਂ ਵਿਦਿਆਰਥੀ ਬੀ.ਐਸ. ਸੀ. (ਨਾਨ-ਮੈਡੀਕਲ) ਪਹਿਲਾ ਸਾਲ ਦੇ ਨਾਲ-ਨਾਲ ਸੀ.ਡੀ.ਐਸ. ਪ੍ਰੀਖਿਆ ਦੀ ਤਿਆਰੀ ਵੀ ਕਰ ਰਹੇ ਹਨ , ਇਸ ਕੋਰਸ ਲਈ ਵਿਦਿਆਰਥੀਆਂ ਕੋਲੋਂ ਸਿਰਫ਼ ਕਾਲਜ ਦੀ ਟਿਊਸ਼ਨ ਫ਼ੀਸ ਅਤੇ ਹੋਸਟਲ ਫ਼ੀਸ ਹੀ ਲਈ ਜਾਂਦੀ ਹੈ । ਸੀ.ਡੀ.ਐਸ. ਦੀ ਤਿਆਰੀ ਲਈ ਵਿਦਿਆਰਥੀਆਂ ਨੂੰ ਨਿਸ਼ਾਨ-ਏ-ਸਿੱਖੀ ਮੈਨੇਜਮੈਂਟ ਵਲੋਂ ਮੁਫ਼ਤ ਕੋਚਿੰਗ ਦਿੱਤੀ ਜਾ ਰਹੀ ਹੈ । ਵਿਦਿਆਰਥੀਆਂ ਨੂੰ ਸੁਰੱਖਿਆਂ ਫੌਜਾਂ ਵਿਚ ਲੈਫ਼ਟੀਨੈਂਟ ਅਤੇ ਫਲਾਇੰਗ ਅਫਸਰ ਬਣਾਉਣ ਲਈ ਸੀ.ਡੀ.ਐਸ. ਲਿਖਤੀ ਪ੍ਰੀਖਿਆ ਦੇ ਨਾਲ -ਨਾਲ ਐਸ. ਐਸ .ਬੀ. ਇੰਟਰਵਿਊ ਲਈ ਵੀ ਤਿਆਰ ਕੀਤਾ ਜਾਂਦਾ ਹੈ ।



ਸਟਾਫ ਅਤੇ ਵਿਦਿਆਰਥੀਆਂ ਦੀ ਸਮੂਹਿਕ ਤਸਵੀਰ

ਵਿਦਿਆਰਥੀਆਂ ਦਾ ਮਨੋਬਲ ਅਤੇ ਉਹਨਾਂ ਵਿੱਚ ਸਵੈ-ਵਿਸ਼ਵਾਸ ਬਣਾਈ ਰੱਖਣ ਲਈ ਪੜ੍ਹਾਈ ਦੇ ਨਾਲ-ਨਾਲ ਕਲਾਸ ਦੇ ਪੱਧਰ ਤੇ ਗਰੁੱਪ ਡਿਸਕਸ਼ਨ, ਡਿਬੇਟ ਅਤੇ ਸੰਵਾਦ ਕਰਵਾਏ ਜਾਂਦੇ ਹਨ ।

ਵਿਦਿਆਰਥੀਆਂ ਦੀ ਸ਼ਖ਼ਸੀਅਤ ਨੂੰ ਉਭਾਰਨ ਲਈ ਉੱਘੀਆ ਸ਼ਖ਼ਸੀਅਤਾਂ ਦੁਆਰਾ ਵਿਸ਼ੇਸ ਲੈਕਚਰ ਹੁੰਦੇ ਹਨ , ਜਿਨ੍ਹਾਂ ਦੁਆਰਾ ਉਹਨਾਂ ਦੀ ਸ਼ਖਸੀਅਤ ਦਾ ਵਿਕਾਸ ਹੋ ਸਕੇ ।

ਸਰੀਰਕ ਵਿਕਾਸ ਵਾਸਤੇ ਸਰੀਰਕ ਸਿਖਲਾਈ ਅਤੇ ਖੇਡਾਂ ਦੀ ਖ਼ਾਸ ਟਰੇਨਿੰਗ ਦਾ ਪ੍ਰਬੰਧ ਹੈ। ਵਿਦਿਆਰਥੀਆਂ ਦੀ ਇਕਾਗਰਤਾ ਅਤੇ ਇਕਸਾਰਤਾ ਨੂੰ ਬਣਾਈ ਰੱਖਣ ਲਈ ਲੜਕਿਆ ਅਤੇ ਲੜਕੀਆ ਲਈ ਵੱਖਰੇ- ਵੱਖਰੇ ਹੋਸਟਲ ਹਨ, ਜਿਨ੍ਹਾਂ ਵਿੱਚ ਰਹਿਣ ਵਾਸਤੇ ਵਧੀਆ ਕਮਰੇ ਅਤੇ ਪੌਸ਼ਟਿਕ ਭੋਜਨ ਦਾ ਪ੍ਰਬੰਧ ਹੈ ।

ਇਸ ਕੋਰਸ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਨਿਸ਼ਾਨ-ਏ-ਸਿੱਖੀ ਸੰਸਥਾ ਤੋਂ 03 ਵਿਦਿਆਰਥੀ ਆਪਣੀ ਨਿੱਜੀ ਮਿਹਨਤ ਅਤੇ ਮਾਰਗ-ਦਰਸ਼ਨ ਸਦਕਾ ਲਿਖਤੀ ਟੈਸਟ ਪਾਸ ਕਰ ਚੁੱਕੇ ਹਨ ਅਤੇ ਇਹਨਾਂ ਵਿੱਚੋਂ ਇੱਕ ਵਿਦਿਆਰਥੀ AFCAT ਰਾਹੀਂ ਭਾਰਤੀ ਹਵਾਈ ਫੌਜ ਵਿੱਚ ਬਤੌਰ ਅਫ਼ਸਰ ਸ਼ਾਮਿਲ ਹੋ ਚੁੱਕਾ ਹੈ ।

**ਸੰਪਰਕ ਨੰਬਰ : 62396-47332, 7696231556 email : nishanesikhicds@gmail**

**ਡਾ. ਕਮਲਜੀਤ ਸਿੰਘ**
(ਸਾਬਕਾ ਪ੍ਰੋਫ਼ੈਸਰ ਅਤੇ ਡੀਨ ਅਕਾਦਮਿਕ ਮਾਮਲੇ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)
99140-06622

# ਗਿਆਨ ਦੀ ਜਗਦੀ ਜੋਤ: ਨਿਸ਼ਾਨ-ਏ-ਸਿੱਖੀ ਕੇਂਦਰੀ ਲਾਇਬ੍ਰੇਰੀ



ਲਾਇਬ੍ਰੇਰੀ ਵਿਚ ਪੜ੍ਹ ਰਹੀਆਂ ਵਿਦਿਆਰਥਣਾਂ

ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਖਡੂਰ ਸਾਹਿਬ, ਵਿਖੇ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਬਣਾਈ ਅਤੇ ਪਹਿਲਾ ਬਾਲ ਬੋਧ ਤਿਆਰ ਕਰ ਕੇ ਸੰਗਤਾਂ ਦੇ ਮਨਾਂ ਅੰਦਰ ਗਿਆਨ ਦਾ ਦੀਵਾ ਬਾਲ਼ਿਆ ਸੀ। ਸਦੀਆਂ ਪਹਿਲਾਂ ਗਿਆਨ ਵੰਡਣ ਦੀ ਇਸ ਰਵਾਇਤ ਨੂੰ ਕਾਇਮ ਰੱਖਣ ਲਈ ਨਵੇਂ ਜ਼ਮਾਨੇ ਵਿੱਚ ਸਭ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਨ ਵਾਲੀ ਇੱਕ ਲਾਇਬ੍ਰੇਰੀ ਦੀ ਲੋੜ ਸੀ। ਇਸ ਲੋੜ ਨੂੰ ਪੂਰਾ ਕੀਤਾ ਹੈ ਅੱਠ ਗੁਰੂ ਸਾਹਿਬਾਨ ਦੀ ਯਾਦ ਵਿੱਚ ਬਣੀ ਅੱਠ ਮੰਜ਼ਲੀ ਇਮਾਰਤ ਨਿਸ਼ਾਨ-ਏ-ਸਿੱਖੀ ਦੀ ਛੇਵੀਂ ਮੰਜ਼ਿਲ 'ਤੇ ਉਸਰੀ ਕੇਂਦਰੀ ਲਾਇਬ੍ਰੇਰੀ ਨੇ। ਲਾਇਬ੍ਰੇਰੀ ਵਿੱਚ ਪੜ੍ਹਾਈ ਸੰਬੰਧੀ ਲੋੜੀਂਦੀਆਂ ਆਧੁਨਿਕ ਸੁੱਖ ਸਹੂਲਤਾਂ ਉਪਲਬਧ ਹਨ। ਛੇਵੀਂ ਮੰਜ਼ਿਲ 'ਤੇ ਪਹੁੰਚਣ ਲਈ ਲਿਫ਼ਟ ਦਾ ਖਾਸ ਪ੍ਰਬੰਧ ਹੈ।

ਲਾਇਬ੍ਰੇਰੀ ਸਵੇਰੇ 8.00 ਵਜੇ ਤੋਂ ਲੈ ਕੇ ਸ਼ਾਮ ਦੇ 8.00 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ। ਇਸ ਸਮੇਂ ਦੌਰਾਨ ਵਿਦਿਆਰਥੀ ਲਾਇਬ੍ਰੇਰੀ ਦਾ ਪੂਰਾ ਲਾਹਾ ਲੈਂਦੇ ਹਨ। ਲਾਇਬ੍ਰੇਰੀ ਵਿੱਚ 150 ਵਿਦਿਆਰਥੀਆਂ ਦੇ ਬੈਠਣ ਦੀ ਸਮਰੱਥਾ ਹੈ। ਲਾਇਬ੍ਰੇਰੀ ਵਿੱਚ ਵਿਦਿਆਰਥੀ ਕਿਤਾਬਾਂ ਦੇ ਨਾਲ ਨਾਲ ਸੂਚਨਾ ਅਤੇ ਲਾਇਬ੍ਰੇਰੀ ਨੈੱਟਵਰਕ (INFLIBNET), ਈ ਬੁੱਕਸ, ਈ-ਜਨਰਲ,/ਮੈਗਜ਼ੀਨ ਅਤੇ ਵੱਖ ਵੱਖ ਭਾਸ਼ਾਵਾਂ ਵਿੱਚ ਅਖ਼ਬਾਰ ਆਦਿ ਬਹੁਤ ਸਾਰੇ ਸਰੋਤਾਂ ਦੀ ਵਰਤੋਂ ਕਰ ਸਕਦੇ ਹਨ। ਲਾਇਬ੍ਰੇਰੀ ਵਿੱਚ ਸਮਾਜ ਵਿਗਿਆਨ, ਧਾਰਮਿਕ ਅਧਿਐਨ (ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ) ਅਤੇ ਯੂ.ਪੀ.ਐਸ.ਸੀ., ਸੀ.ਡੀ.ਐਸ., ਐਨ.ਡੀ.ਏ., ਜੇ.ਈ.ਈ. ਅਤੇ ਨੀਟ ਵਰਗੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਚੋਣਵੀਆਂ ਕਿਤਾਬਾਂ ਉਪਲਬਧ ਹਨ।

ਨਿਸ਼ਾਨ-ਏ-ਸਿੱਖੀ ਕੇਂਦਰੀ ਲਾਇਬ੍ਰੇਰੀ ਵਿੱਚ ਬਰਾਊਜ਼ਿੰਗ, ਉਪੈਕ (OPAC) ਅਤੇ ਈ ਸਰੋਤਾਂ ਦੀ ਵਰਤੋਂ ਕਰਨ ਲਈ ਵੱਡੀ ਗਿਣਤੀ ਵਿੱਚ ਵਰਕ ਸਟੇਸ਼ਨ ਉਪਲਬਧ ਹਨ।ਇਨ੍ਹਾਂ ਸਰੋਤਾਂ ਵਿੱਚੋਂ ਡਾਊਨਲੋਡ/ਪ੍ਰਿੰਟਿੰਗ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾਂਦੀ ਹੈ। ਲਾਇਬ੍ਰੇਰੀ ਵਿੱਚ ਹਾਈ ਸਪੀਡ ਇੰਟਰਨੈੱਟ ਦੀ ਸੁਵਿਧਾ ਵੀ ਹੈ ਜਿਸ ਨਾਲ ਵਿਦਿਆਰਥੀਆਂ ਨੂੰ ਘੱਟ ਸਮੇਂ ਵਿੱਚ ਬਹੁਤਾ ਕੁੱਝ ਪੜ੍ਹਣ ਨੂੰ ਮਿਲ ਜਾਂਦਾ ਹੈ। ਇਹ ਲਾਇਬ੍ਰੇਰੀ ਆਟੋਮੈਟਿਕ ਸਿਸਟਮ ਨਾਲ ਸੰਚਾਲਿਤ ਹੈ।



ਲਾਇਬ੍ਰੇਰੀ ਵਿਚ ਪੜ੍ਹ ਰਹੇ ਵਿਦਿਆਰਥੀ

ਲਾਇਬ੍ਰੇਰੀਅਨ : ਸ. ਜਸਬੀਰ ਸਿੰਘ (94789-63697)

# ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਖਡੂਰ ਸਾਹਿਬ (ਤਰਨ ਤਾਰਨ)




ਸੰਸਥਾ ਦੀ ਸ਼ੁਰੂਆਤ ਦਾ ਇਤਿਹਾਸ:- ਵਿੱਦਿਅਕ ਸਹੂਲਤਾਂ ਨੂੰ ਮੁੱਖ ਰੱਖਦਿਆਂ ਵਾਹਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਵੱਲੋਂ ਸਿੰਘਾਪੁਰ ਨਿਵਾਸੀ ਸ੍ਰ: ਕਰਤਾਰ ਸਿੰਘ ਠਕਰਾਲ ਅਤੇ ਉਹਨਾਂ ਦੇ ਪਰਿਵਾਰ ਦੇ ਸਹਿਯੋਗ ਨਾਲ ਕਰਵਾਈ ਗਈ ਸੇਵਾ ਨਾਲ ਖਡੂਰ ਸਾਹਿਬ ਵਿਖੇ ਕੌਮਾਂਤਰੀ ਪੱਧਰ ਦਾ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਖੋਲ੍ਹਿਆ ਗਿਆ ਹੈ । ਤਕਰੀਬਨ 13 ਏਕੜ 'ਚ ਸੀ.ਬੀ.ਐਸ.ਈ ਨਵੀ ਦਿੱਲੀ ਨਾਲ ਸੰਬੰਧਿਤ, ਸੀਨੀਅਰ ਸੈਕੰਡਰੀ ਪੱਧਰ ਦਾ ਇਹ ਸਕੂਲ ਅਤਿ-ਆਧੁਨਿਕ ਸਹੂਲਤਾਂ ਨਾਲ ਬਣਿਆ ਹੈ। ਸਕੂਲ ਦੀ ਇਮਾਰਤ ਸਿੱਖ ਆਰਕੀਟੈਕਚਰ 'ਤੇ ਆਧਾਰਿਤ ਇਤਿਹਾਸਕ ਤੇ ਵਿਰਾਸਤੀ ਦਿੱਖ ਵਾਲੀ ਹੈ ਅਤੇ ਇਸ ਵਿੱਚ ਦੁਨੀਆਂ ਦੀ ਨਵੀਨ ਤਕਨਾਲੋਜੀ ਵਰਤੀ ਗਈ ਹੈ ।ਹੁਣ ਇਸ ਸਕੂਲ ਦਾ ਦਸਵਾਂ ਵਿੱਦਿਅਕ ਵਰ੍ਹਾ 2025-26 ਚੱਲ ਰਿਹਾ ਹੈ। ਇਸ ਸਮੇਂ ਇਸ ਸਕੂਲ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਲਗਭਗ 2200 ਵਿਦਿਆਰਥੀ ਵਿੱਦਿਆ ਹਾਸਿਲ ਕਰ ਰਹੇ ਹਨ। ਸਕੂਲ ਵਿੱਚ ਬੱਚਿਆ ਨੂੰ ਬਹੁਤ ਸਾਰੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ ਜਿਵੇ:- ਆਧੁਨਿਕ ਕੰਪਿਊਟਰ ਪ੍ਰਯੋਗਸ਼ਾਲਾ, ਸਾਇੰਸ ਪ੍ਰਯੋਗਸ਼ਾਲਾ, ਮੈਥ ਲੈਬ, ਸਮਾਜਿਕ ਸਿੱਖਿਆ ਲੈਬ, ਅੰਗਰੇਜ਼ੀ ਭਾਸ਼ਾ ਲੈਬ, ਰੋਬੋਟਿਕਸ ਲੈਬ ਸਮਾਰਟ ਕਲਾਸਾਂ, ਆਧੁਨਿਕ ਸਹੂਲਤਾ ਨਾਲ ਲੈਸ ਲਾਇਬ੍ਰੇਰੀਆਂ ਅਤੇ ਵਿਸ਼ਾਲ ਖੇਡ ਦੇ ਮੈਦਾਨ, ਇਨਡੋਰ ਗੇਮ ਰੂਮ, ਆਰਟ ਰੂਮ, ਸੰਗੀਤ ਭਵਨ ਆਦਿ। ਸਕੂਲ ਵਿਦਿਆਰਥੀਆਂ ਅੰਦਰਲੀ ਕਲਾਤਮਿਕ ਪ੍ਰਤਿਭਾ ਨੂੰ ਉਭਾਰਨ ਅਤੇ ਪ੍ਰਫੁੱਲਤ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ।

❖ ਵਿੱਦਿਅਕ-ਵਰ੍ਹੇ 2024-2025 ਵਿੱਚ ਸਕੂਲ ਦੀ ਸੀ.ਬੀ.ਐਸ.ਈ. ਬੋਰਡ ਦੀ ਬਾਰ੍ਹਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਅਵਰੀਤ ਕੌਰ ਨੇ 98.6% ਅੰਕ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਤ੍ਰਿਪਤਜੋਤ ਕੌਰ ਖਹਿਰਾ ਨੇ 97% ਸਕੂਲ ਵਿੱਚੋਂ ਦੂਸਰਾ ਅਤੇ ਸਹਿਜਪ੍ਰੀਤ ਕੌਰ ਨੇ 96% ਅੰਕਾਂ ਨਾਲ ਸਕੂਲ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ। ਸੀ.ਬੀ.ਐਸ.ਈ. ਬੋਰਡ ਦੀ ਦਸਵੀਂ ਜਮਾਤ ਵਿੱਚ ਇਵਲੀਨ ਕੌਰ ਨੇ 98.6% ਅੰਕ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਰਲੀਨ ਕੌਰ ਨੇ 93.8% ਅੰਕ ਲੈ ਕੇ ਸਕੂਲ ਵਿੱਚੋਂ ਦੂਸਰਾ ਸਥਾਨ, ਇਸ਼ਮੀਤ ਕੌਰ ਅਤੇ ਗੁਰਲੀਨ ਕੌਰ ਨੇ 93.6% ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ।

❖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਸਕੂਲ ਦੇ 15 ਵਿਦਿਆਰਥੀਆਂ ਨੇ ਮੈਰਿਟ ਹਾਸਿਲ ਕਰਕੇ ਵਜ਼ੀਫਾ ਪ੍ਰਾਪਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ' ਨੂੰ ਸਮਰਪਿਤ 'ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ' ਵਿਖੇ ਕਰਵਾਈਆਂ ਗਈਆਂ ਧਾਰਮਿਕ ਪ੍ਰਤੀਯੋਗਤਾਵਾਂ ਵਿੱਚੋਂ ਸ਼ਬਦ ਵਿਚਾਰ ਪ੍ਰਤੀਯੋਗਤਾ ਵਿੱਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਹਰਸ਼ਦੀਪ ਸਿੰਘ ਪਹਿਲਾ ਸਥਾਨ, ਧਾਰਮਿਕ ਲਿਖਤੀ ਪ੍ਰਤੀਯੋਗਤਾ ਵਿੱਚ ਗੁਰਨੂਰ ਕੌਰ ਅਤੇ ਗਗਨਦੀਪ ਕੌਰ ( ਜਮਾਤ ਨੌਵੀਂ ) ਅਤੇ ਪਲਕਪ੍ਰੀਤ ਕੌਰ (ਜਮਾਤ ਗਿਆਰਵੀਂ) ਨੇ ਦੂਸਰਾ ਸਥਾਨ ਪ੍ਰਾਪਤ ਕੀਤਾ । ਇਹਨਾਂ ਹੀ ਵਿਦਿਆਰਥਣਾਂ ਨੇ ਧਾਰਮਿਕ ਪ੍ਰਸ਼ਨੋਤਰੀ (ਕੁਇਜ਼) ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ । ਇਸੇ ਲੜੀ ਤਹਿਤ ਹੋਏ ਕਵੀਸ਼ਰੀ ਮੁਕਾਬਲੇ ਵਿੱਚ ਜਸਪ੍ਰੀਤ ਸਿੰਘ (ਜਮਾਤ ਗਿਆਰਵੀਂ), ਸਾਹਿਬਜੋਤ ਸਿੰਘ ਅਤੇ ਸੈਫਲਦੀਪ ਸਿੰਘ (ਜਮਾਤ ਨੌਵੀਂ) ਨੇ ਪਹਿਲਾ ਸਥਾਨ ਹਾਸਲ ਕੀਤਾ।




10ਵੀਂ ਅਤੇ 12ਵੀਂ ਦੇ ਅਵਲ ਰਹਿਣ ਵਾਲੇ ਵਿਦਿਆਰਥੀਆਂ ਦਾ ਸਨਮਾਨ



ਖੇਡ ਗਤੀਵਿਧੀਆਂ ਵਿੱਚੋਂ ਅਵਲ ਰਹੇ ਵਿਦਿਆਰਥੀ

ਸਾਰੀਆਂ ਪ੍ਰਤੀਯੋਗਤਾਵਾਂ ਵਿੱਚ ਵਿਦਿਆਰਥੀਆਂ ਦੀ ਵਧੀਆ ਕਾਰੁਜਗਾਰੀ ਨਾਲ ਸਕੂਲ ਨੂੰ ਸਮੁੱਚੇ ਤੌਰ ਤੇ ਪਹਿਲਾ ਸਥਾਨ ਪ੍ਰਾਪਤ ਹੋਇਆ ।

- ❖ ਸੀ.ਬੀ.ਐਸ.ਈ. ਵੱਲੋਂ ਅੱਠਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿੱਚ ਗਣਿਤ ਯੋਗਤਾ ਨੂੰ ਉਤਸ਼ਾਹਿਤ ਕਰਨ ਲਈ ਕਰਵਾਏ ਗਏ 'ਆਰੀਆ ਭੱਟ ਗਣਿਤ ਚੈਲੇਂਜ-2024' ਵਿੱਚ ਸਕੂਲ ਦੇ ਕੁੱਲ 03 ਵਿਦਿਆਰਥੀਆਂ ਰਿਪਨਦੀਪ ਸਿੰਘ, ਕਜਨਪ੍ਰੀਤ ਕੌਰ ਅਤੇ ਇਵਲੀਨ ਕੌਰ ਨੇ ਚੰਡੀਗੜ੍ਹ ਖੇਤਰ (ਜਿਸ ਵਿੱਚ ਚੰਡੀਗੜ੍ਹ, ਪੰਜਾਬ, ਅਤੇ ਜੰਮੂ-ਕਸ਼ਮੀਰ ਸ਼ਾਮਲ ਹਨ) ਵਿੱਚੋਂ ਪਹਿਲੇ 100 ਵਿਦਿਆਰਥੀਆਂ ਦੀ ਮੈਰਿਟ ਸੂਚੀ ਵਿੱਚ ਸਥਾਨ ਹਾਸਿਲ ਕੀਤਾ।
- ❖ ਸੀ.ਬੀ.ਐਸ.ਈ ਵੱਲੋਂ ਕਰਵਾਏ ਗਏ 'ਸਕਿਲ ਐਕਸਪੋ ਅਤੇ ਮਾਰਗਦਰਸ਼ਨ ਫੈਸਟੀਵਲ' 2025 ਵਿੱਚ ਸਕੂਲ ਦੇ ਵਿਦਿਆਰਥੀ ਮੰਸ਼ਦੀਪ ਸਿੰਘ ਅਤੇ ਰਿਪਨਦੀਪ ਸਿੰਘ ਨੇ 'ਟੈਕਨੋਲੋਜੀ ਅਤੇ ਨਵੀਨਤਾ' ਦੇ ਵਿਸ਼ੇ ਤੇ ਆਪਣਾ ਪ੍ਰੋਜੈਕਟ 'ਇਲੈਕਟ੍ਰਿਕ ਵਾਹਨਾਂ ਲਈ ਸੜਕਾਂ ਉੱਤੇ ਇਲੈਕਟ੍ਰਿਕ ਟਰਾਂਸਮਿਸ਼ਨ' ਪੇਸ਼ ਕੀਤਾ ਅਤੇ ਪ੍ਰਦਰਸ਼ਨੀ ਵਿੱਚੋਂ ਚੋਟੀ ਦੇ 30 ਸਕੂਲਾਂ ਵਿੱਚ ਸਥਾਨ ਹਾਸਲ ਕੀਤਾ ।
- ❖ ਵਿਦਿਆ ਭਵਨ ਅੰਮ੍ਰਿਤਸਰ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਸ੍ਰ. ਮਨਮੋਹਨ ਸਿੰਘ ਨੂੰ ਸ਼ਰਧਾਜਲੀ ਭੇਟ ਕਰਦੇ ਹੋਏ ਕਰਵਾਈ ਗਈ ਪ੍ਰਤੀਯੋਗਤਾ ਵਿੱਚ ਸਕੂਲ ਦੀ ਨੌਵੀਂ ਜਮਾਤ ਦੀ ਵਿਦਿਆਰਥਣ ਜਸਮੀਨ ਕੌਰ ਨੇ ਤੀਸਰਾ ਸਥਾਨ ਪ੍ਰਪਤ ਕਰਦੇ ਹੋਏ 5000/- ਰੁਪਏ ਦਾ ਨਗਦ ਇਨਾਮ ਜਿੱਤਿਆ ।
- ❖ ਭਾਰਤੀ ਜਲ ਸੈਨਾ ਦੁਆਰਾ ਕਰਵਾਏ ਗਏ ਰਾਸ਼ਟਰੀ ਪੱਧਰ ਦੇ Indian Navy Quiz THINQ – 2025 ਕੁਇਜ ਮੁਕਾਬਲੇ ਵਿੱਚ ਪੂਰੇ ਭਾਰਤ ਵਿੱਚੋਂ ਲਗਭਗ 35,740 ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਸਾਡੇ ਸਕੂਲ ਦੀਆਂ ਅੱਠ ਟੀਮਾਂ ਸ਼ਾਮਿਲ ਸਨ ਅਤੇ ਅਤੇ ਇੱਕ ਟੀਮ ਨੇ ਉੱਤਰੀ ਜ਼ੋਨ ਦੇ ਉੱਚ ਕੋਟੀ ਦੇ 20 ਪ੍ਰਤੀਸ਼ਤ ਸਕੂਲਾਂ ਵਿੱਚ ਸਥਾਨ ਪ੍ਰਾਪਤ ਕਰਦੇ ਹੋਏ ਤੀਸਰੇ ਪੜਾਅ ਵਿੱਚ ਸਫਲਤਾ ਪੂਰਕ ਕੁਆਲੀਫਾਈ ਕੀਤਾ ।
- ❖ ਵਿਜਨਨਾ ਭਾਰਤੀ (VIBHA) ਵੱਲੋਂ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (NCERT) ਨਾਲ ਮਿਲ ਕੇ ਕਰਵਾਈ ਗਈ ਵਿਦਿਆਰਥੀ ਵਿਗਿਆਨ ਮੰਥਨ (VVM) ਪ੍ਰਤੀਯੋਗਤਾ ਵਿੱਚ ਸਕੂਲ ਦੇ 35 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਸਕੂਲ ਦੇ 25 ਵਿਦਿਆਰਥੀ ਇਸ ਪ੍ਰਤਾਯੋਗਤਾ ਦੇ ਅਗਲੇ ਪੜਾਅ ਲਈ ਚੁਣੇ ਗਏ ।
- ❖ ਰਾਜ ਪੱਧਰ 'ਤੇ ਹੋਏ ਕੁਸ਼ਤੀ ਮੁਕਾਬਲਿਆਂ ਵਿੱਚ ਕੰਵਰਪ੍ਰੀਤ ਸਿੰਘ ਨੌਵੀਂ ਜਮਾਤ ਦੇ ਵਿਦਿਆਰਥੀ ਨੇ ਜ਼ੋਰਦਾਰ ਮਿਹਨਤ ਸਦਕਾ ਤੀਸਰਾ ਸਥਾਨ ਹਾਸਿਲ ਕੀਤਾ ।
- ❖ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਗਈਆਂ ਖੇਡਾਂ ਵਿੱਚ ਜ਼ੋਨਲ ਪੱਧਰ 'ਤੇ ਐਥਲੈਟਕਿਸ ਦੀਆਂ ਵੱਖ-ਵੱਖ ਪ੍ਰਤੀਯੋਗਤਾਵਾਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵਧੀਆ ਕਾਰਗੁਜ਼ਾਰੀ ਦਿਖਾਉਂਦੇ ਹੋਏ 122 ਤਗਮੇ ਜਿੱਤੇ ਅਤੇ 72 ਵਿਦਿਆਰਥੀਆਂ ਦੀ ਜ਼ਿਲ੍ਹਾ ਪੱਧਰ ਲਈ ਚੋਣ ਹੋਈ ਅਤੇ ਉਹਨਾਂ ਵਿੱਚੋਂ 13 ਵਿਦਿਆਰਥੀਆਂ ਦੀ ਰਾਜ ਪੱਧਰ ਲਈ ਚੋਣ ਹੋਈ।
- ❖ ਜ਼ਿਲ੍ਹਾ ਪੱਧਰ 'ਤੇ ਐਥਲੈਟਕਿਸ ਦੇ ਮੁਕਾਬਲਿਆਂ ਵਿੱਚ 02 ਵਿਦਿਆਰਥੀਆਂ ਗੁਰਨੂਰ ਕੌਰ ਨੇ 3000 ਮੀਟਰ ਵਾਕ (Walk) ਵਿੱਚ ਦੂਸਰਾ ਸਥਾਨ, ਕਰਨਬੀਰ ਸਿੰਘ ਨੇ ਲੰਬੀ ਛਾਲ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ ।

**ਸ. ਅਮਰਜੀਤ ਸਿੰਘ** (ਪ੍ਰਿੰਸੀਪਲ)
**90415-38111**



ਰੋਬੋਟਿਕਸ ਲੈਬ



ਭੌਤਿਕ ਵਿਗਿਆਨ ਪ੍ਰਯੋਗਸ਼ਾਲਾ



ਗਣਿਤ ਪ੍ਰਯੋਗਸ਼ਾਲਾ



ਸਕੂਲ ਕਿਤਾਬ ਘਰ/ਪੁਸਤਕਾਲਾ

# ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ

## ਖਡੂਰ ਸਾਹਿਬ



ਬਾਬਾ ਉੱਤਮ ਸਿੰਘ ਜੀ ਕਾਰ ਸੇਵਾ ਵਾਲਿਆਂ ਵੱਲੋਂ 1984 ਈ. ਵਿੱਚ ਇਸ ਸਕੂਲ ਦੀ ਨੀਂਹ ਰੱਖੀ ਗਈ। ਸਕੂਲ ਦਾ ਮੁੱਖ ਉਦੇਸ਼ ਪੇਂਡੂ ਖੇਤਰ ਦੇ ਬੱਚਿਆਂ ਨੂੰ ਮਿਆਰੀ ਅਤੇ ਸਸਤੀ ਵਿੱਦਿਆ ਮੁਹੱਈਆ ਕਰਵਾ ਕੇ ਗੁਰਸਿੱਖੀ ਅਸੂਲਾਂ ਤੇ ਚੱਲਦਿਆਂ ਸਮੇਂ ਦੇ ਹਾਣੀ ਬਣਾਉਣਾ ਹੈ। ਮੌਜੂਦਾ ਸਮੇਂ ਇਸ ਸੰਸਥਾ ਵਿੱਚ 2300 ਤੋਂ ਵੱਧ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਸਕੂਲ ਵਿੱਚ ਵਿਦਿਆਰਥੀਆਂ ਲਈ ਉਸਾਰੂ ਮਾਹੌਲ, ਸਾਫ ਸੁਥਰਾ ਵਾਤਾਵਰਨ, ਸਾਫ ਪਾਣੀ, ਮੈਡੀਕਲ ਸਹੂਲਤ ਅਤੇ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਹੈ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਿਸ਼ਾਲ ਖੇਡ ਮੈਦਾਨ, ਲਾਇਬ੍ਰੇਰੀ, ਵੱਖ – ਵੱਖ ਵਿਸ਼ਿਆਂ ਨਾਲ ਸੰਬੰਧਿਤ ਪ੍ਰਯੋਗਸ਼ਾਲਵਾਂ ਅਤੇ ਸਮਾਰਟ ਕਲਾਸਾਂ ਦਾ ਵਿਸ਼ੇਸ਼ ਪ੍ਰਬੰਧ ਹੈ। ਵਾਤਾਵਰਨ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕਤਾ ਲਈ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਅਤੇ ਸੈਮੀਨਾਰਾਂ ਦੁਆਰਾ ਘਰਾਂ ਅਤੇ ਆਲੇ ਦੁਆਲੇ ਵਿੱਚ ਰੁੱਖ ਲਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਸਕੂਲ ਦੀਆਂ ਬੋਰਡ ਕਲਾਸਾਂ ਦਾ ਨਤੀਜਾ ਹਰ ਸਾਲ 100% ਆਉਂਦਾ ਹੈ।ਹੁਣ ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਨਤੀਜਿਆਂ ਵਿੱਚੋਂ ਅੱਠਵੀਂ ਜਮਾਤ ਦੀਆਂ 11 ਮੈਰਿਟਾਂ, ਦਸਵੀਂ ਜਮਾਤ ਦੀਆਂ 35 ਅਤੇ ਬਾਰਵੀਂ ਜਮਾਤ ਦੀਆਂ 34 ਮੈਰਿਟਾਂ ਆਈਆਂ ਹਨ।ਰਾਜ ਭਰ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਦੀ ਉਚੇਰੀ ਸਿੱਖਿਆ ਦਾ ਸਾਰਾ ਖਰਚਾ ਕਾਰ ਸੇਵਾ ਵੱਲੋਂ ਦਿੱਤਾ ਜਾਂਦਾ ਹੈ।ਵੱਖ-ਵੱਖ ਖੇਤਰਾਂ ਅਤੇ ਪੜ੍ਹਾਈ ਵਿੱਚੋਂ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਕਾਰ ਸੇਵਾ ਖਡੂਰ ਸਾਹਿਬ ਟਰੱਸਟ ਵੱਲੋਂ ਮੁਫਤ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ।ਸਮੇਂ-ਸਮੇਂ ਤੇ ਵੱਖ-ਵੱਖ ਸੰਸਥਾਵਾਂ ਵੱਲੋਂ ਲਈਆਂ ਜਾਂਦੀਆਂ ਧਾਰਮਿਕ ਪ੍ਰੀਖਿਆਵਾਂ ਵਿੱਚੋਂ ਸਕੂਲ ਦੇ ਵਿਦਿਆਰਥੀ ਨਕਦ ਰਾਸ਼ੀ ਅਤੇ ਵਜੀਫਾ ਪ੍ਰਾਪਤ ਕਰਦੇ ਹਨ।ਵਰਨਣਯੋਗ ਹੈ ਕਿ ਸਕੂਲ ਦੇ 350 ਤੋਂ ਵੱਧ ਵਿਦਿਆਰਥੀ ਸਹਿਜ ਪਾਠ ਵੀ ਕਰ ਰਹੇ ਹਨ। ਸਮੇਂ-ਸਮੇਂ ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਗੁਰਮਤਿ ਕੈਂਪ ਲਗਾਇਆ ਜਾਂਦਾ ਹੈ ਅਤੇ ਧਾਰਮਿਕ ਟੂਰ ਵੀ ਕਰਵਾਏ ਜਾਂਦੇ ਹਨ।



ਵਾਤਾਵਰਨ ਦਿਵਸ ਮੌਕੇ ਪੌਦੇ ਲਗਾਉਂਦੀਆਂ ਹੋਈਆਂ ਵਿਦਿਆਰਥਣਾਂ



ਗੁਰਬਾਣੀ ਕੀਰਤਨ ਕਰਦੇ ਹੋਏ ਵਿਦਿਆਰਥੀ

ਵਿਦਿਆਰਥੀਆਂ ਦੀ ਕਲਾਤਮਿਕ ਪ੍ਰਤਿਭਾ ਨੂੰ ਨਿਖਾਰਨ ਲਈ ਸਕੂਲ ਨੂੰ ਚਾਰ ਹਾਊਸਾਂ ਵਿੱਚ ਵੰਡਿਆਂ ਗਿਆ ਹੈ, ਇਹਨਾਂ ਵਿੱਚ ਭਾਸ਼ਣ, ਕਵਿਤਾ ਉਚਾਰਣ, ਸੁੰਦਰ ਲਿਖਾਈ, ਮੌਲਿਕ ਲਿਖਤ, ਚਿੱਤਰਕਲਾ, ਲੋਕ ਗੀਤ ਅਤੇ ਦਸਤਾਰ ਮੁਕਾਬਲੇ ਕਰਵਾਏ ਜਾਂਦੇ ਹਨ।

ਵਿਦਿਆਰਥੀਆਂ ਦੇ ਸਰੀਰਿਕ ਅਤੇ ਮਾਨਸਿਕ ਵਿਕਾਸ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਹੈ। ਹਰ ਸਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ।ਇਸ ਸਾਲ ਵੀ ਜਿਲ੍ਹਾ ਐਥਲੈਟਿਕਸ ਮੁਕਾਬਲਿਆਂ ਵਿੱਚੋਂ ਵੱਖ-ਵੱਖ ਵਰਗਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਕਰਦੇ ਹੋਏ ਗੋਲਡ, ਸਿਲਵਰ ਅਤੇ ਕਾਂਸੀ ਦੇ ਮੈਡਲ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਕੁੱਲ 17 ਖਿਡਾਰੀ ਸਟੇਟ ਪੱਧਰ ਲਈ ਚੁਣੇ ਗਏ।



ਢਾਡੀ ਵਾਰਾਂ ਗਾਉਂਦੇ ਹੋਏ ਵਿਦਿਆਰਥੀ

ਸਕੂਲ ਦਾ ਸਮੁੱਚਾ ਸਟਾਫ ਬਹੁਤ ਮਿਹਨਤ ਅਤੇ ਤਨਦੇਹੀ ਨਾਲ ਆਪਣੇ ਫਰਜਾਂ ਨੂੰ ਨਿਭਾਉਂਦਾ ਹੈ। ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼, ਬਾਬਾ ਜੀ ਦੇ ਅਸ਼ੀਰਵਾਦ, ਸਮੁੱਚੀ ਪ੍ਰਬੰਧਕੀ ਕਮੇਟੀ ਦੇ ਦਿਸ਼ਾਂ ਨਿਰਦੇਸ਼ਾਂ ਅਤੇ ਪ੍ਰਿੰਸੀਪਲ ਸਾਹਿਬ ਦੀ ਯੋਗ ਅਗਵਾਈ ਸਦਕਾ ਇਹ ਸੰਸਥਾ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰ ਰਹੀ ਹੈ।



ਸਕੂਲ ਖੇਡ ਮੇਲੇ ਦੌਰਾਨ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ

**ਪ੍ਰਿੰਸੀਪਲ ਸਤਪਾਲ ਸਿੰਘ** (+91 98151 92282)

**ਸਕੱਤਰ ਭਾਈ ਵਰਿਆਮ ਸਿੰਘ ਜੀ** (98148 98365)



# ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ਼ ਐਜੂਕੇਸ਼ਨ
## ਖਡੂਰ ਸਾਹਿਬ (ਤਰਨ ਤਾਰਨ)

ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਗੁਰਪੁਰਬ ਸ਼ਤਾਬਦੀ ਨੂੰ ਸਮਰਪਿਤ ਇਸ ਸੰਸਥਾ ਦੀ ਸਥਾਪਨਾ ਬਾਬਾ ਸੇਵਾ ਸਿੰਘ ਜੀ, ਡੇਰਾ ਕਾਰ ਸੇਵਾ ਖਡੂਰ ਸਾਹਿਬ ਦੀ ਸੁਹਿਰਦ ਅਗਵਾਈ ਅਧੀਨ ਵਰ੍ਹਾ 2005 ਵਿੱਚ ਕੀਤੀ ਗਈ। ਸੰਸਥਾ ਵਿੱਚ ਚੱਲ ਰਹੇ ਅਧਿਆਪਕ ਸਿਖਲਾਈ ਕੋਰਸਾਂ ਬੀ.ਐੱਡ. ਅਤੇ ਡੀ.ਐੱਲ.ਐੱਡ.(ਈ.ਟੀ.ਟੀ.) ਅਧੀਨ ਵਿਦਿਆਰਥੀਆਂ ਦੀ ਸਖ਼ਸ਼ੀਅਤ ਉਸਾਰੀ ਹੇਤੂ ਉਹਨਾਂ ਨੂੰ ਵਧੀਆ ਅਤੇ ਪ੍ਰਭਾਵੀ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ।

**ਵਿਸ਼ੇਸ਼ ਅਕਾਦਮਿਕ ਅਤੇ ਸਹਿ-ਅਕਾਦਮਿਕ ਪ੍ਰਾਪਤੀਆਂ**

- ਬੀ.ਐੱਡ. ਸੈਸ਼ਨ 2024-26 ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਨੇ 8.50 CGPA ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸਾਲਾਨਾ ਮੈਰਿਟ ਸੂਚੀ ਵਿੱਚ 12ਵਾਂ ਸਥਾਨ ਹਾਸਿਲ ਕੀਤਾ ਅਤੇ ਸੰਸਥਾ ਦੇ ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਤਰਨ ਤਾਰਨ ਜ਼ਿਲ੍ਹੇ ਵਿੱਚ ਪਹਿਲੇ ਪੰਜ ਸਥਾਨ ਕੀਤੇ।
- ਵਰ੍ਹਾਂ 2025 ਵਿੱਚ ਬੀ.ਐੱਡ. ਸੈਸ਼ਨ 2023-25 ਪਾਸ ਕਰ ਚੁੱਕੇ ਵਿਦਿਆਰਥੀਆਂ ਵਿਚੋਂ 80% ਵਿਦਿਆਰਥੀਆਂ ਦੀ ਉੱਚ ਕੋਟੀ ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਵਿੱਚ ਬਤੌਰ ਅਧਿਆਪਕ ਸਫ਼ਲਤਾ ਪੂਰਵਕ ਪਲੇਸਮੈਂਟ ਕਰਵਾਈ ਗਈ।
- ਰਾਸ਼ਟਰੀ ਪੱਧਰ ਤੇ CTET (Central Teacher Eligibility Test) ਵਿੱਚ ਸੰਸਥਾ ਦੇ 11 ਵਿਦਿਆਰਥੀਆਂ ਨੇ ਸਫ਼ਲਤਾ ਪ੍ਰਾਪਤ ਕੀਤੀ।
- ਪੰਜਾਬ ਪੱਧਰ ਤੇ PSTET (Punjab State Teacher Eligibility Test) ਵਿੱਚ ਸੰਸਥਾ ਦੇ 16 ਵਿਦਿਆਰਥੀਆਂ ਨੇ ਸਫ਼ਲਤਾ ਪ੍ਰਾਪਤ ਕੀਤੀ।

**ਵਿਸ਼ੇਸ਼ ਸਨਮਾਨ ਅਤੇ ਐਵਾਰਡ**

- ਸ਼ਖਸੀਅਤ ਉਸਾਰੀ ਅਤੇ ਵਾਤਾਵਰਨ ਸੰਭਾਲ ਪ੍ਰੋਜੈਕਟ ਸੰਬੰਧੀ ਉਪਰਾਲਿਆਂ ਅੰਤਰਗਤ ਸੰਸਥਾ ਦੇ ਵਿਦਿਆਰਥੀਆਂ ਵੱਲੋਂ ਰਾਜ ਅਤੇ ਰਾਸ਼ਟਰੀ ਪੱਧਰ ਤੇ ਕਈ ਪ੍ਰੋਜੈਕਟਾਂ ਵਿੱਚ ਸ਼ਮੂਲੀਅਤ ਕੀਤੀ ਗਈ। ਇਹਨਾਂ ਉਪਰਾਲਿਆਂ ਸਦਕਾ ਸੰਸਥਾ ਨੇ ਰਾਜ ਅਤੇ ਰਾਸ਼ਟਰੀ ਪੱਧਰ ਤੇ ਕਈ ਸਨਮਾਨ ਪ੍ਰਾਪਤ ਕੀਤੇ। ਭਾਰਤ ਸਰਕਾਰ ਦੇ ਮਾਈਕਰੋ ਸਮਾਲ ਇੰਡੀਆ ਮੀਡੀਅਮ ਐਂਟਰਪ੍ਰਾਈਜਿਸ ਮੰਤਰਾਲੇ ਅਧੀਨ ਰਜਿਸਟਰਡ 'ਨੈਸ਼ਨਲ ਐਜੂ ਟਰੱਸਟ ਆਫ਼ ਇੰਡੀਆ' ਵੱਲੋਂ ਹੇਠ ਲਿਖੇ ਸਨਮਾਨ ਪ੍ਰਾਪਤ ਕੀਤੇ ਗਏ।
- 17 ਅਪ੍ਰੈਲ, 2025 ਨੂੰ '30 ਰੋਜ਼ਾ ਫਿਟਨੈਸ ਚੈਲੇਂਜ' ਨੂੰ ਸਫ਼ਲਤਾ ਪੂਰਵਕ ਸੰਪੂਰਨ ਕਰਨ ਹਿੱਤ ਸੰਸਥਾ ਨੂੰ 'ਸਰਵੋਤਮ ਪ੍ਰਦਰਸ਼ਨ ਐਵਾਰਡ'।
- 15 ਜੁਲਾਈ, 2025 ਨੂੰ 'ਸਸਟੇਨੇਬਿਲਿਟੀ ਐਕਸੀਲੈਂਸ ਐਵਾਰਡ – 2025' ਅੰਤਰਗਤ "ਜ਼ਿਲ੍ਹਾ ਗਰੀਨ ਚੈਂਪੀਅਨਸ਼ਿਪ ਐਵਾਰਡ" ਅਤੇ "ਸਰਵੋਤਮ ਪ੍ਰਿੰਸੀਪਲ ਐਵਾਰਡ"।
- 11 ਅਕਤੂਬਰ, 2025 ਨੂੰ 'ਪਹਿਲੇ ਨੈਸ਼ਨਲ ਅਚੀਵਰਸ ਐਵਾਰਡ – 2025 ਅੰਤਰਗਤ 'ਜ਼ਿਲਾ ਪੱਧਰ ਦੀ ਸਭ ਤੋਂ ਵੱਧ ਪ੍ਰਗਤੀਸ਼ੀਲ ਸੰਸਥਾ', 'ਸਮਾਜਿਕ ਸ਼ਮੂਲੀਅਤ ਚੈਂਪੀਅਨ ਪੁਰਸਕਾਰ', 'ਸਮਾਜਿਕ ਜ਼ਿੰਮੇਵਾਰੀ ਵਿੱਚ ਸੰਸਥਾਗਤ ਉੱਤਮਤਾ ਪੁਰਸਕਾਰ', "ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਸੰਸਥਾਗਤ ਪੁਰਸਕਾਰ" ਨਾਲ ਸਨਮਾਨਿਤ।
- 23 ਜੂਨ, 2025 ਨੂੰ 'ਦ ਸੈਲਫ ਮੈਨੇਜਮੈਂਟ ਹੱਬ TSMH, ਮਹਾਰਾਸ਼ਟਰ ਭਾਰਤ' ਵੱਲੋਂ ਆਯੋਜਿਤ 'ਦ ਐਜੂਕੇਸ਼ਨਲ ਇਨਫਲੂਐਂਸ ਐਵਾਰਡ – 2025' ਦੇ ਤਹਿਤ "Women Development Cell" ਸ਼੍ਰੇਣੀ ਦੇ ਅੰਤਰਗਤ 'ਚੈਂਪੀਅਨ ਟਰਾਫੀ' ਅਤੇ 'ਸਰਟੀਫਿਕੇਟ ਆਫ਼ ਐਪਰੀਸੀਏਸ਼ਨ' ਨਾਲ ਸਨਮਾਨ।
- ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਤਰਨ ਤਾਰਨ ਦੁਆਰਾ ਸੰਸਥਾ ਦੇ 'ਰੈੱਡ ਰਿਬਨ ਕਲੱਬ' ਨੂੰ 'ਦੂਸਰਾ ਸਰਵੋਤਮ ਰੈੱਡ ਰਿਬਨ ਕਲੱਬ' ਐਵਾਰਡ।

**ਵਿਦਿਆਰਥੀਆਂ ਲਈ ਸਕਾਲਰਸ਼ਿਪ / ਵਜ਼ੀਫੇ**

ਯੂ.ਐੱਸ.ਏ. ਦੀ ਨਾਮਵਰ ਐੱਨ.ਜੀ.ਓ. ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਅਤੇ ਸਿੱਖ ਹਿਊਮਨ ਡਿਵੈੱਲਮੈਂਟ ਕੌਂਸਲ ਵੱਲੋਂ ਨਿਰਧਾਰਿਤ ਲਿਖਤੀ ਪ੍ਰੀਖਿਆ ਅਤੇ ਇੰਟਰਵਿਊ ਪਾਸ ਕਰਕੇ ਸੰਸਥਾ ਦੇ 15 ਵਿਦਿਆਰਥੀਆਂ ਨੇ ਕੁੱਲ 4,14,000/- ਰਾਸ਼ੀ ਦੀ ਸਕਾਲਰਸ਼ਿਪ ਪ੍ਰਾਪਤ ਕੀਤੀ। ਡਾ. ਅੰਬੇਦਕਰ ਸਕੀਮ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐੱਸ.ਸੀ. ਦੇ ਅੰਤਰਗਤ ਸੰਸਥਾ ਦੇ ਬੀ.ਐੱਡ. ਅਤੇ ਡੀ.ਐੱਲ.ਐੱਡ. ਦੇ 10 ਵਿਦਿਆਰਥੀਆਂ ਨੇ ਕੁੱਲ 4,81,994/- ਰਾਸ਼ੀ ਪ੍ਰਾਪਤ ਕੀਤੀ। ਕਾਲਜ ਸਟੂਡੈਂਟ ਵੈੱਲਫੇਅਰ ਅਕਾਊਂਟ ਵਿਚੋਂ ਲੋੜਵੰਦ ਵਿਦਿਆਰਥੀਆਂ ਦੀ 97500/- ਰਾਸ਼ੀ ਨਾਲ ਕੋਰਸ ਫ਼ੀਸ ਦੀ ਅਦਾਇਗੀ ਹਿੱਤ ਮਦਦ ਕੀਤੀ ਗਈ। ਡਾਇਰੈਕਟਰ ਸ. ਬਲਦੇਵ ਸਿੰਘ ਸੰਧੂ ਜੀ (ਡੇਰਾ ਕਾਰ ਸੇਵਾ, ਖਡੂਰ ਸਾਹਿਬ) ਦੁਆਰਾ ਸੰਸਥਾ ਦੀ ਬੀ.ਐੱਡ. ਦੀ ਹੋਣਹਾਰ ਵਿਦਿਆਰਥਣ ਗਗਨਦੀਪ ਕੌਰ ਨੂੰ 23,000/- ਦੀ ਸਕਾਲਰਸ਼ਿਪ ਪ੍ਰਦਾਨ ਕੀਤੀ ਗਈ।



ਕਲਾਸਰੂਮ ਦਾ ਦ੍ਰਿਸ਼



ਲਾਇਬ੍ਰੇਰੀ ਦਾ ਦ੍ਰਿਸ਼

| ਸੰਸਥਾ ਦਾ ਨਾਮ | ਵਿਸ਼ਾ | ਪ੍ਰਤੀਯੋਗਤਾ | ਪ੍ਰਾਪਤੀਆਂ |
|---|---|---|---|
| ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ | ਜ਼ੋਨਲ ਯੁਵਕ ਮੇਲਾ -2024 | ਵਾਦ-ਵਿਵਾਦ ਪ੍ਰਤੀਯੋਗਤਾ<br>ਭਾਸ਼ਣ ਪ੍ਰਤੀਯੋਗਤਾ<br>ਫੈਂਸੀ ਡਰੈੱਸ<br>ਪੋਸਟਰ ਮੇਕਿੰਗ | ਪਹਿਲਾ ਸਥਾਨ<br>ਦੂਸਰਾ ਸਥਾਨ<br>ਦੂਸਰਾ ਸਥਾਨ<br>ਤੀਸਰਾ ਸਥਾਨ |
| ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ | ਨੈਸ਼ਨਲ ਸਪੇਸ ਡੇ<br>National Space Day | ਰੰਗੋਲੀ ਪ੍ਰੋਤੀਯੋਗਤਾ | ਪਹਿਲਾ ਸਥਾਨ ਅਤੇ ਨਕਦ ਰਾਸ਼ੀ |
| ਖਾਲਸਾ ਕਾਲਜ, ਅੰਮ੍ਰਿਤਸਰ | ਵਾਤਾਵਰਨ ਸਿੱਖਿਆ ਪ੍ਰਫੁੱਲਤ ਕਰਨ ਹਿੱਤ<br>ਗਣਿਤ ਗਤੀਵਿਧੀਆਂ | ਭਾਸ਼ਣ ਪ੍ਰਤੀਯੋਗਤਾ<br><br>ਪੋਸਟਰ ਮੇਕਿੰਗ | ਪਹਿਲਾ ਸਥਾਨ<br><br>ਦੂਸਰਾ ਸਥਾਨ |
| ਖਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵਨਿਊ, ਅੰਮ੍ਰਿਤਸਰ | ਮੈਥ ਫੈਸਟ"<br>(Maths Fest) | ਇੰਪਰੋਵਾਈਸਡ ਟੀਚਿੰਗ ਏਡਸ<br>ਪੋਸਟਰ ਮੇਕਿੰਗ | ਦੂਸਰਾ ਸਥਾਨ<br>ਵਿਸ਼ੇਸ਼ ਸਥਾਨ |
| ਖਾਲਸਾ ਕਾਲਜ, ਅੰਮ੍ਰਿਤਸਰ | ਗਣਿਤ ਕਾਰਨੀਵਲ - 2024<br>(Mathematics Carnival – 2024) | ਭਾਸ਼ਣ ਪ੍ਰਤੀਯੋਗਤਾ<br>ਪੋਸਟਰ ਮੇਕਿੰਗ<br>ਰੰਗੋਲੀ<br>ਪਾਵਰ ਪੁਆਇੰਟ ਪੇਸ਼ਕਾਰੀ | ਤੀਸਰਾ ਸਥਾਨ<br>ਸ਼ਲਾਘਾਯੋਗ ਇਨਾਮ<br>ਸ਼ਲਾਘਾਯੋਗ ਇਨਾਮ<br>ਸ਼ਲਾਘਾਯੋਗ ਇਨਾਮ |
| ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਅੰਮ੍ਰਿਤਸਰ | ਧਾਰਮਿਕ ਸਿੱਖਿਆ | ਪੋਸਟਰ ਮੇਕਿੰਗ<br>ਸੁੰਦਰ ਲਿਖਾਈ ਅਤੇ ਪ੍ਰਸ਼ਨੋਤਰੀ | ਤੀਸਰਾ ਸਥਾਨ<br>ਵਿਸ਼ੇਸ਼ ਸਥਾਨ |


ਕਲਾਸਰੂਮ ਦਾ ਦ੍ਰਿਸ਼

**ਵਾਤਾਵਰਨ ਸੰਭਾਲ ਉਪਰਾਲਿਆਂ ਵਿੱਚ ਸ਼ਮੂਲੀਅਤ**

ਵਾਤਾਵਰਨ ਸੰਭਾਲ ਪ੍ਰੋਜੈਕਟ ਸੰਬੰਧੀ ਉਪਰਾਲਿਆਂ ਅਧੀਨ ਸੰਸਥਾ ਵਿੱਚ ਵਾਤਾਵਰਨ ਨਾਲ ਸੰਬੰਧਿਤ ਪ੍ਰਮੁੱਖ ਦਿਹਾੜੇ ਸਿੱਖ ਵਾਤਾਵਰਨ ਦਿਵਸ, ਵਿਸ਼ਵ ਧਰਤੀ ਦਿਵਸ, ਵਿਸ਼ਵ ਜਲ ਦਿਵਸ, ਵਿਸ਼ਵ ਵਾਤਾਵਰਨ ਦਿਵਸ ਨੂੰ ਸਮਰਪਿਤ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਵਿਦਿਆਰਥੀਆਂ ਦੇ ਹਿਰਦੇ ਵਿੱਚ ਵਾਤਾਵਰਨ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨ ਲਈ ਸਵੇਰ ਦੀ ਸਭਾ ਦੌਰਾਨ ਅਧਿਆਪਕ ਸਾਹਿਬਾਨਾਂ ਵੱਲੋਂ ਮਿਤੀ 15 ਮਾਰਚ, 2024 ਤੋਂ 14 ਅਪ੍ਰੈਲ, 2024 (31 ਦਿਨਾਂ) ਤੱਕ ਭਾਵਪੂਰਕ ਅਤੇ ਵਿਗਿਆਨਕ ਖੋਜ ਆਧਾਰਿਤ ਸੈਮੀਨਾਰਾਂ ਦੀ ਲੜੀ ਆਯੋਜਿਤ ਕੀਤੀ ਗਈ। ਇਸਦੇ ਨਤੀਜੇ ਵਜੋਂ ਵਿਦਿਆਰਥੀਆਂ ਨੇ ਸਿਰਫ਼ ਸੰਸਥਾ ਵਿਖੇ ਹੀ ਨਹੀਂ ਬਲਕਿ ਆਪਣੇ ਘਰਾਂ ਵਿੱਚ ਅਤੇ ਆਂਢ-ਗੁਆਂਢ ਵਿੱਚ ਸਾਫ਼-ਸੁਥਰੇ ਅਤੇ ਹਰੇ-ਭਰੇ ਵਾਤਾਵਰਨ ਦੀ ਪ੍ਰਫੁੱਲਤਾ ਲਈ ਵਧੀਆ ਪ੍ਰਤੱਖ ਕਦਮ ਚੁੱਕੇ। ਮਿਤੀ 17 ਜੁਲਾਈ, 2024 ਨੂੰ 'ਮਿਸ਼ਨ ਹਰਿਆਲੀ – 2024' ਦੇ ਅੰਤਰਗਤ 'ਆਪਣਾ ਪੰਜਾਬ ਫਾਉਂਡੇਸ਼ਨ (ਰਜਿ.) ਦੁਆਰਾ ਸੰਸਥਾ ਦੇ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸੰਭਾਲ ਵਿੱਚ ਦਿੱਤੇ ਯੋਗਦਾਨ ਲਈ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਗਏ। ਮਿਤੀ 8 ਅਗਸਤ, 2024 ਤੋਂ 8 ਸਤੰਬਰ, 2024 (30 ਦਿਨਾਂ) ਤੱਕ ਭਾਰਤ ਸਰਕਾਰ ਦੇ ਮਾਈਕਰੋ, ਸਮਾਲ ਅਤੇ ਮੀਡੀਅਮ ਐਂਟਰਪ੍ਰਾਈਜ਼ਿਜ਼ ਮੰਤਰਾਲੇ ਅਧੀਨ ਰਜਿਸਟਰਡ ਨੈਸ਼ਨਲ ਐਜੂਟਰੱਸਟ ਆਫ਼ ਇੰਡੀਆਂ ਦੇ ਨਿਰਦੇਸ਼ਾਂ ਅਧੀਨ ਵਾਤਾਵਰਨ ਸੰਭਾਲ ਮੁਹਿੰਮ ਨੂੰ ਸਫ਼ਲਤਾ ਪੂਰਵਕ ਸੰਪੰਨ ਕਰਨ ਉਪਰੰਤ ਸੰਸਥਾ ਨੂੰ 'ਈਕੋ ਫਰੈਂਡਲੀ ਕਾਲਜ' ਸਰਟੀਫਿਕੇਟ, 'ਈਕੋ ਵਿਜ਼ਨਰੀ' ਸਰਟੀਫਿਕੇਟ, 'ਗ੍ਰੀਨ ਗਾਈਡ' ਸਰਟੀਫ਼ਿਕੇਟ ਅਤੇ 'ਗ੍ਰੀਨ ਅੰਬੈਸਡਰ' ਸਰਟੀਫ਼ਿਕੇਟ ਨਾਲ ਨਿਵਾਜ਼ਿਆਂ ਗਿਆ। ਭਾਰਤ ਸਰਕਾਰ (Govt. of India) ਵੱਲੋਂ ਚਲਾਏ ਜਾ ਰਹੇ (ਵਾਤਾਵਰਨ ਸਿੱਖਿਆ ਪ੍ਰੋਗਰਾਮ) ਅਧੀਨ ਵਾਤਾਵਰਨ ਸੰਭਾਲ ਪ੍ਰੋਜੈਕਟਾਂ ਨੂੰ ਸਫ਼ਲਤਾਪੂਰਵਕ ਚਲਾਉਣ ਲਈ ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ ਵੱਲੋਂ ਸੰਸਥਾ ਨੂੰ ਪ੍ਰੋਤਸਾਹਿਤ ਕਰਨ ਹਿੱਤ 10000/- ਰੁਪਏ ਦੀ ਨਕਦ ਰਾਸ਼ੀ ਗ੍ਰਾਂਟ ਵਜੋਂ ਪ੍ਰਦਾਨ ਕੀਤੀ ਗਈ।

**ਅਲੂਮਨੀ ਵਿਦਿਆਰਥੀਆਂ ਦੀਆਂ ਵਿਸ਼ੇਸ਼ ਪ੍ਰਾਪਤੀਆਂ**

ਵਰ੍ਹਾਂ 2024 ਦੌਰਾਨ ਸੰਸਥਾ ਦੀਆਂ ਅਲੂਮਨੀ ਹਰਪ੍ਰੀਤ ਕੌਰ (ਬੀ.ਐੱਡ. ਸੈਸ਼ਨ 2011-12) ਨੇ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਂਕ ਅਤੇ ਸੁਖਦੇਵ ਕੌਰ (ਬੀ.ਐੱਡ. ਸੈਸ਼ਨ 2007-08) ਨੇ ਗੁਰੂ ਰਾਮ ਦਾਸ ਇੰਟਰਨੈਸ਼ਨਲ ਪਬਲਿਕ ਸਕੂਲ, ਰਈਆ ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਸੰਭਾਲੀਆਂ। ਸੰਸਥਾ ਦੇ ਪੁਰਾਣੇ ਵਿਦਿਆਰਥੀ (ਅਲੂਮਨੀ) ਹਰਦੇਵ ਸਿੰਘ (ਬੀ.ਐੱਡ. ਸੈਸ਼ਨ 2018-20) ਨੇ ਮਿਹਨਤ ਸਦਕਾ ਫ਼ੌਜ ਵਿੱਚ ਲੈਫਟੀਨੈਂਟ ਦਾ ਰੈਂਕ ਹਾਸਿਲ ਕੀਤਾ। ਵਰ੍ਹਾਂ 2024 ਵਿੱਚ ਬੀ.ਐੱਡ. (2022-24) ਪਾਸ ਕਰ ਚੁੱਕੇ ਵਿਦਿਆਰਥੀਆਂ ਵਿਚੋਂ 60% ਵਿਦਿਆਰਥੀਆਂ ਦੀ ਉੱਚ ਕੋਟੀ ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਵਿੱਚ ਬਤੌਰ ਅਧਿਆਪਕ ਸਫ਼ਲਤਾਪੂਰਵਕ ਪਲੇਸਮੈਂਟ ਕਰਵਾਈ ਗਈ। ਰਾਸ਼ਟਰੀ ਪੱਧਰ ਤੇ CTET (Central Teacher Eligibility Test) ਵਿੱਚ ਸੰਸਥਾ ਦੇ 7 ਵਿਦਿਆਰਥੀਆਂ ਨੇ ਸਫ਼ਲਤਾ ਪ੍ਰਾਪਤ ਕੀਤੀ।

**ਡਾ. ਸਿਮਰਪ੍ਰੀਤ ਕੌਰ**
ਪ੍ਰਿੰਸੀਪਲ (84272-33133, 98559-82590)




# ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ

ਕਾਲਜ ਦਾ ਇਤਿਹਾਸ:- ਸ੍ਰੀ ਗੁਰੂ ਅੰਗਦ ਦੇਵ ਕਾਲਜ ਕਾਰ ਸੇਵਾ ਖਡੂਰ ਸਾਹਿਬ ਦੇਮੁਖੀ ਸ੍ਰੀਮਾਨ ਸੰਤ ਬਾਬਾ ਉੱਤਮ ਸਿੰਘ ਜੀ ਦੀ ਦੂਰ ਦ੍ਰਿਸ਼ਟੀ ਸਦਕਾ ਹੋਂਦ ਵਿੱਚ ਆਇਆ। ਬਾਬਾ ਉੱਤਮ ਸਿੰਘ ਜੀ ਨੇ ਇਸ ਇਲਾਕੇ ਦੀਆਂ ਵਿੱਦਿਅਕ ਲੋੜਾਂ ਦੀ ਪੂਰਤੀ ਲਈ ਸੰਨ 1970 ਈ. ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਕਾਲਜ ਦੀ ਤਾਮੀਰ ਕਰਵਾਈ ਸੀ ।ਕੋਰਸਾਂ ਦਾ ਵੇਰਵਾ:- ਮੁੱਢਲੇ ਰੂਪ ਵਿੱਚ ਆਰਟਸ ਕਾਲਜ ਵਜੋਂ ਵਿਕਸਤ ਹੋਏ ਸ੍ਰੀ ਗੁਰੂ ਅੰਗਦ ਦੇਵ ਕਾਲਜ ਵਿੱਚ ਮੌਜੂਦਾ ਸਮੇਂ ਆਰਟਸ, ਵਿਗਿਆਨ, ਅਰਥ ਸ਼ਾਸਤਰ ਅਤੇ ਕਿੱਤਾਮੁਖੀ ਕੋਰਸਾਂ ਸਮੇਤ ਅਕਾਦਮਿਕ ਖੇਤਰ ਦੀਆਂ ਲੋੜਾਂ ਮੁਤਾਬਕ ਲਗਭਗ ਹਰੇਕ ਦਿਸ਼ਾ ਦੀ ਗ੍ਰੈਜੂਏਸ਼ਨ ਅਤੇ ਕੁਝ ਵਿਸ਼ਿਆਂ ਦੀ ਮਾਸਟਰ ਕਲਾਸਾਂ ਤੱਕ ਦੀ ਪੜ੍ਹਾਈ ਦਾ ਪ੍ਰਬੰਧ ਹੈ ।ਇਸ ਸਮੇਂ ਕਾਲਜ ਵਿੱਚ ਗਰੈਜੂਏਸ਼ਨ ਪੱਧਰ 'ਤੇ ਬੀ.ਏ., ਬੀ.ਏ. (ਸੋਸ਼ਲ ਸਟੱਡੀਜ਼, ਬੀ.ਸੀ.ਏ, ਬੀ.ਬੀ.ਏ., ਬੀ.ਕਾਮ, ਬੀ,ਐਸ.ਸੀ (ਨਾਨ ਮੈਡੀਕਲ), ਬੀ.ਐੱਸ.ਸੀ.(ਕੰਪਿਊਟਰ ਸਾਇੰਸ), ਬੀ.ਐੱਸ.ਸੀ. (ਆਈ.ਟੀ), ਬੀ.ਐੱਸ.ਸੀ (ਇਕਨਾਮਿਕਸ), ਬੀ ਐੱਸ ਸੀ (ਫੈਸ਼ਨ ਡਿਜ਼ਾਈਨਿੰਗ) ਆਦਿ ਦੇ ਡਿਗਰੀ ਕੋਰਸ ਕਰਵਾਏ ਜਾਂਦੇ ਹਨ। ਪੋਸਟ ਗ੍ਰੈਜੂਏਟ ਪੱਧਰ ਤੇ ਐੱਮ.ਏ.(ਪੰਜਾਬੀ), ਐੱਮ.ਐੱਸ.ਸੀ.(ਆਈ.ਟੀ.), ਪੀ.ਜੀ.ਡੀ.ਸੀ.ਏ. ਆਦਿ ਕੋਰਸ ਕਰਵਾਏ ਜਾਂਦੇ ਹਨ। ਇਸ ਤੋਂ ਬਿਨਾਂ ਡੀ.ਸੀ.ਏ. ਅਤੇ ਡਿਪਲੋਮਾ ਇਨ ਸਟਿਚਿੰਗ ਐਂਡ ਟੇਲਰਿੰਗ ਦਾ ਡਿਪਲੋਮਾ ਵੀ ਕਰਵਾਇਆ ਜਾਂਦਾ ਹੈ ।ਕਾਲਜ ਵਿੱਚ ਗਿਆਰਵੀ ਅਤੇ ਬਾਰਵੀਂ (ਆਰਟਸ, ਨਾਨ ਮੈਡੀਕਲ, ਕਾਮਰਸ) ਵੀ ਕਰਵਾਈ ਜਾਂਦੀ ਹੈ ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਹੈ ।2025-26 ਵਿੱਚ ਡਿਪਲੋਮਾ ਇਨ ਆਰਟੀਫੀਸ਼ਲ ਇੰਟੈਲੀਜੈਂਸ ਐਂਡ ਡਾਟਾ ਸਾਇੰਸ, ਡਿਪਲੋਮਾ ਇਨ ਸੋਫਟਵੇਅਰ ਡਿਵੈਲਪਮੈਂਟ ਐਂਡ ਪ੍ਰੋਗਰਾਮਿੰਗ, ਡਿਪਲੋਮਾ ਇਨ ਫੈਸ਼ਨ ਡਿਜਾਇਨਿੰਗ, ਸਰਟੀਫਿਕੇਟ ਕੋਰਸ ਇਨ ਜੀਐਸਟੀ ਫੀਲਿੰਗ ਐਂਡ ਪ੍ਰੈਕਟਿਸ ਕੋਰਸ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਧੀਨ ਸ਼ੁਰੂ ਕੀਤੇ ਗਏ ਹਨ ।ਕਾਲਜ ਵਿੱਚ ਉਪਲਬਧ ਅਕਾਦਮਿਕਤਾ ਦੀਆਂ ਬਹੁਪੱਖੀ ਦਿਸ਼ਾਵਾਂ ਦਾ ਇਹ ਵੇਰਵਾ ਦਰਸਾਉਂਦਾ ਹੈ ਕਿ ਇੱਥੇ ਹਰੇਕ ਵਿਦਿਆਰਥੀ ਆਪਣੀ ਪ੍ਰਤਿਭਾ ਮੁਤਾਬਿਕ ਇੱਕ ਬਿਹਤਰ ਕੈਰੀਅਰ ਦਾ ਨਿਰਮਾਣ ਕਰ ਸਕਦਾ ਹੈ ।ਵਿਸ਼ੇਸ਼ਤਾਵਾਂ ਅਤੇ ਸਹੂਲਤਾਂ:- ਕਾਲਜ ਵਿੱਚ ਲੋੜ ਅਨੁਸਾਰ ਖੁੱਲ੍ਹੇ ਅਤੇ ਹਵਾਦਾਰ ਕਲਾਸਰੂਮ, ਸਮਾਰਟ ਕਲਾਸ ਰੂਮ, ਕੰਪਿਊਟਰ ਲੈਬਜ਼, ਫਿਜਿਕਸ ਲੈਬਜ਼, ਕਮਿਸਟਰੀ ਲੈਬ, ਫੈਸ਼ਨ ਡਿਜ਼ਾਇਨਿੰਗ ਲੈਬ, ਤੋਂ ਇਲਾਵਾ ਐਲ.ਸੀ.ਡੀ ਤੇ ਮਲਟੀਮੀਡੀਆ ਪ੍ਰੋਜੈਕਟਰ ਜਿਹੀਆਂ ਆਧੁਨਿਕ ਸਹੂਲਤਾਂ ਵਾਲਾ ਪ੍ਰਭਾਵਸ਼ਾਲੀ ਕਾਨਫਰੰਸ ਹਾਲ, ਸੁੰਦਰ ਕਲਾਤਮਕ ਦਿੱਖ ਵਾਲਾ ਵਿਸ਼ਾਲ ਸਾਉਂਡਪਰੂਫ ਮਲਟੀਪਰਪਜ਼ ਆਡੀਟੋਰੀਅਮ ਅਤੇ 25 ਹਜ਼ਾਰ ਪੁਸਤਕਾਂ ਵਾਲੀ ਲਾਇਬਰੇਰੀ ਹੈ। ਇੱਥੇ ਲੋੜਵੰਦ ਅਤੇ ਗ਼ਰੀਬ ਵਿਦਿਆਰਥੀਆਂ ਲਈ "ਬੁੱਕ ਬੈਂਕ" ਦੀ ਸਹੂਲਤ ਵੀ ਉਪਲੱਬਧ ਹੈ। ਕਾਲਜ ਕੈਂਪਸ ਵਿੱਚ ਲੜਕੇ ਤੇ ਲੜਕੀਆਂ ਦੇ ਹੋਸਟਲ ਦੀ ਵਿਵਸਥਾ ਹੈ। ਦੂਰ ਦੁਰਾਡੇ ਦੇ ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਬੱਸਾਂ ਦਾ ਖਾਸ ਪ੍ਰਬੰਧ ਹੈ ।ਅਕਾਦਮਿਕ ਪ੍ਰਾਪਤੀਆਂ:- ਅਕਾਦਮਿਕ ਖੇਤਰ ਵਿੱਚ ਇਸ ਕਾਲਜ ਦੀਆਂ ਪ੍ਰਾਪਤੀਆਂ ਦਾਲੰਮਾ ਇਤਿਹਾਸ ਹੈ। ਸੈਸ਼ਨ 2024-25 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਲਈਆਂ ਗਈਆਂ ਪ੍ਰੀਖਿਆਵਾਂ ਵਿੱਚੋਂ ਕਾਮਰਸ ਵਿਭਾਗ ਦੀਆਂ ਬੀ.ਬੀ.ਏ. (ਸਮੈਸਟਰ ਛੇਵਾਂ) ਦੀਆਂ ਵਿਦਿਆਰਥਣਾਂ ਕੋਮਲਪ੍ਰੀਤ ਕੌਰ ਅਤੇ ਹਰਮਨਦੀਪ ਕੌਰ ਨੇ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚੋਂ ਕ੍ਰਮਵਾਰ 8ਵੀਂ ਅਤੇ 9ਵੀਂ ਪੁਜ਼ੀਸ਼ਨ, ਬੀ.ਏ (ਸਮੈਸਟਰ ਦੂਜਾ) ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਨੇ 80% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ 25ਵੀਂ ਪੁਜ਼ੀਸ਼ਨ ਅਤੇ ਬੀ.ਐਸ.ਸੀ. (ਨਾਨ ਮੈਡੀਕਲ) ਦੀ ਵਿਦਿਆਰਥਣ ਕਿਰਨਦੀਪ ਕੌਰ ਨੇ 81% ਅੰਕ ਪ੍ਰਾਪਤ ਕਰ ਕੇ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ 28ਵੀਂ ਪੁਜੀਸ਼ਨ ਹਾਸਲ ਕੀਤੀ ।ਸਭਿਆਚਾਰਕ ਪ੍ਰਾਪਤੀਆਂ: 2025 ਦੇ ਜੋਨਲ ਯੁਵਕ ਮੇਲੇ ਵਿੱਚ ਕਾਲਜ ਦੀਆਂ ਵੱਖ-ਵੱਖਟੀਮਾਂ ਜਿਵੇਂ ਭੰਗੜਾ, ਗਿੱਧਾ, ਕੁਇਜ਼, ਡੀਬੇਟ, ਕਲਾਸੀਕਲ ਇੰਸਟਰੂਮੈਂਟਲ ਪ੍ਰਕਸ਼ਨ ਆਦਿ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਕਾਲਜ ਪਿਛਲੇ ਕਈ ਸਾਲਾਂ ਤੋਂ 'ਬੀ ਜੋਨ' ਦੇ 'ਬੀ ਡਵੀਜ਼ਨ' ਓਵਰਆਲ ਚੈਂਪੀਅਨ ਬਣਦਾ ਆ ਰਿਹਾ ਹੈ। ਮੌਜੂਦਾ ਸੈਸ਼ਨ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਣ ਕਾਰਨ ਕਾਲਜ ਵੱਲੋਂ 'ਬੀ ਜੋਨ' ਦੇ 'ਏ ਡਵੀਜ਼ਨ' ਗਰੁੱਪ ਵਿੱਚ ਭਾਗ ਲਿਆ ਗਿਆ ਅਤੇ ਸੈਕੰਡ ਰਨਰਅੱਪ ਟਰਾਫੀ ਜਿੱਤ ਪ੍ਰਾਪਤ ਕਰ ਮਾਣ ਮੱਤਾ ਇਤਿਹਾਸ ਸਿਰਜਿਆ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਨੌਂਵੇਂ ਪਾਤਸ਼ਾਹ ਦੇ 350 ਸਾਲਾਂ ਸ਼ਹੀਦੀ ਪੁਰਬ ਨੂੰ ਸਮਰਪਿਤ 'ਅੰਤਰ ਕਾਲਜ ਯੁਵਕ ਮੇਲਾ 2025' ਵਿੱਚ ਵਿਦਿਆਰਥੀਆਂ ਦੁਆਰਾ ਦਸਤਾਰ ਦੁਮਾਲਾ ਸਜਾਉਣ, ਸੁੰਦਰ ਲਿਖਾਈਅਤੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਕ੍ਰਮਵਾਰ ਪਹਿਲਾ, ਤੀਜਾ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ ।ਖੇਡ ਪ੍ਰਾਪਤੀਆਂ:-ਮੌਜੂਦਾ ਸੈਸ਼ਨ ਵਿੱਚ ਜ਼ਿਲਾ ਸਕੂਲ

ਬਾਕਸਿੰਗ ਮੁਕਾਬਲਿਆਂ ਵਿੱਚ ਕਾਲਜ ਦੇ ਮੁੱਕੇਬਾਜ਼ਾਂ ਨੇ ਛੇ ਸੋਨੇ, ਦੋ ਚਾਂਦੀ ਅਤੇ ਇੱਕ ਕਾਂਸੀ ਦਾ ਤਗ਼ਮਾ ਜਿੱਤਿਆ।ਹੋਰ ਪ੍ਰਾਪਤੀਆਂ:- ਵੱਖ-ਵੱਖ ਵਿਭਾਗਾਂ ਦੀਆਂ ਸਭਾਵਾਂ ਬਣਾ ਕੇ ਕਲਾਸ ਵਿੱਚ ਹੀ ਬੱਚਿਆਂ ਦੇ ਮੁਕਾਬਲਿਆਂ ਰਾਹੀਂ ਉਨ੍ਹਾਂ ਅੰਦਰ ਲੁਕੀ ਹੋਈ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਉਪਰਾਲੇ ਕੀਤੇ ਜਾਂਦੇ ਹਨ। ਕਾਲਜ ਦਾ ਮਨੋਰਥ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਕੇ ਉਨ੍ਹਾਂ ਅੰਦਰ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਕਰਨਾ ਹੈ ਵਿਦਿਆਰਥੀਆਂ ਨੂੰ ਸਰਵਪੱਖੀ ਚੇਤਨਾ ਅਤੇ ਸਮਾਜਿਕ ਕਦਰਾਂ-ਕੀਮਤਾਂ ਦਾ ਪਾਠ ਪੜ੍ਹਾਉਣ ਦਾ ਉਚੇਚਾ ਕਾਰਜ ਐੱਨ. ਸੀ. ਸੀ. ਅਤੇ ਐੱਨ. ਐੱਸ. ਐੱਸ. ਯੂਨਿਟ ਕਰ ਰਹੇ ਹਨ। ਵਿਦਿਆਰਥੀ ਵਿਦਿਆ ਪ੍ਰਾਪਤੀ ਤੋਂ ਬਾਅਦ ਕਿਸੇ ਨਾ ਕਿਸੇ ਰੁਜ਼ਗਾਰ 'ਤੇ ਜ਼ਰੂਰ ਲੱਗਣ, ਇਸ ਸੰਬੰਧੀ ਵੀ ਕਾਲਜ ਵੱਲੋਂ ਉਪਰਾਲੇ ਕੀਤੇ ਜਾਂਦੇ ਹਨ। ਵਰਤਮਾਨ ਸੈਸ਼ਨ ਦੌਰਾਨ ਵੀ ਚਾਰ ਵਿਦਿਆਰਥੀ ਫੌਜ ਵਿੱਚ ਭਰਤੀ ਹੋਏ ਹਨ।ਐੱਨ. ਸੀ. ਸੀ. ਵਿੰਗ: ਇਤਿਹਾਸ ਵਿਭਾਗ ਦੇ ਪ੍ਰੋਫੈਸਰ ਹਰਦੇਵ ਸਿੰਘ ਨੇ ਤਿੰਨ ਮਹੀਨੇਦੀ ਟ੍ਰੇਨਿੰਗ ਤੋਂ ਬਾਅਦ 'ਲੈਫਟੀਨੈਂਟ' ਦਾ ਰੈਂਕ ਪ੍ਰਾਪਤ ਕੀਤਾ। ਫਰਵਰੀ 2025 ਵਿੱਚ ਕਾਲਜ ਦੇ ਐਨ.ਸੀ.ਸੀ ਵਿੰਗ ਦੇ 14 ਵਿਦਿਆਰਥੀਆਂ ਨੇ 'ਬੀ' ਸਰਟੀਫਿਕੇਟ ਅਤੇ 8 ਵਿਦਿਆਰਥੀਆਂ ਦੁਆਰਾ 'ਸੀ' ਸਰਟੀਫਿਕੇਟ ਦਾ ਟੈਸਟ ਪਾਸ ਕੀਤਾਗਿਆ।ਐਨ.ਸੀ.ਸੀ ਦੀਆਂ ਦੋ ਵਿਦਿਆਰਥਣਾਂ ਇਸ ਸਾਲ ਆਰ.ਡੀ.ਸੀ (ਰਿਪਬਲਿਕ ਡੇ ਕੈਂਪ) ਵਾਸਤੇ ਚੁਣੀਆਂ ਗਈਆਂ। ਇਨ੍ਹਾਂ ਵਿੱਚੋਂ ਇੱਕ ਵਿਦਿਆਰਥਣ ਹਰਮਨਦੀਪ ਕੌਰ ਨੇ 26 ਜਨਵਰੀ 2026 ਨੂੰ ਦਿੱਲੀ ਵਿਖੇ ਹੋਈ ਮੁੱਖ ਪਰੇਡ ਵਿੱਚ ਹਿੱਸਾ ਲਿਆ।ਐੱਨ. ਐੱਸ. ਐੱਸ ਵਿਭਾਗ: ਹਰ ਸਾਲ ਐਨ.ਐਸ.ਐਸ ਦੇ ਸੱਤ ਰੋਜ਼ਾ ਕੈਂਪ ਦੇ ਨਾਲ ਨਾਲਛੇ ਇੱਕ ਰੋਜ਼ਾ ਕੈਂਪ ਲਗਾਏ ਜਾਂਦੇ ਹਨ, ਜਿੰਨ੍ਹਾਂ ਨਾਲ ਵਿਦਿਆਰਥੀਆਂ ਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਇਸ ਤੋਂ ਬਿਨਾਂ ਹਰ ਮਹੱਤਵਪੂਰਨ ਦਿਨ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਐਨ.ਐਸ.ਐਸ. ਵੱਲੋਂ ਇੱਕ ਪਿੰਡ ਵੀ ਗੋਦ ਲਿਆ ਗਿਆ ਹੈ। ਮੌਜੂਦਾ ਸੈਸ਼ਨ ਵਿੱਚ ਪੁਲੀਸ ਸਟੇਸ਼ਨ ਗੋਇੰਦਵਾਲ ਸਾਹਿਬ ਵਿਖੇ ਵਿਦਿਆਰਥੀਆਂ ਵੱਲੋਂ 'ਪੁਲੀਸ ਐਕਸਪ੍ਰੀਐਂਸ਼ਲ ਲਰਨਿੰਗ ਪ੍ਰੋਗਰਾਮ' ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਪੁਲੀਸ ਸਟੇਸ਼ਨ ਦੀਆਂ ਕਾਰਵਾਈਆਂ ਨਾਲ ਸੰਬੰਧਿਤ ਜਾਣਕਰੀ ਮੁਹੱਈਆ ਕਰਵਾਈ ਗਈ।ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਣ ਲਈ ਕੀਤੇ ਜਾ ਰਹੇ ਹੋਰ ਉਪਰਾਲਿਆਂ ਵਿੱਚ ਕਿੱਤਾ ਮੁਖੀ ਵਿਸ਼ਿਆਂ ਨੂੰ ਸ਼ਾਮਿਲ ਕਰਨਾ, ਭਾਸ਼ਾ ਪ੍ਰਯੋਗਸ਼ਾਲਾਵਾਂ ਦੀ ਉਸਾਰੀ ਸੰਬੰਧੀ ਯੋਜਨਾ, ਵਿਦਿਆਰਥੀਆਂ ਲਈ ਪੜ੍ਹਾਈ ਦੇ ਦੌਰਾਨ ਅਤੇ ਪੜ੍ਹਾਈ ਉਪਰੰਤ ਨੌਕਰੀਆਂ ਦੀ ਪ੍ਰਾਪਤੀ ਸੰਬੰਧੀ ਯੋਗ ਅਦਾਰਿਆਂ ਨਾਲ ਸਿੱਧਾ ਰਾਬਤਾ ਕਾਇਮ ਕਰਨਾ ਅਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਸੈਮੀਨਾਰ ਅਤੇ ਕਾਨਫਰੰਸਾਂ ਨੂੰ ਆਯੋਜਿਤ ਕਰਨਾ ਆਦਿ ਸ਼ਾਮਿਲ ਹਨ।


ਲਾਇਬ੍ਰੇਰੀ



ਰਸਾਇਣ ਵਿਗਿਆਨ ਪ੍ਰਯੋਗਸ਼ਾਲਾ


ਕੰਪਿਊਟਰ ਪ੍ਰਯੋਗਸ਼ਾਲਾ

ਪ੍ਰਿੰਸੀਪਲ ਡਾ. ਬਲਵੰਤ ਸਿੰਘ ਸੰਧੂ
98886-58185

ਸਕੱਤਰ ਡਾ. ਕਮਲਜੀਤ ਸਿੰਘ
99140-06622

# ਬੰਦੀ ਛੋੜ ਅਕੈਡਮੀ ਸ਼ਿਓਪੁਰ, ਮੱਧ ਪ੍ਰਦੇਸ਼





ਭੌਤਿਕ ਵਿਗਿਆਨ ਪ੍ਰਯੋਗਸ਼ਾਲਾ



ਕਲਾਸਰੂਮ



ਕੰਪਿਊਟਰ ਪ੍ਰਯੋਗਸ਼ਾਲਾ

ਕਾਰ ਸੇਵਾ ਖਡੂਰ ਸਾਹਿਬ ਵੱਲੋਂ ਮੱਧ ਪ੍ਰਦੇਸ਼ ਵਿੱਚ 'ਬੰਦੀ ਛੋੜ ਐਜੂਕੇਸ਼ਨ ਚੈਰੀਟੇਬਲ ਟਰੱਸਟ' ਅਧੀਨ ਚੱਲ ਰਹੀ ਵਿੱਦਿਅਕ ਸੰਸਥਾ ਬੰਦੀ ਛੋੜ ਅਕੈਡਮੀ, ਸ਼ਿਓਪੁਰ ਸਕੂਲ ਦਾ ਨੀਂਹ ਪੱਥਰ ਬਾਬਾ ਸੇਵਾ ਸਿੰਘ ਜੀ ਤੇ ਇਲਾਕੇ ਦੀ ਸਮੂਹ ਸੰਗਤ ਦੁਆਰਾ 2020 ਵਿੱਚ ਰੱਖਿਆ ਗਿਆ ਅਤੇ 2021 ਵਿੱਚ ਪਹਿਲੇ ਅਕੈਡਮਿਕ ਸੈਸ਼ਨ ਦੀ ਆਰੰਭਤਾ ਕੀਤੀ ਗਈ। ਬਾਬਾ ਜੀ ਵੱਲੋਂ ਵਿੱਦਿਆ ਰੂਪੀ ਗਿਆਨ ਫੈਲਾਉਣ ਦੇ ਉਦੇਸ਼ ਦੀ ਪ੍ਰਾਪਤੀ ਲਈ ਇਹ ਸੰਸਥਾ ਨਿਰੰਤਰ ਯਤਨਸ਼ੀਲ ਬਣ ਰਹੀ ਹੈ। ਵਾਹਿਗੁਰੂ ਦੀ ਅਪਾਰ ਰਹਿਮਤ, ਸੰਤਾਂ ਮਹਾਂਪੁਰਖਾਂ ਦੇ ਆਸ਼ੀਰਵਾਦ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਕੂਲ ਨੂੰ 2024 ਵਿੱਚ ਸੀ.ਬੀ.ਐਸ. ਈ ਵੱਲੋਂ ਕਲਾਸ ਦੱਸਵੀਂ ਤਕ ਮਾਨਤਾ ਪ੍ਰਾਪਤ ਹੋਈ। ਇਸ ਅਦਾਰੇ ਵਿੱਚ ਮੌਜੂਦਾ ਸਮੇਂ 290 ਦੇ ਕਰੀਬ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਸਕੂਲ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਨਾ, ਪੰਜਾਬੀ ਗੁਰਮੁਖੀ , ਗੁਰਮਤਿ ਇਤਿਹਾਸ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਣਾ ਹੈ । ਇਸ ਅਦਾਰੇ ਵਿੱਚ ਸਿੱਖ, ਹਿੰਦੂ ਮੁਸਲਿਮ, ਈਸਾਈ ਆਦਿ ਧਰਮਾਂ ਦੇ ਸਿਖਿਆਰਥੀ ਬਿਨਾਂ ਕਿਸੇ ਭੇਦ- ਭਾਵ ਦੇ ਸਿੱਖਿਆ ਗ੍ਰਹਿਣ ਕਰ ਰਹੇ ਹਨ। ਸਕੂਲ ਦੀ ਇਮਾਰਤ ਸ਼ਾਨਦਾਰ, ਖੇਤਰਫਲ ਵਜੋਂ ਖੁੱਲੀ ਅਤੇ ਹਵਾਦਾਰ ਹੈ। ਬਾਕੀ ਸਿੱਖਿਆ ਨੂੰ ਮੁੱਖ ਰੱਖਦੇ ਹੋਏ ਸਿਖਿਆਰਥੀਆਂ ਨੂੰ ਹਰ ਜ਼ਰੂਰਤ ਵਾਲੀ ਸਹੂਲੀਅਤ ਦਿੱਤੀ ਜਾਂਦੀ ਹੈ। ਇਥੋਂ ਦਾ ਵਾਤਾਵਰਨ ਸਾਫ- ਸੁਥਰਾ ਅਤੇ ਰੂਹਾਨੀਅਤ ਭਰਪੂਰ ਹੈ, ਜੋ ਕਿ ਪੜ੍ਹਨ-ਪੜ੍ਹਾਉਣ ਦਾ ਢੁੱਕਵਾਂ ਮਾਹੌਲ ਸਿਰਜਣ ਵਿੱਚ ਸਹਾਈ ਹੈ। ਸਕੂਲ ਵਿੱਚ ਪੀਣ ਵਾਲੇ ਸਾਫ਼ ਪਾਣੀ ਦਾ ਢੁੱਕਵਾਂ ਪ੍ਰਬੰਧ ਹੈ। ਬੱਚਿਆਂ ਅਤੇ ਅਧਿਆਪਕਾਂ ਲਈ ਆਸ-ਪਾਸ ਦੇ ਖੇਤਰਾਂ ਵਿੱਚ ਬੱਸ ਸੁਵਿਧਾ ਉਪਲਬੱਧ ਹੈ। ਵਿਦਿਆਰਥੀਆਂ ਨੂੰ ਤਕਨੀਕ ਦੇ ਹਾਣੀ ਬਣਾਉਣ ਲਈ ਸਾਇੰਸ ਲੈਬ, ਮੈਥ ਲੈਬ, ਕੰਪਿਊਟਰ ਲੈਬ, ਦਾ ਖ਼ਾਸ ਪ੍ਰਬੰਧ ਹੈ। ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਵੱਖ-ਵੱਖ ਖੇਡਾਂ ਅਤੇ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਸੰਸਥਾ ਵਿੱਦਿਅਕ ਅਤੇ ਧਾਰਮਿਕ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰ ਰਹੀ ਹੈ। 'ਬੰਦੀ ਛੋੜ ਐਜੂਕੇਸ਼ਨ ਚੈਰੀਟੇਬਲ ਟਰੱਸਟ' ਅਧੀਨ ਚੱਲ ਰਹੇ ਵੱਖ- ਵੱਖ ਸਕੂਲਾਂ ਦਰਮਿਆਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵੱਖ-ਵੱਖ ਪ੍ਰਤੀਯੋਗਿਤਾਵਾਂ ਜਿਵੇਂ ਕਿ ਕੁਇੱਜ਼, ਕਵਿਤਾਵਾਂ, ਭਾਸ਼ਣ, ਕਵੀਸ਼ਰੀ ਆਦਿ ਵਿੱਚ ਸਿਖਿਆਰਥੀਆਂ ਨੇ ਪਹਿਲਾ ਸਥਾਨ ਹਾਸਿਲ ਕੀਤਾ ਹੈ। ਬੱਚਿਆਂ ਦੀ ਸਿੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਹਰ ਖੇਤਰ ਵਿੱਚ ਲਗਾਤਾਰ ਯਤਨਸ਼ੀਲ ਹੈ।

**ਪ੍ਰਿੰਸੀਪਲ ਹੀਰਾ ਸਿੰਘ (98038-09341)**




# ਬੰਦੀ ਛੋੜ ਅਕੈਡਮੀ ਘਰਸੋਂਦੀ, ਮੱਧ ਪ੍ਰਦੇਸ਼




ਸਕੂਲ ਸਟਾਫ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨਾਲ

ਬੰਦੀ ਛੋੜ ਅਕੈਡਮੀ ਘਰਸੋਂਦੀ ਦੀ ਸਥਾਪਨਾ ਸੰਨ 2000 ਈਸਵੀ ਵਿੱਚ ਕੀਤੀ ਗਈ। ਇਹ ਸੰਸਥਾ ਬਾਬਾ ਸੇਵਾ ਸਿੰਘ ਜੀ ਦੇ ਆਸ਼ੀਰਵਾਦ ਨਾਲ ਚੱਲ ਰਹੀ ਹੈ। ਇਹ ਸੰਸਥਾ ਬੰਦੀ ਛੋੜ ਚੈਰੀਟੇਬਲ ਟਰੱਸਟ ਗਵਾਲੀਅਰ ਦੇ ਅਧੀਨ ਆਉਂਦੀ ਹੈ। ਇਸ ਸੰਸਥਾ ਦੀ ਮਾਨਤਾ ਮੱਧ ਪ੍ਰਦੇਸ਼ ਬੋਰਡ ਦੇ ਅੰਤਰਗਤ ਆਉਂਦੀ ਹੈ। ਇਹ ਸੰਸਥਾ ਦੀ ਬਾਰਵੀ ਜਮਾਤ ਤੱਕ ਦੀ ਮਾਨਤਾ ਪ੍ਰਾਪਤ ਹੈ। ਇਹ ਸੰਸਥਾ ਇਸ ਇਲਾਕੇ ਦੀ ਸਿਰਮੌਰ ਸੰਸਥਾ ਹੈ ਜਿਸ ਵਿੱਚ ਗੁਰਮੁਖੀ ਲਿਪੀ ( ਪੰਜਾਬੀ ), ਸੰਗੀਤ, ਗੁਰਮਤਿ ਅਤੇ ਧਾਰਮਿਕ ਕਲਾਸਾਂ ਰਾਹੀਂ ਵਿਦਿਆਰਥੀਆਂ ਨੂੰ ਗੁਰਬਾਣੀ,ਕਵੀਸ਼ਰੀ ਅਤੇ ਸਿੱਖ ਇਤਿਹਾਸ ਬਾਰੇ ਵਿੱਦਿਆ ਦਿੱਤੀ ਜਾਂਦੀ ਹੈ।ਇਸ ਸੰਸਥਾ ਵਿੱਚ 35 ਕਰਮਚਾਰੀ ਵੱਖ - ਵੱਖ ਸੇਵਾਵਾਂ ਨਿਭਾ ਰਹੇ ਹਨ। ਇਹ ਸੰਸਥਾ ਪੂਰੀ ਤਰ੍ਹਾਂ ਨਾਲ ਕੈਮਰੇ ਦੀ ਨਿਗਰਾਨੀ ਹੇਠ ਹੈ। ਇਸ ਸੰਸਥਾ ਵਿੱਚ ਦੋ ਮੰਜ਼ਿਲਾਂ ਇਮਾਰਤ ਹੈ ਜਿਸ ਵਿੱਚ 20 ਕਮਰੇ ਹਨ, ਇੱਕ ਕੰਪਿਊਟਰ ਲੈਬ, ਦੋ ਸਾਇੰਸ ਲੈਬ ਹਨ, ਇੱਕ ਸੰਗੀਤ ਦੀ ਸਿੱਖਿਆ ਲਈ ਕਮਰਾ ਹੈ। ਇੱਕ ਖੁੱਲ੍ਹਾ ਲਾਇਬ੍ਰੇਰੀ ਹਾਲ ਵੀ ਹੈ ਜਿਸ ਵਿੱਚ 1500 ਦੇ ਕਰੀਬ ਕਿਤਾਬਾਂ ਹਨ। ਜਿਸ ਰਾਹੀ ਵਿਦਿਆਰਥੀ ਵੱਖ - ਵੱਖ ਭਾਸ਼ਾਵਾਂ, ਇਤਿਹਾਸਕਾਰਾਂ, ਵਿਗਿਆਨੀਆਂ, ਖਿਡਾਰੀਆਂ ਆਦਿ ਦਾ ਗਿਆਨ ਵਿੱਚ ਵਾਧਾ ਕਰਦੇ ਹਨ। ਇਸ ਸੰਸਥਾ ਵਿੱਚ 518 ਦੇ ਕਰੀਬ ਵਿਦਿਆਰਥੀ ਵਿੱਦਿਆ ਹਾਸਿਲ ਕਰ ਰਹੇ ਹਨ। ਇਸ ਸੰਸਥਾ ਦੇ ਵਿਦਿਆਰਥੀ ਧਾਰਮਿਕ ਪ੍ਰਤੀਯੋਗਤਾ ਵਿੱਚ ਵੀ ਹਿੱਸਾ ਲੈਂਦੇ ਹਨ ਅਤੇ ਸੰਸਥਾ ਦਾ ਨਾਮ ਰੌਸ਼ਨ ਕਰਦੇ ਹਨ। ਵਿਦਿਆਰਥੀਆਂ ਦੇ ਖੇਡਣ ਲਈ ਵੱਖ - ਵੱਖ ਮੈਦਾਨ ਹਨ। ਜਿਸ ਰਾਹੀ ਵਿਦਿਆਰਥੀਆਂ ਨੂੰ ਬੈਡਮਿੰਟਨ, ਖੋ - ਖੋ, ਸ਼ੁੱਟ ਪੁੱਟ, ਡਿਸਕ ਥਰੋ, ਕ੍ਰਿਕਟ, ਸ਼ਤਰੰਜ, ਕੈਰਮ ਬੋਰਡ, ਅਥਲੈਟਿਕਸ ਖੇਡਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਸੰਸਥਾ ਦਾ ਰਕਬਾ ਪੰਜ ਏਕੜ ਦੇ ਕਰੀਬ ਹੈ। ਇਸ ਸੰਸਥਾ ਨੂੰ ਆਲੇ ਦੁਆਲੇ ਦੇ ਲਗਪਗ 50 ਪਿੰਡਾਂ ਦਾ ਸਹਿਯੋਗ ਪ੍ਰਾਪਤ ਹੈ। ਇਸ ਸਾਲ ਇਸ ਸੰਸਥਾ ਦੇ ਵਿਦਿਆਰਥੀਆਂ ਨੇ ਜਿਲ੍ਹਾ ਪੱਧਰੀ ਖੋ-ਖੋ ਖੇਡਾਂ ਵਿੱਚ ਹਿੱਸਾ ਲਿਆ ਜਿਸ ਵਿੱਚ 11 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਇਨ੍ਹਾਂ ਵਿੱਚੋ ਦੋ ਵਿਦਿਆਰਥੀ ਰਾਜ ਪੱਧਰ ਤੇ ਸਲੈਕਟ ਹੋਏ ਹਨ । ਜਿਸ ਨਾਲ ਸੰਸਥਾ ਦਾ ਮਾਣ ਪੂਰੇ ਗਵਾਲੀਅਰ ਜ਼ਿਲ੍ਹੇ ਵਿੱਚ ਹੋਇਆ । ਇਸਤੋਂ ਇਲਾਵਾ ਇਸ ਸਾਲ ਐਸ. ਜੀ. ਪੀ. ਸੀ. ਵੱਲੋ ਲਈ ਗਈ ਪ੍ਰੀਖਿਆ ਵਿੱਚ ਵੀ ਮੈਡਲ ਹਾਸਲ ਕੀਤੇ ਤੇ ਇਕ ਵਿਦਿਆਰਥੀ ਨੇ ਸਕਾਲਰਸ਼ਿਪ ਹਾਸਲ ਕਰਕੇ ਇਸ ਸੰਸਥਾ ਦਾ ਨਾਮ ਪੂਰੇ ਇਲਾਕੇ ਵਿੱਚ ਰੋਸ਼ਨ ਕੀਤਾ। ਬਾਬਾ ਸੇਵਾ ਸਿੰਘ ਜੀ ਦੇ ਅਸ਼ੀਰਵਾਦ ਨਾਲ ਇਸ ਸਾਲ ਸੀ. ਬੀ. ਐਸ. ਈ. ਦੀ ਨਵੀ ਇਮਾਰਤ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਸਾਲ 2027 ਵਿੱਚ ਉਮੀਦ ਹੈ ਕਿ ਸੀ. ਬੀ. ਐਸ. ਈ. ਦੀ ਮਾਨਤਾ ਇਸ ਸੰਸਥਾ ਨੂੰ ਮਿਲ ਜਾਵੇਗੀ। ਸੰਸਥਾ ਐਨ.ਸੀ.ਸੀ. ਨੂੰ ਵੀ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸ਼ਾਮਿਲ ਕਰਨ ਲਈ ਯਤਨ ਕਰ ਰਹੀ ਹੈ ਤਾ ਜੋ ਬੱਚਿਆਂ ਦਾ ਭਵਿੱਖ ਉਜ਼ਵਲ ਹੋ ਸਕੇ। ਇਹ ਸੰਸਥਾ ਬਾਬਾ ਸੇਵਾ ਸਿੰਘ ਜੀ ਦੀ ਅਗਵਾਈ ਹੇਠ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ ।

**ਹਰਵਿੰਦਰ ਸਿੰਘ**
(ਪ੍ਰਿੰਸੀਪਲ - ਬੰਦੀ ਛੋੜ ਅਕੈਡਮੀ ਘਰਸੋਂਦੀ, ਗਵਾਲੀਅਰ)
9888833665




# ਬੰਦੀ ਛੋੜ ਅਕੈਡਮੀ, ਮੋਹਨਾ, ਮੱਧ ਪ੍ਰਦੇਸ਼




ਸਕੂਲ ਦੀਆਂ ਗਤੀਵਿਧੀਆਂ ਦੇ ਵੱਖ-ਵਖ ਦ੍ਰਿਸ਼



ਕਾਰ ਸੇਵਾ ਖਡੂਰ ਸਾਹਿਬ ਅਧੀਨ ਵੱਖ-ਵੱਖ ਸੰਸਥਾਵਾਂ ਕੰਮ ਕਰ ਰਹੀਆਂ ਹਨ । ਇਹ ਸੰਸਥਾਵਾਂ ਪੰਜਾਬ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਵੀ ਆਪਣੀਆਂ ਸੇਵਾਵਾਂ ਦੇ ਰਹੀਆਂ ਹਨ । ਮੱਧ ਪ੍ਰਦੇਸ਼ ਦੇ ਗਵਾਲੀਅਰ ਜ਼ਿਲ੍ਹੇ ਦੇ ਲਈ ਅਧੀਨ ਆਉਂਦੇ ਪਿੰਡ ਮੋਹਨਾ ਵਿੱਚ ਵੀ ਕਾਰ ਸੇਵਾ ਖਡੂਰ ਸਾਹਿਬ ਦੁਆਰਾ ਇਕ ਸੰਸਥਾ ਚਲਾਈ ਜਾ ਰਹੀ ਹੈ,ਜਿਸ ਦਾ ਨਾਮ ਬੰਦੀ ਛੋੜ ਅਕੈਡਮੀ ਸੀਨੀਅਰ ਸੈਕੰਡਰੀ ਸਕੂਲ ਮੋਹਨਾ ਹੈ। ਇਸ ਸੰਸਥਾ ਦੀ ਸਥਾਪਨਾ ਸਤਿਕਾਰ ਯੋਗ ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਨੇ 2004 ਵਿੱਚ ਕੀਤੀ ਸੀ। ਇਸ ਸੰਸਥਾ ਨੂੰ ਬਣਾਉਣ ਪਿੱਛੇ ਬਾਬਾ ਜੀ ਦਾ ਉਦੇਸ਼ ਇਹ ਸੀ ਕਿ ਇਸ ਇਲਾਕੇ ਦੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਉੱਚੀ ਤੇ ਸੁੱਚੀ ਸਿੱਖਿਆ ਮਿਲ ਸਕੇ। ਇਸੇ ਹੀ ਉਦੇਸ਼ ਸਦਕਾ ਇਹ ਸੰਸਥਾ ਮੱਧ ਪ੍ਰਦੇਸ਼ ਵਿੱਚ ਹੋਣ ਕਰਕੇ ਜਿੱਥੇ ਇਸ ਸੰਸਥਾ ਵਿੱਚ ਹਿੰਦੀ,ਅੰਗਰੇਜ਼ੀ,ਸੰਸਕ੍ਰਿਤ ਆਦਿ ਭਾਸ਼ਾਵਾਂ ਦਾ ਗਿਆਨ ਦਿੱਤਾ ਜਾਂਦਾ ਹੈ ਉੱਥੇ ਨਾਲ ਦੀ ਨਾਲ ਪੰਜਾਬੀ, ਧਰਮ ਅਧਿਐਨ, ਸਿੱਖ ਇਤਿਹਾਸ ਅਤੇ ਸੰਗੀਤ ਦੀ ਵਿੱਦਿਆ ਵੀ ਮੁਹੱਈਆ ਕਰਵਾਈ ਜਾਂਦੀ ਹੈ, ਤਾਂ ਕਿ ਇਥੋਂ ਦੇ ਲੋਕਾਂ ਨੂੰ ਹਰ ਪ੍ਰਕਾਰ ਦੀ ਭਾਸ਼ਾ ਦਾ ਗਿਆਨ ਮਿਲ ਸਕੇ । ਇਹ ਸਕੂਲ ਮੱਧ ਪ੍ਰਦੇਸ਼ ਐਜੂਕੇਸ਼ਨਲ ਬੋਰਡ ਨਾਲ ਸੰਬੰਧਿਤ ਹੈ ਅਤੇ ਕਾਰ ਸੇਵਾ ਖਡੂਰ ਸਾਹਿਬ , ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ,ਬੰਦੀ ਛੋੜ ਐਜੂਕੇਸ਼ਨਲ ਟਰੱਸਟ ਗਵਾਲੀਅਰ ਦੇ ਅਧੀਨ ਕੰਮ ਕਰ ਰਿਹਾ ਹੈ। ਇਹ ਸਕੂਲ ਮੱਧ ਪ੍ਰਦੇਸ਼ ਵਿੱਚ ਹੋਣ ਕਾਰਨ ਇੱਥੇ 5ਵੀਂ, 8ਵੀਂ ਅਤੇ 10ਵੀਂ ਦਾ ਪ੍ਰੀਖਿਆ ਸੈਂਟਰ ਵੀ ਬਣਿਆ ਹੋਇਆ ਹੈ ਅਤੇ ਸਾਲ 2024-25 ਵਿੱਚ 5ਵੀਂ, 8ਵੀਂ ਅਤੇ 10ਵੀਂ ਦਾ ਨਤੀਜਾ 100 ਫੀਸਦੀ ਰਿਹਾ ਹੈ ਤੇ ਆਸ ਹੈ ਆਉਣ ਵਾਲੇ ਸਮੇਂ ਵਿੱਚ ਇਹ ਨਤੀਜਾ ਇਸੇ ਤਰ੍ਹਾਂ ਹੀ ਕਾਇਮ ਰਹੇਗਾ ।

ਸਾਲ 2024 ਵਿੱਚ ਇਸ ਸਕੂਲ ਵਿੱਚ ਇੰਟਰ ਸਕੂਲ ਖੇਡ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਮੋਹਨਾ ਦੇ ਆਸ-ਪਾਸ ਦੇ ਤਿੰਨ ਸਕੂਲਾਂ ਨੇ ਹਿੱਸਾ ਲਿਆ ਅਤੇ ਕਬੱਡੀ ਤੇ ਖੋ -ਖੋ ਦੇ ਮੈਚ ਕਰਵਾਏ ਗਏ। ਜਿਸ ਵਿੱਚ ਬੰਦੀ ਛੋੜ ਅਕੈਡਮੀ ਮੋਹਨਾ ਦੀਆਂ ਤਿੰਨ ਟੀਮਾਂ ਨੇ ਮੱਲਾਂ ਮਾਰੀਆਂ ਅਤੇ ਪਹਿਲੇ ਸਥਾਨ 'ਤੇ ਰਹੇ । ਹਰ ਸਾਲ ਇਸ ਸਕੂਲ ਦੇ ਬੱਚੇ SGPC ਦੀ ਧਾਰਮਿਕ ਪ੍ਰੀਖਿਆ ਵਿੱਚ ਵੀ ਹਿੱਸਾ ਲੈ ਰਹੇ ਹਨ। 24 ਕਮਰਿਆਂ ਦੀ ਇਸ ਬਿਲਡਿੰਗ ਵਿੱਚ ਇੱਕ ਕੰਪਿਊਟਰ ਲੈਬ, ਇੱਕ ਸਾਇੰਸ ਲੈਬ ਵੀ ਹੈ , ਅਤੇ 800 ਦੇ ਉੱਪਰ ਇਸ ਸਕੂਲ ਵਿੱਚ ਬੱਚੇ ਵਿੱਦਿਆ ਹਾਸਿਲ ਕਰ ਰਹੇ ਹਨ । ਮਾਣ ਵਾਲੀ ਗੱਲ ਇਹ ਹੈ ਕਿ ਇਸ ਸਕੂਲ ਵਿੱਚ ਹਰ ਧਰਮ ਦਾ ਬੱਚਾ ਸਿੱਖਿਆ ਲੈ ਰਿਹਾ ਹੈ ਅਤੇ 32 ਅਧਿਆਪਕ ਬੱਚਿਆਂ ਨੂੰ ਵਿੱਦਿਆ ਗ੍ਰਹਿਣ ਕਰਵਾ ਰਹੇ ਹਨ। ਇਸ ਸਕੂਲ ਵਿੱਚ ਜਿੱਥੇ ਦੁਨਿਆਵੀ ਅਤੇ ਧਾਰਮਿਕ ਵਿੱਦਿਆ ਬੱਚਿਆਂ ਨੂੰ ਦਿੱਤੀ ਜਾਂਦੀ ਹੈ ਇਸ ਦੇ ਨਾਲ-ਨਾਲ ਬੱਚਿਆਂ ਨੂੰ ਸੇਵਾ ਅਤੇ ਸਿਮਰਨ ਨਾਲ ਵੀ ਜੋੜਿਆ ਜਾਂਦਾ ਹੈ ਅਤੇ ਸਮੇਂ-ਸਮੇਂ ਤੇ ਆਉਣ ਵਾਲੇ ਇਤਿਹਾਸਿਕ ਦਿਹਾੜਿਆਂ ਨੂੰ ਮਨਾਇਆ ਜਾਂਦਾ ਹੈ ਅਤੇ ਹਰ ਧਰਮ ਦਾ ਜੋ ਵੀ ਦਿਹਾੜਾ ਆਉਂਦਾ ਹੈ ਉਸ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਪਹਿਲਾਂ ਇਹ ਸਕੂਲ ਦਸਵੀਂ ਤੱਕ ਹੀ ਸੀ 2023 ਵਿੱਚ ਬਾਬਾ ਸੇਵਾ ਸਿੰਘ ਜੀ ਦੇ ਆਸ਼ੀਰਵਾਦ ਸਦਕਾ ਇਹ ਸਕੂਲ ਬਾਰਵੀਂ ਕਲਾਸ ਤੱਕ ਹੋ ਗਿਆ ਜਿਸ ਵਿੱਚ ਸਾਇੰਸ ,ਕਾਮਰਸ,ਆਰਟਸ,ਹੋਮ ਸਾਇੰਸ ਆਦਿ ਵਿਸ਼ੇ ਰੱਖੇ ਗਏ ਹਨ। ਸਮੇਂ-ਸਮੇਂ ਤੇ ਬੱਚਿਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨ ਲਈ ਵਾਤਾਵਰਨ ਕੈਂਪ ਅਤੇ ਬਿਮਾਰੀਆਂ ਤੋਂ ਬਚਾਉ ਲਈ ਮੈਡੀਕਲ ਕੈਂਪ ਵੀ ਲਗਾਏ ਜਾਂਦੇ ਹਨ । ਆਸ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹ ਸਕੂਲ ਨੂੰ ਹੋਰ ਵੀ ਬੁਲੰਦੀਆਂ ਤੇ ਪਹੁੰਚਾਵਾਂਗੇ ।

**ਪ੍ਰਿੰਸੀਪਲ ਡਾ. ਲਖਵਿੰਦਰ ਸਿੰਘ**
98892-74386

# ਗੁਰੂ ਹਰਿਗੋਬਿੰਦ ਪਬਲਿਕ ਸਕੂਲ

**ਬੂਟੀ-ਕੁਈਆਂ, ਗੋਹਦ, ਜ਼ਿਲ੍ਹਾ ਭਿੰਡ (ਮੱਧ ਪ੍ਰਦੇਸ਼)**




ਕਾਰ ਸੇਵਾ ਖਡੂਰ ਸਾਹਿਬ ਦੇ ਅਧੀਨ ਚੱਲ ਰਹੀਆਂ ਵੱਖ-ਵੱਖ ਸਿੱਖਿਆ ਸੰਸਥਾਵਾਂ ਨਾ ਸਿਰਫ਼ ਪੰਜਾਬ ਵਿੱਚ, ਸਗੋਂ ਪੰਜਾਬ ਤੋਂ ਬਾਹਰ ਵੀ ਸਿੱਖਿਆ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ। ਇਸ ਕੜੀ ਤਹਿਤ ਮੱਧ ਪ੍ਰਦੇਸ਼ ਵਿੱਚ ਵੀ ਕਾਰ ਸੇਵਾ ਦੇ ਅਧੀਨ ਕਈ ਸੰਸਥਾਵਾਂ ਅਤੇ ਵਿਦਿਆਲੇ ਚੱਲ ਰਹੇ ਹਨ, ਜਿਨ੍ਹਾਂ ਵਿੱਚ ਸ਼੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ, ਬੂਟੀ ਕੁਈਆਂ, ਗੋਹਦ (ਮੱਧ ਪ੍ਰਦੇਸ਼) ਵੀ ਸ਼ਾਮਲ ਹੈ। ਇਸ ਸਕੂਲ ਦੀ ਸਥਾਪਨਾ ਸਨ 1997 ਵਿੱਚ ਮੱਧ ਪ੍ਰਦੇਸ਼ ਬੋਰਡ ਤੋਂ ਮਾਨਤਾ ਪ੍ਰਾਪਤ ਕਰਕੇ ਕਾਰ ਸੇਵਾ ਦੇ ਅਧੀਨ ਕੀਤੀ ਗਈ। ਬਾਅਦ ਵਿੱਚ ਇਸ ਸਕੂਲ ਦਾ ਉਦਘਾਟਨ 22-01-1999 ਨੂੰ ਮਹਾਨ ਕਾਰ ਸੇਵਾ ਪੁਰਸਕਾਰ ਵਿਜੇਤਾ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰ ਮਾਨਯੋਗ ਐੱਮ.ਐੱਸ. ਗਿੱਲ ਜੀ ਵੱਲੋਂ ਕੀਤਾ ਗਿਆ।

ਜਨਵਰੀ 2025 ਦਾ ਮਹੀਨਾ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਲਈ ਮਾਣ ਅਤੇ ਖੁਸ਼ੀ ਲੈ ਕੇ ਆਇਆ, ਕਿਉਂਕਿ ਸਕੂਲ ਨੂੰ ਸੀ.ਬੀ.ਐੱਸ.ਈ. ਵੱਲੋਂ ਜਮਾਤ ਨਰਸਰੀ ਤੋਂ ਲੈ ਕੇ ਜਮਾਤ ਬਾਰ੍ਹਵੀਂ ਤੱਕ ਮਾਨਤਾ ਪ੍ਰਾਪਤ ਹੋ ਗਈ। ਇਹ ਉਪਲਬਧੀ ਪ੍ਰਬੰਧਕਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਨਿਸ਼ਠਾ ਅਤੇ ਸਮਰਪਣ ਨੂੰ ਦਰਸਾਉਂਦੀ ਹੈ। ਸੀ.ਬੀ.ਐੱਸ.ਈ. ਮਾਨਤਾ ਗੁਣਵੱਤਾ ਭਰੀ ਸਿੱਖਿਆ ਅਤੇ ਬਿਹਤਰ ਸਿੱਖਿਆਤਮਕ ਮੌਕਿਆਂ ਦੀ ਗਾਰੰਟੀ ਦਿੰਦੀ ਹੈ। ਇਹ ਸਕੂਲ ਹਰ ਬੱਚੇ ਦੇ ਸਰਬਾਂਗੀ ਅਤੇ ਉੱਤਮ ਵਿਕਾਸ ਲਈ ਵਚਨਬੱਧ ਹੈ।

ਇਹ ਵਿਦਿਆਲੇ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸਿੱਖਿਆ ਪ੍ਰਸਾਰ ਸਮਿਤੀ, ਬੂਟੀ ਕੁਈਆਂ, ਗੋਹਦ ਵੱਲੋਂ ਚਲਾਇਆ ਜਾਂਦਾ ਹੈ। ਇੱਥੇ ਹਰ ਧਰਮ ਦੇ ਵਿਦਿਆਰਥੀ ਪੂਰੀ ਲਗਨ ਅਤੇ ਮਿਹਨਤ ਨਾਲ ਸ਼ਿੱਖਿਆ ਪ੍ਰਾਪਤ ਕਰ ਰਹੇ ਹਨ। ਗੁਰੂ ਹਰਿਗੋਬਿੰਦ ਪਬਲਿਕ ਸਕੂਲ ਵਿੱਚ ਲਗਭਗ 45 ਅਧਿਆਪਕ ਹਨ ਜੋ ਬੱਚਿਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਦੇ ਹਨ।

ਵਿਹਾਰਿਕ ਸਿੱਖਿਆ ਲਈ ਸਕੂਲ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੀਆਂ ਪ੍ਰਯੋਗਸ਼ਾਲਾਵਾਂ ਉਪਲਬਧ ਹਨ। ਇਹ ਸਕੂਲ ਨਰਸਰੀ ਤੋਂ 12ਵੀਂ ਕਲਾਸ ਤੱਕ ਚੱਲਦਾ ਹੈ। 11ਵੀਂ ਅਤੇ 12ਵੀਂ ਕਲਾਸ ਵਿੱਚ ਪੇਂਟਿੰਗ, ਯੋਗਾ, ਕਾਮਰਸ, ਮੈਡੀਕਲ ਅਤੇ ਗੈਰ-ਮੈਡੀਕਲ ਵਿਸ਼ਿਆਂ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਸਕੂਲ ਵਿੱਚ ਲਗਭਗ 50 ਕਮਰੇ ਹਨ ਅਤੇ ਕੁੱਲ ਵਿਦਿਆਰਥੀਆਂ ਦੀ ਗਿਣਤੀ ਕਰੀਬ 10000 ਹੈ।

ਬਿਹਤਰ ਸਿੱਖਿਆ ਦੇ ਲਈ ਸਮਾਰਟ ਕਲਾਸਾਂ ਦੀ ਵਿਵਸਥਾ ਕੀਤੀ ਗਈ ਹੈ। ਵਿਦਿਆਰਥੀਆਂ ਦੀਆਂ ਮੂਲ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਸਾਫ਼ ਅਤੇ ਸੁੱਧ ਪਾਣੀ ਦੀ ਖ਼ਾਸ ਵਿਵਸਥਾ ਹੈ। ਬੱਚਿਆਂ ਦੇ ਖੇਡਣ ਲਈ ਵੱਡੇ ਅਤੇ ਸੁਵਿਧਾਜਨਕ ਮੈਦਾਨ ਹਨ, ਜਿੱਥੇ ਸਕੂਲ ਦੇ ਸਰੀਰਿਕ ਪ੍ਰਸ਼ਿਕਸ਼ਕ ਅਤੇ ਅਧਿਆਪਕ ਬੱਚਿਆਂ ਨੂੰ ਵਾਲੀਬਾਲ, ਕ੍ਰਿਕਟ, ਚੈੱਸ, ਕਰਾਟੇ, ਆਦਿ ਖੇਡਾਂ ਦੀ ਟ੍ਰੇਨਿੰਗ ਦਿੰਦੇ ਹਨ।

**ਹੋਰ ਗਤੀਵਿਧੀਆਂ:**

ਸਿੱਖਿਆ ਦੇ ਨਾਲ-ਨਾਲ ਇਸ ਸਕੂਲ ਵਿੱਚ ਧਾਰਮਿਕ ਸਿੱਖਿਆ ਦੀ ਵੀ ਵਿਸ਼ੇਸ਼ ਵਿਵਸਥਾ ਹੈ, ਜਿਸ ਵਿੱਚ ਹਰ ਧਰਮ ਬਾਰੇ ਉਚਿਤ ਅਤੇ ਸੁਚੱਜੀ ਜਾਣਕਾਰੀ ਦਿੱਤੀ ਜਾਂਦੀ ਹੈ। ਵਿਦਿਆਰਥੀ ਧਾਰਮਿਕ ਗਤੀਵਿਧੀਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਜਿੱਥੇ ਸਕੂਲ ਵਿੱਚ ਯੋਗਾ, ਪੇਂਟਿੰਗ, ਮੈਡੀਕਲ, ਗੈਰ-ਮੈਡੀਕਲ ਅਤੇ ਕਾਮਰਸ ਵਿਸ਼ੇ ਪੜ੍ਹਾਏ ਜਾਂਦੇ ਹਨ, ਉੱਥੇ ਧਾਰਮਿਕ ਸਿੱਖਿਆ ਅਤੇ ਪੰਜਾਬੀ ਲਾਜ਼ਮੀ ਵਿਸ਼ੇ ਹਨ। ਇਸ ਸਕੂਲ ਵਿੱਚ ਹਰੇਕ ਬੱਚੇ ਨੂੰ ਆਪਣਾ ਸਿਰ ਢੱਕਣਾ ਲਾਜ਼ਮੀ ਹੈ। ਸਿੱਖ ਬੱਚਿਆਂ ਲਈ ਕੇਸਰੀ ਪੱਗ ਤੇ ਸੁਰਮਈ ਚੁੰਨੀ ਜ਼ਰੂਰੀ ਹਨ ਉਥੇ ਹੀ ਗੈਰ ਸਿੱਖ ਬੱਚਿਆਂ ਲਈ ਕੇਸਰੀ ਪਟਕਾ ਸਕੂਲ ਦੀ ਡ੍ਰੈਸ ਵਿੱਚ ਸ਼ਾਮਿਲ ਹਨ।

ਵੱਖ-ਵੱਖ ਧਾਰਮਿਕ ਅਤੇ ਸੱਭਿਆਚਾਰਕ ਤਿਉਹਾਰ ਬਹੁਤ ਹੀ ਸੁਚੱਜੇ ਢੰਗ ਨਾਲ ਮਨਾਏ ਜਾਂਦੇ ਹਨ। ਸਾਲਾਨਾ ਇਮਤਿਹਾਨਾਂ ਤੋਂ ਇਲਾਵਾ ਵਿਦਿਆਰਥੀ ਧਾਰਮਿਕ ਮੁਕਾਬਲਿਆਂ ਵਿੱਚ ਭਾਗ ਲੈਂਦੇ ਹਨ ਅਤੇ ਉਪਲਬਧੀਆਂ ਹਾਸਲ ਕਰਦੇ ਹਨ। ਦਾਤਾ ਬੰਦੀ ਛੋੜ ਦਿਵਸ ਮੌਕੇ ਅੱਸੂ ਦੀ ਮੱਸਿਆ ਤੇ ਸਾਲਾਨਾ ਧਾਰਮਿਕ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਸਕੂਲ ਨੇ ਕਾਵਿ ਸਮੂਹ ਮੁਕਾਬਲੇ ਵਿੱਚ ਪਹਿਲਾ ਸਥਾਨ, ਕੁਇਜ਼ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।

ਗੁਰੂ ਹਰਿਗੋਬਿੰਦ ਪਬਲਿਕ ਸਕੂਲ ਨੇ 9ਵੀਂ ਰਾਸ਼ਟਰੀ ਕੁੰਗ ਫੂ ਚੈਂਪੀਅਨਸ਼ਿਪ (ਸੂਰਤ, ਗੁਜਰਾਤ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਮਾਣ ਵਧਾਇਆ। ਸਕੂਲ ਦੀ ਯੁਵਾ ਮਾਰਸ਼ਲ ਆਰਟ ਟੀਮ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈ ਕੇ ਅਨੁਸ਼ਾਸਨ, ਹੁਨਰ ਅਤੇ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਟੀਮ ਨੇ 14 ਸੋਨ ਤਮਗੇ, 27 ਚਾਂਦੀ ਦੇ ਤਮਗੇ ਅਤੇ 5 ਕਾਂਸੀ ਦੇ ਤਮਗੇ ਜਿੱਤੇ।

ਸਕੂਲ ਪ੍ਰਬੰਧਕਾਂ ਨੇ ਸਾਰੇ ਵਿਦਿਆਰਥੀਆਂ ਅਤੇ ਪ੍ਰਸ਼ਿਕਸ਼ਕਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਇਸ ਅਸਾਧਾਰਨ ਉਪਲਬਧੀ 'ਤੇ ਮਾਣ ਪ੍ਰਗਟ ਕੀਤਾ। ਸਕੂਲ ਦੇ ਪ੍ਰਿੰਸੀਪਲ ਜੀ ਨੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਵਿਦਿਆਰਥੀਆਂ ਨੂੰ ਨਾ ਸਿਰਫ਼ ਅਕਾਦਮਿਕ ਖੇਤਰ ਵਿੱਚ, ਸਗੋਂ ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਵੀ ਬਹੁਤ ਉੱਚਾ ਦਰਜਾ ਹਾਸਲ ਕਰਨ ਲਈ ਪ੍ਰੇਰਿਤ ਕਰਦਾ ਰਹੇਗਾ। ਇਹ ਜਿੱਤ ਸਕੂਲ ਲਈ ਇੱਕ ਮਹੱਤਵਪੂਰਨ ਉਪਲਬਧੀ ਹੈ।

**ਪ੍ਰਿੰਸੀਪਲ ਮੀਨਾਕਸ਼ੀ ਕੌਰ**
**94256-19353**


ਲਾਇਬ੍ਰੇਰੀ


ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



ਕਾਰ ਸੇਵਾ ਖਡੂਰ ਸਾਹਿਬ ਦੁਆਰਾ ਧਾਰਮਿਕ, ਵਿਦਿਅਕ ਖੇਤਰ ਵਿੱਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਵਿੱਚ ਇਹ ਗੁਰਮੁੱਖ ਪਿਆਰੇ ਨਿਸ਼ਕਾਮ ਸਹਿਯੋਗ ਦੇ ਰਹੇ ਹਨ। ਵੱਖ-ਵੱਖ ਖੇਤਰਾਂ ਵਿੱਚ ਸੇਵਾਵਾਂ ਨਿਭਾਅ ਰਹੀਆਂ ਜਾਂ ਨਿਭਾਅ ਚੁੱਕੀਆਂ ਇਹ ਸਖ਼ਸ਼ੀਅਤਾਂ ਆਪਣੇ ਕਿੱਤੇ ਦੇ ਕੀਮਤੀ ਤਜ਼ਰਬੇ ਰਾਹੀਂ ਸੰਸਥਾ ਦੇ ਇਨ੍ਹਾਂ ਕਾਰਜਾਂ ਨੂੰ ਹੋਰ ਪ੍ਰਫੁਲਿਤਾ ਵੱਲ ਲੈ ਕੇ ਜਾ ਰਹੀਆਂ ਹਨ। ਗੁਰੂ ਸਾਹਿਬ ਜੀ ਇਸੇ ਤਰਾਂ ਇਨ੍ਹਾਂ ਗੁਰਮੁਖ ਪਿਆਰਿਆਂ ਨੂੰ ਸੇਵਾਵਾਂ ਨਿਭਾਉਣ ਦਾ ਬਲ ਉੱਦਮ ਬਖਸ਼ਿਸ਼ ਕਰਨ ਜੀ।

## ਅਧਿਆਪਕ ਚੋਣ ਕਮੇਟੀ

❖ ਪ੍ਰੋ. ਭੁਪਿੰਦਰ ਸਿੰਘ ਜੀ ਸੇਠੀ (ਰਿਟਾ.) ਪ੍ਰੋ. ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ

❖ ਸ੍ਰ. ਨਿਰੰਜਣ ਸਿੰਘ ਜੀ ਖੁਰਾਣਾ (ਰਿਟਾ.) ਡਿਪਟੀ ਡੀ.ਈ.ਓ.

## ਇਮਾਰਤ ਸਾਜ਼ੀ ਵਾਲੀ ਕਮੇਟੀ

❖ ਆਰਕੀਟੈਕਟ ਸ੍ਰ. ਮਹਿੰਦਰਜੀਤ ਸਿੰਘ ਜੀ (ਸ੍ਰੀ ਅੰਮ੍ਰਿਤਸਰ ਸਾਹਿਬ)

❖ ਇੰਜ. ਸ੍ਰ. ਨਰਿੰਦਰਜੀਤ ਸਿੰਘ ਜੀ (ਸ੍ਰੀ ਅੰਮ੍ਰਿਤਸਰ ਸਾਹਿਬ)

❖ ਇੰਜ. ਸ੍ਰ ਬਲਜੀਤ ਸਿੰਘ ਜੀ (ਜਲੰਧਰ)

❖ ਆਰਕੀਟੈਕਟ ਅਰਵਿੰਦ ਸ਼ਾਹ ਜੀ (ਗਵਾਲੀਅਰ, ਮੱਧ ਪ੍ਰਦੇਸ਼)

## ਪੁਰਾਤਤਵ ਵਿਭਾਗ ਵੱਲੋਂ ਸਹਿਯੋਗੀ

❖ ਸ੍ਰ. ਰਜਿੰਦਰ ਸਿੰਘ ਜੀ ਬਾਠ (ਰਿਟਾ.) ਪੁਰਾਤੱਤਵ ਅਫਸਰ, ਡਿਪਟੀ ਡਾਇਰੈਕਟਰ, ਪੁਰਾਤੱਤਵ ਵਿਭਾਗ

❖ ਪ੍ਰੋ. ਬਲਵਿੰਦਰ ਸਿੰਘ ਜੀ (ਰਿਟਾ.) ਹੈੱਡ ਆਫ ਗੁਰੂ ਰਾਮਦਾਸ ਸਕੂਲ ਆਫ ਪਲੈਨਿੰਗ, ਗੁਰੂ ਨਾਨਕ ਦੇਵ ਯੂਨੀਵਰਸਿਟੀ

## ਧਾਰਮਿਕ ਵਿਦਿਆ ਲਈ ਬੋਰਡ ਆਫ ਸਟੱਡੀ

❖ ਡਾ. ਬਲਵੰਤ ਸਿੰਘ ਜੀ ਢਿੱਲੋਂ ਸਾਬਕਾ ਮੁਖੀ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ।

❖ ਡਾ. ਅਮਰਜੀਤ ਸਿੰਘ ਜੀ ਡਾਇਰੈਕਟਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ (ਗੁਰੂ ਨਾਨਕ ਦੇਵ ਯੂਨੀਵਰਸਿਟੀ)

❖ ਡਾ. ਇੰਦਰਜੀਤ ਸਿੰਘ ਜੀ ਗੋਗੋਆਣੀ ਪ੍ਰਿੰਸੀਪਲ ਖਾਲਸਾ ਸਕੂਲ

❖ ਪ੍ਰੋ. ਬ੍ਰਿਜਪਾਲ ਸਿੰਘ ਜੀ ਸਾਬਕਾ ਪ੍ਰੋ. ਗਰੂ ਅੰਗਦ ਦੇਵ ਕਾਲਜ਼ ਖਡੂਰ ਸਾਹਿਬ।

## ਐਨ.ਡੀ.ਏ ਵਿਚ ਸੇਵਾ ਨਿਭਾਅ ਰਹੇ

❖ ਮੇਜਰ ਜਨਰਲ ਬਲਵਿੰਦਰ ਸਿੰਘ ਰਿਟਾ. (ਡਾਇਰੈਕਟਰ)

❖ ਕਰਨਲ ਗੁਰਮੀਤ ਸਿੰਘ ਰਿਟਾ. (ਡਿਪਟੀ ਡਾਇਰੈਕਟਰ)

❖ ਕਰਨਲ ਤਜਿੰਦਰ ਸਿੰਘ ਕਾਹਲੋਂ ਰਿਟਾ. (ਇੰਟਰਵਿਊ ਆਫਿਸਰ)

❖ ਕਰਨਲ ਕੰਵਲਜੀਤ ਸਿੰਘ ਪਾਬਲਾ ਰਿਟਾ. (ਜੀ.ਟੀ.ਓ)

# ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਾਤਾਵਰਨ ਸੰਭਾਲ ਜਲਵਾਯੂ ਤਬਦੀਲੀ ਅਤੇ ਜੈਵਿਕ ਖੇਤੀ ਆਧਾਰਿਤ ਵਿਚਾਰ ਗੋਸ਼ਟੀਆਂ





ਵਾਤਾਵਰਨ ਸੰਭਾਲ ਮੁਹਿੰਮ 25 ਸਾਲਾ ਸਮਾਗਮ ਦੇ ਵੱਖ-ਵੱਖ ਦ੍ਰਿਸ਼

ਕਿਸੇ ਵੀ ਕਾਰਜ ਦੀ ਯੋਜਨਾਬੰਦੀ, ਕਾਰਜਸ਼ੀਲਤਾ ਅਤੇ ਸਫ਼ਲਤਾਪੂਰਵਕ ਸੰਪੂਰਨਤਾ ਉਸ ਵੇਲੇ ਹੋਰ ਵੀ ਸੁਚੱਜੇ ਢੰਗ ਨਾਲ ਸਿਰੇ ਚੜ੍ਹਦੀ ਹੈ ਜਦੋਂ ਅਕਾਲ ਪੁਰਖ ਵਾਹਿਗੁਰੂ ਦੀ ਬਖ਼ਸ਼ਿਸ਼ ਨਾਲ ਉਸ ਕਾਰਜ ਨੂੰ ਸਮਰਪਿਤ ਸੁਹਿਰਦ ਸ਼ਖ਼ਸੀਅਤਾਂ ਗੁਰੂ ਚਰਨਾਂ ਦਾ ਓਟ ਆਸਰਾ ਲੈ ਕੇ ਆਪਸ ਵਿੱਚ ਮਿਲ ਬੈਠ ਕੇ ਵਿਚਾਰਾਂ ਅਤੇ ਤੱਥਾਂ ਦੀ ਸਾਂਝ ਪਾਉਂਦੀਆਂ ਹਨ। ਇਸ ਸਭ ਦਾ ਮੁੱਖ ਮੰਤਵ ਸੰਬੰਧਿਤ ਖੇਤਰ ਦੇ ਗਿਆਨ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਣਾ ਅਤੇ ਕਾਰਜ ਖੇਤਰਾਂ ਦੇ ਅਹਿਮ ਤਜ਼ਰਬੇ ਸਾਂਝੇ ਕਰਨਾ ਹੁੰਦਾ ਹੈ ਤਾਂ ਜੋ ਉਸ ਖੇਤਰ ਵਿੱਚ ਹੋਰ ਵੀ ਤਨਦੇਹੀ ਨਾਲ ਅੱਗੇ ਵਧਿਆ ਜਾ ਸਕੇ। ਇਸੇ ਦੇ ਅੰਤਰਗਤ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵਾਤਾਵਰਨ ਸੰਭਾਲ, ਜਲਵਾਯੂ ਤਬਦੀਲੀ ਅਤੇ ਜੈਵਿਕ ਖੇਤੀ ਵਰਗੇ ਅਤਿ ਮਹੱਤਵਪੂਰਨ ਵਿਸ਼ਿਆਂ ਉੱਪਰ ਸਮੇਂ-ਸਮੇਂ ਜ਼ਿਲ੍ਹਾ, ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਵਿਚਾਰ-ਗੋਸ਼ਟੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹਨਾਂ ਵਿਚਾਰ ਗੋਸ਼ਟੀਆਂ ਵਿੱਚ ਵਿਸ਼ੇ ਨਾਲ ਸੰਬੰਧਿਤ ਖੇਤਰ ਦੀਆਂ ਉੱਚ ਕੋਟੀ ਸ਼ਖ਼ਸੀਅਤਾਂ, ਵਿਦਵਾਨ, ਵਿਭਾਗੀ ਅਧਿਕਾਰੀ ਅਤੇ ਵਿਸ਼ਾ ਮਾਹਰ ਇਕੱਠੇ ਹੋ ਕੇ ਮਹੱਤਵਪੂਰਨ ਤੱਥ, ਜਾਣਕਾਰੀ, ਖੋਜਾਂ, ਸੰਭਾਵਨਾਵਾਂ, ਚੁਣੌਤੀਆਂ, ਕਾਰਜ ਵਿਧੀਆਂ ਅਤੇ ਤਜ਼ਰਬਿਆਂ ਦੀ ਸਾਂਝ ਪਾਉਣ ਵਾਸਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਦੇ ਹਨ। ਇਹਨਾਂ ਗੋਸ਼ਟੀਆਂ ਵਿੱਚ ਵੱਖ-ਵੱਖ ਇਲਾਕਿਆਂ ਦੇ ਸਰਪੰਚ, ਪੰਚ, ਮੋਹਤਬਰ ਅਤੇ ਕਿਸਾਨ ਭਰਾਵਾਂ ਸਮੇਤ ਵਾਤਾਵਰਨ ਪ੍ਰੇਮੀ ਵੀ ਹਾਜ਼ਰੀ ਭਰ ਕੇ ਭਰਪੂਰ ਲਾਹਾ ਪ੍ਰਾਪਤ ਕਰਦੇ ਹਨ।ਇਸ ਉਪਰਾਲੇ ਦੇ ਅੰਤਰਗਤ ਸੰਸਥਾ ਵੱਲੋਂ ਪਿਛਲੇ ਸਮੇਂ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਹੇਠ ਦਿੱਤੇ ਅਨੁਸਾਰ ਵਿਚਾਰ ਗੋਸ਼ਟੀਆਂ ਦਾ ਆਯੋਜਨ ਕੀਤਾ ਗਿਆ ਹੈ :

### 1. ਵਾਤਾਵਰਨ ਸੰਭਾਲ ਮੁਹਿੰਮ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ 25 ਸਾਲਾ ਸਮਾਗਮ

ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਗੁਰਪੁਰਬ ਸਮਾਗਮਾਂ ਨੂੰ ਸਮਰਪਿਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ 13 ਅਗਸਤ ਸੰਨ 1999 ਨੂੰ ਆਰੰਭ ਕੀਤੀ ਵਾਤਾਵਰਨ ਸੰਭਾਲ ਮੁਹਿੰਮ ਦੇ 25 ਸਾਲਾ ਨੂੰ ਸਮਰਪਿਤ ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮਾਣਯੋਗ ਜਸਟਿਸ ਸ. ਗੁਰਪਾਲ ਸਿੰਘ ਜੀ ਆਹਲੂਵਾਲੀਆ (ਜੱਜ ਮੱਧ-ਪ੍ਰਦੇਸ਼ ਹਾਈ ਕੋਰਟ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ. ਨਿਰਮਲਜੀਤ ਸਿੰਘ ਰੰਧਾਵਾ (ਮੁੱਖ ਵਣਪਾਲ, ਮੈਦਾਨੀ ਇਲਾਕਾ, ਪੰਜਾਬ) ਅਤੇ ਡਾ. ਜਸਦੇਵ ਸਿੰਘ ਰਾਏ ਯੂ.ਕੇ. (ਡਾਇਰੈਕਟਰ ਐੱਸ.ਐੱਚ.ਆਰ.ਜੀ. ਲੰਡਨ) ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼ ਖਡੂਰ ਸਾਹਿਬ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਸ਼ਬਦ ਦਾ ਗਾਇਨ ਕਰਕੇ ਪ੍ਰੰਪਰਾਗਤ ਤਰੀਕੇ ਨਾਲ ਸਮਾਗਮ ਦੀ ਆਰੰਭਤਾ ਕੀਤੀ ਗਈ। ਸੰਸਥਾ ਦੇ ਵਾਤਾਵਰਨ ਵਿਭਾਗ ਦੇ ਡਾਇਰੈਕਟਰ ਸ. ਜਸਵਿੰਦਰ ਪਾਲ ਸਿੰਘ ਨੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਸਮੇਤ ਹਾਜ਼ਿਰ ਸਾਰੀ ਸੰਗਤ ਨੂੰ ਜੀ ਆਇਆਂ ਕਿਹਾ। ਉਪਰੰਤ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਦੇ ਸਮੂਹ ਵਾਤਾਵਰਨ ਸੰਭਾਲ ਅਤੇ ਜਲਵਾਯੂ ਤਬਦੀਲੀ ਨਾਲ ਸੰਬੰਧਿਤ ਕਾਰਜਾਂ ਉੱਪਰ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਸੰਖੇਪ ਝਾਤ ਪਾਈ ਗਈ। ਮੁੱਖ ਵਣਪਾਲ ਸ. ਨਿਰਮਲਜੀਤ ਸਿੰਘ ਜੀ ਰੰਧਾਵਾ ਨੇ ਜੈਵਿਕ ਵਿਭਿੰਨਤਾ ਦੀ ਸਾਂਭ-ਸੰਭਾਲ ਅਤੇ ਉਸਦੇ ਮਹੱਤਵ ਤੇ ਗੱਲ ਕਰਦਿਆਂ ਸੰਸਥਾ ਦੁਆਰਾ ਕੀਤੇ ਜਾ ਰਹੇ ਵਾਤਾਵਰਨ ਕਾਰਜਾਂ ਵਿੱਚ ਸੰਗਤ ਦੀ ਸ਼ਮੂਲੀਅਤ, ਸਹਿਯੋਗ ਅਤੇ ਯੋਗਦਾਨ ਦੀ ਅਹਿਮ ਭੂਮਿਕਾ ਉੱਪਰ ਵਿਸਤ੍ਰਿਤ ਚਾਨਣਾ ਪਾਇਆ। ਡਾ. ਜਸਦੇਵ ਸਿੰਘ ਰਾਏ (ਐੱਸ.ਐੱਸ.ਆਰ.ਜੀ.) ਲੰਡਨ ਨੇ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਦੇ ਵਾਤਾਵਰਨ ਕਾਰਜਾਂ ਦੀ ਸਫ਼ਲਤਾ 'ਤੇ ਗੱਲ ਕਰਦਿਆਂ ਇਨ੍ਹਾਂ ਦੀ ਵਿਸ਼ਵ ਪੱਧਰੀ ਪਹੁੰਚ ਦੀ ਵਕਾਲਤ ਕੀਤੀ। ਉਨ੍ਹਾਂ ਨੇ ਦੁਨੀਆਂ ਦੇ ਸਭ ਤੋਂ ਵੱਡੇ ਜਲਵਾਯੂ ਸੰਮੇਲਨ ਵਿੱਚ ਸੰਸਥਾ ਦੀ ਭਾਗੀਦਾਰੀ ਅਤੇ ਕਾਰਜਸ਼ੀਲਤਾ ਦੇ ਪ੍ਰਭਾਵਾਂ ਨੂੰ ਸੰਗਤ ਦੇ ਸਾਹਮਣੇ ਰੱਖਿਆ। ਇਸ ਦੌਰਾਨ ਸੰਸਥਾ ਦੇ ਅੰਤਰਗਤ ਵੱਖ-ਵੱਖ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਵਾਤਾਵਰਨ ਅਤੇ ਜਲਵਾਯੂ ਤਬਦੀਲੀ ਆਧਾਰਿਤ ਭਾਸ਼ਣ ਅਤੇ ਕਵਿਤਾ ਦੀ ਸਾਂਝ ਵੀ ਪਾਈ।ਵਾਤਾਵਰਨ ਮੁਹਿੰਮ ਦੇ 25 ਸਾਲਾ ਨੂੰ ਸਮਰਪਿਤ ਅੰਤਰ-ਸੰਸਥਾ ਭਾਸ਼ਣ ਅਤੇ ਚਿੱਤਰਕਲਾ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵੱਲੋਂ ਇਨਾਮ ਅਤੇ ਤਸਦੀਕ ਪੱਤਰ ਤਕਸੀਮ ਕੀਤੇ ਗਏ। ਇਸਦੇ ਨਾਲ ਹੀ ਸੰਸਥਾ ਦੇ ਵਾਤਾਵਰਨ ਪ੍ਰੋਜੈਕਟਾਂ ਵਿੱਚ ਕਾਰਜਸ਼ੀਲ ਵੱਖ-ਵੱਖ ਜਥਿਆਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਉਪਰੰਤ ਮੁੱਖ ਮਹਿਮਾਨ ਮਾਣਯੋਗ ਜਸਟਿਸ ਸ. ਗੁਰਪਾਲ ਸਿੰਘ ਜੀ ਆਹਲੂਵਾਲੀਆ ਨੇ ਵਾਤਾਵਰਨ ਵਿੱਚ ਪੈ ਰਹੇ ਵਿਗਾੜ ਕਾਰਨ ਗੰਭੀਰ ਸਿੱਟਿਆਂ ਅਤੇ ਮਾਰੂ ਪ੍ਰਭਾਵਾਂ ਉੱਪਰ ਗੱਲਬਾਤ ਕਰਦਿਆਂ ਬਾਖੂਬੀ ਢੰਗ ਨਾਲ ਇਸ ਪ੍ਰਤੀ ਮਨੁੱਖੀ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ। ਉਹਨਾਂ ਕੁਦਰਤ ਦੀ ਸਾਂਭ-ਸੰਭਾਲ ਵਾਸਤੇ ਆਪਣੇ ਫਰਜ਼ਾਂ ਨੂੰ ਪਹਿਚਾਣਦਿਆਂ ਸਾਰਿਆਂ ਨੂੰ ਤੱਤਪਰ ਰਹਿਣ ਵਾਸਤੇ ਪ੍ਰੇਰਦਿਆਂ ਬਾਬਾ ਸੇਵਾ ਸਿੰਘ ਜੀ ਦੁਆਰਾ ਸੰਗਤ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਵਾਤਾਵਰਨ ਕਾਰਜਾਂ ਦੀ ਸ਼ਲਾਘਾ ਕੀਤੀ। ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਨੇ ਸੰਬੋਧਨ ਕਰਦਿਆਂ 1999 ਤੋਂ ਵਾਤਾਵਰਨ ਕਾਰਜਾਂ ਵਿੱਚ ਸ਼ਾਮਿਲ ਵੱਖ-ਵੱਖ ਸਹਿਯੋਗੀਆਂ ਅਤੇ ਸੰਗਤਾਂ ਦੇ ਯੋਗਦਾਨ ਅਤੇ ਉਪਰਾਲਿਆਂ ਉੱਪਰ ਵਿਸਥਾਰ



**ਡਾ. ਜਸਦੇਵ ਸਿੰਘ ਰਾਏ**
(ਐਸ.ਐਚ.ਆਰ.ਜੀ ਲੰਡਨ, ਯੂ.ਕੇ)



**ਮਾਣਯੋਗ ਜਸਟਿਸ**
**ਸ਼੍ਰੀ ਆਦਰਸ਼ ਕੁਮਾਰ ਗੋਇਲ**
(ਸਾਬਕਾ ਜੱਜ ਸੁਪਰੀਮ ਕੋਰਟ ਆਫ਼ ਇੰਡੀਆ ਅਤੇ ਸਾਬਕਾ ਚੇਅਰਪਰਸਨ ਨੈਸ਼ਨਲ ਗ੍ਰੀਨ ਟ੍ਰਿਬਿਊਨਲ)



**ਮਾਣਯੋਗ ਜਸਟਿਸ**
**ਡਾ. ਅਕਸ਼ੇ ਕੁਮਾਰ ਰਾਠ**
(ਸਾਬਕਾ ਜੱਜ ਓੜੀਸਾ ਹਾਈਕੋਰਟ)



**ਐਲਬਰਟ ਬਾਰਸੇਗਿਆਨ**
ਐਸ.ਐਚ.ਆਰ.ਜੀ ਲੰਡਨ

ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਸਾਰਿਆਂ ਨੂੰ ਵਾਤਾਵਰਨ ਅਤੇ ਕੁਦਰਤ ਦੀ ਸਾਂਭ-ਸੰਭਾਲ ਵਾਸਤੇ ਗੁਰਬਾਣੀ ਉਪਦੇਸ਼ਾਂ ਤੋਂ ਸੇਧ ਪ੍ਰਾਪਤ ਕਰਨ ਲਈ ਪ੍ਰੇਰਿਆ। ਅੰਤ ਵਿੱਚ ਬਾਬਾ ਜੀ ਨੇ ਆਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ, ਐੱਸ.ਡੀ.ਐੱਮ. ਖਡੂਰ ਸਾਹਿਬ, ਵੱਖ-ਵੱਖ ਪਿੰਡਾਂ ਦੇ ਪੰਚਾਂ-ਸਰਪੰਚਾਂ ਅਤੇ ਦੂਰੋਂ ਨੇੜਿਓਂ ਆਈ ਸਮੂਹ ਸੰਗਤ ਦਾ ਧੰਨਵਾਦ ਕੀਤਾ।

**2. 21 ਮਾਰਚ 2024 ਅੰਤਰਰਾਸ਼ਟਰੀ ਜੰਗਲਾਤ ਦਿਵਸ ਮਨਾਇਆ**



ਪੰਜਾਬ ਰਾਜ ਦੇ ਜਿਲ੍ਹਾ ਵਣ ਅਧਿਕਾਰੀ ਕਾਰਜਸ਼ਾਲਾ ਦੌਰਾਨ

ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਅੰਤਰਰਾਸ਼ਟਰੀ ਜੰਗਲਾਤ ਦਿਵਸ ਨੂੰ ਸਮਰਪਿਤ ਗੁਰੂ ਨਾਨਕ ਯਾਦਗਾਰੀ ਜੰਗਲ ਨੰਬਰ 290 ਲਗਾਇਆ ਗਿਆ। ਇਸ ਮੌਕੇ ਵਾਤਾਵਰਨ ਸੰਭਾਲ ਕਾਰਜਾਂ ਦੀ ਸ਼ੁਰੂਆਤ ਦੇ 25ਵੀਂ ਸਾਲ ਅਤੇ 550 ਗੁਰੂ ਨਾਨਕ ਯਾਦਗਾਰੀ ਜੰਗਲ ਲਾਉਣ ਦਾ 50% ਟੀਚਾ ਮੁਕੰਮਲ ਹੋਣ ਤੇ ਸਮਾਰੋਹ ਕਰਵਾਇਆ ਗਿਆ ਇਸ ਮੌਕੇ ਸੰਸਥਾ ਵੱਲੋਂ ਤਿਆਰ ਪੇਸ਼ਕਾਰੀ ਦਿਖਾਈ ਅਤੇ ਵਾਤਾਵਰਣ ਸੰਭਾਲ ਵਿੱਚ ਪਾਏ ਯੋਗਦਾਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਪਰੰਤ ਆਏ ਹੋਏ ਵਿਸ਼ੇਸ਼ ਮਹਿਮਾਨ ਸ. ਨਿਰਮਲਜੀਤ ਸਿੰਘ ਰੰਧਾਵਾ ਆਈ.ਐਫ.ਐਸ. ਮੁੱਖ ਵਣਪਾਲ (ਮੈਦਾਨੀ ਇਲਾਕਾ) ਪੰਜਾਬ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਸੰਸਥਾ ਵੱਲੋਂ ਚਲਾਏ ਜਾ ਰਹੇ ਕਾਰਜਾਂ ਦੀ ਸਰਾਹਣਾ ਕੀਤੀ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਸ੍ਰੀ ਕ੍ਰਿਸ਼ਨ ਕੁਮਾਰ ਆਈ.ਏ.ਐਸ. ਵਿਤ ਕਮਿਸ਼ਨਰ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਨੇ ਵੀ ਵਾਤਾਵਰਨ ਦੀ ਸੰਭਾਲ ਲਈ ਰੁੱਖਾਂ ਦੀ ਰਾਖੀ ਕਰਨ ਦੀ ਸਲਾਹ ਦਿੱਤੀ ਇਸ ਮੌਕੇ ਬਾਬਾ ਸੇਵਾ ਸਿੰਘ ਜੀ ਨੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕੁਦਰਤੀ ਖੇਤੀ ਕਰਨ ਅਤੇ ਪਰਾਲੀ ਨਾਂ ਸਾੜਨ ਲਈ ਪ੍ਰੇਰਿਆ ਅਤੇ ਆਏ ਹੋਏ ਮਹਿਮਾਨਾਂ ਨੂੰ ਖੱਦਰ ਦੇ ਥੈਲੇ ਤੇ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਸੰਸਥਾ ਦੇ ਸਕੱਤਰ ਡਾਇਰੈਕਟਰ ਤੇ ਪ੍ਰਿੰਸੀਪਲ ਸਾਹਿਬਾਨ ਹਾਜ਼ਰ ਸਨ।

**3. ਵਣ ਵਿਭਾਗ ਪੰਜਾਬ ਵੱਲੋਂ ਨਿਸ਼ਾਨ-ਏ-ਸਿੱਖੀ ਵਿਖੇ ਵਾਤਾਵਰਨ ਸਬੰਧੀ ਕਾਰਜਸ਼ਾਲਾ ਆਯੋਜਿਤ 16-04-2024**

ਅੰਤਰਰਾਸ਼ਟਰੀ ਵਾਤਾਵਰਨ ਪ੍ਰੇਮੀ ਬਾਬਾ ਸੇਵਾ ਸਿੰਘ ਜੀ ਦੀ ਅਗਵਾਈ ਹੇਠ ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਵਿੱਚ ਚੱਲ ਰਹੀ ਵਾਤਾਵਰਨ ਸੰਭਾਲ ਮੁਹਿੰਮ ਦੀ ਕਾਰਜਵਿਧੀ ਜਾਨਣ ਲਈ ਸ਼੍ਰੀ ਕ੍ਰਿਸ਼ਨ ਕੁਮਾਰ ਆਈ.ਏ.ਐਸ. ਵਿਤ ਕਮਿਸ਼ਨਰ ਵਣ ਵਿਭਾਗ ਦੇ ਨਿਰਦੇਸ਼ਾਂ ਹੇਠ ਵਣ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਕਾਰਜਸ਼ਾਲਾ ਆਯੋਜਿਤ ਕੀਤੀ ਗਈ। ਇਸ ਵਿੱਚ ਸ਼੍ਰੀ ਆਰ ਕੇ ਮਿਸ਼ਰਾ ਆਈ.ਐਫ.ਐਸ. ਪ੍ਰਮੁੱਖ ਵਣਪਾਲ ਅਤੇ ਮੁਖੀ ਜੰਗਲਾਤ ਟੀਮ ਪੰਜਾਬ, ਸ. ਨਿਰਮਲਜੀਤ ਸਿੰਘ ਰੰਧਾਵਾ ਆਈ.ਐਫ.ਐਸ. ਮੁੱਖ ਵਣਪਾਲ (ਮੈਦਾਨੀ ਇਲਾਕਾ) ਪੰਜਾਬ, ਸ਼੍ਰੀ ਐਸ.ਕੇ. ਸਾਗਰ ਆਈ.ਐਫ.ਐਸ. ਮੁੱਖ ਵਣਪਾਲ (ਬਿਸਤ ਖੇਤਰ) ਪੰਜਾਬ ਦੀ ਅਗਵਾਈ ਹੇਠ। ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਦੇ ਵਣ ਅਧਿਕਾਰੀ ਰੇਂਜ ਅਧਿਕਾਰੀ ਅਤੇ ਹੋਰ ਅਧਿਕਾਰੀ ਵੀ ਸ਼ਾਮਿਲ ਹੋਏ। ਨਿਸ਼ਾਨ-ਏ-ਸਿੱਖੀ ਵੱਲੋਂ ਚੱਲ ਰਹੇ ਵੱਖ-ਵੱਖ ਵਾਤਾਵਰਨ ਸਬੰਧੀ ਕਾਰਜਾਂ ਬਾਰੇ ਇੱਕ ਪੇਸ਼ਕਾਰੀ ਰਾਹੀਂ ਝਾਤ ਪਾਈ ਗਈ। ਸ਼੍ਰੀ ਆਰ.ਕੇ. ਮਿਸ਼ਰਾ ਜੀ ਨੇ ਸੰਬੋਧਿਤ ਹੁੰਦਿਆਂ ਸਮੁੱਚੇ ਕਾਰਜਾਂ ਉੱਪਰ ਤਸੱਲੀ ਪ੍ਰਗਟਾਉਂਦਿਆਂ ਵਿਚਾਰਾਂ ਅਤੇ ਨੁਕਤਿਆਂ ਦੀ ਸਾਂਝ ਦੇ ਇਸ ਸੁਚੱਜੇ ਉਪਰਾਲੇ ਦਾ ਭਰਪੂਰ ਲਾਹਾ ਪ੍ਰਾਪਤ ਕਰਨ ਦੀ ਵਕਾਲਤ ਕੀਤੀ। ਬਾਬਾ ਸੇਵਾ ਸਿੰਘ ਜੀ ਨੇ ਸਭ ਨੂੰ ਗੁਰੂ ਨਗਰੀ ਸ੍ਰੀ ਖਡੂਰ ਸਾਹਿਬ ਦੇ ਵਡਮੁੱਲੇ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਗੁਰਬਾਣੀ ਦੀ ਸੇਦ ਪ੍ਰਾਪਤ ਕਰਕੇ ਮਨੁੱਖਤਾ ਅਤੇ ਜੀਵ ਜੰਤੂਆਂ ਦੀ ਸੇਵਾ ਵਾਸਤੇ ਯੋਗਦਾਨ ਪਾਉਣ ਲਈ ਪ੍ਰੇਰਿਤ





ਸ਼੍ਰੀ ਆਰ.ਕੇ. ਮਿਸ਼ਰਾ (IFS) ਮੁੱਖ ਵਣਪਾਲ ਪੰਜਾਬ, ਕਾਰਜਸ਼ਾਲਾ ਦੌਰਾਨ



ਚੇਤਨਾ ਮਾਰਚ



ਨੁੱਕੜ ਨਾਟਕ





ਸਫਾਈ ਮੁਹਿੰਮ 'ਕੌਮਾਂਤਰੀ ਧਰਤੀ ਦਿਵਸ'

ਕੀਤਾ। ਇਸ ਉਪਰੰਤ ਵਣ ਵਿਭਾਗ ਅਤੇ ਸੰਸਥਾ ਦਰਮਿਆਨ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ ਗਿਆ। ਉਪਰੰਤ ਸਮੂਹ ਅਧਿਕਾਰੀ ਸਾਹਿਬਾਨ ਨੂੰ ਦਰਸ਼ਨੀ ਬਾਗ ਬਾਬਾ ਸਾਧੂ ਸਿੰਘ ਜੀ, ਪੌਦਿਆਂ ਦੀਆਂ ਨਰਸਰੀਆਂ, ਗੁਰੂ ਨਾਨਕ ਯਾਦਗਾਰੀ ਜੰਗਲ, ਬਰਸਾਤੀ ਪਾਣੀ ਦੀ ਸੰਭਾਲ ਦੇ ਪ੍ਰੋਜੈਕਟ, ਸੀਵਰੇਜ ਦੇ ਪਾਣੀ ਦੀ ਸਫਾਈ ਅਤੇ ਮੁੜ ਵਰਤੋ ਦੇ ਪ੍ਰੋਜੈਕਟ ਵਿਸਥਾਰ ਸਹਿਤ ਦਿਖਾਏ ਗਏ। ਇਸ ਦੌਰਾਨ ਨਿਸ਼ਾਨ-ਏ-ਸਿੱਖੀ ਦੀ ਸਮੁੱਚੀ ਟੀਮ ਵੱਲੋਂ ਵੱਖ-ਵੱਖ ਸੰਬੰਧਿਤ ਪ੍ਰੀਕਿਰਿਆਵਾਂ ਦੀਆਂ ਵਿਧੀਆਂ ਪ੍ਰਯੋਗੀ ਪੱਧਰ ਉੱਤੇ ਸਾਂਝੀਆਂ ਕੀਤੀਆਂ ਗਈਆਂ। ਅੰਤ ਵਿੱਚ ਬਾਬਾ ਸੇਵਾ ਸਿੰਘ ਜੀ ਨੇ ਸਮੂਹ ਅਧਿਕਾਰੀਆਂ ਦਾ ਖੱਦਰ ਦੇ ਥੈਲੇ ਭੇਟ ਕਰਕੇ ਸਨਮਾਨ ਕੀਤਾ। ਇਸ ਦੌਰਾਨ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਦੇ ਸਮੂਹ ਪ੍ਰਬੰਧਕ ਅਤੇ ਸੇਵਾਦਾਰ ਹਾਜ਼ਰ ਸਨ।

**4. ਖਡੂਰ ਸਾਹਿਬ ਵਿਖੇ 22 ਅਪ੍ਰੈਲ 2024 ਕੌਮਾਂਤਰੀ 'ਧਰਤੀ ਦਿਵਸ' ਨੂੰ ਸਮਰਪਿਤ ਸਫਾਈ ਮੁਹਿੰਮ- ਚੇਤਨਾ ਮਾਰਚ**

ਇਸ ਮਾਰਚ ਵਿੱਚ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਅਤੇ ਕਾਰ ਸੇਵਾ ਖਡੂਰ ਸਾਹਿਬ ਅਧੀਨ ਚੱਲ ਰਹੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਨੇ ਭਾਗ ਲਿਆ। ਇਹ ਚੇਤਨਾ ਮਾਰਚ ਸਵੇਰੇ 9:00 ਵਜੇ ਅਲੱਗ- ਅਲੱਗ ਸਕੂਲ ਕਾਲਜਾਂ ਤੋਂ ਰਵਾਨਾ ਹੋਇਆ ਅਤੇ ਖਡੂਰ ਸਾਹਿਬ ਦੀਆਂ ਗਲੀਆਂ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਸਮਾਪਤ ਹੋਇਆ। ਵਿਦਿਆਰਥੀਆਂ ਵੱਲੋਂ ਧਰਤੀ ਦਿਵਸ ਨੂੰ ਸਮਰਪਿਤ ਤਖਤੀਆਂ ਉੱਪਰ ਸਲੋਗਨ ਬਣਾ ਕੇ ਮਾਰਚ ਵਿੱਚ ਹਿੱਸਾ ਲਿਆ ਗਿਆ। ਵਾਪਸੀ ਉਪਰੰਤ ਵਿਦਿਆਰਥੀਆਂ ਵੱਲੋਂ ਧਰਤੀ ਦਿਵਸ ਨੂੰ ਸਮਰਪਿਤ ਤਿੰਨ ਨੁੱਕੜ ਨਾਟਕ ਪੇਸ਼ ਕੀਤੇ ਗਏ। ਬਾਬਾ ਸੇਵਾ ਸਿੰਘ ਜੀ ਨੇ ਆਏ ਹੋਏ ਵਿਦਿਆਰਥੀਆਂ ਸਕੂਲ ਸਟਾਫ ਅਤੇ ਪਿੰਡ ਦੇ ਮੋਹਤਵਰਾਂ ਦਾ ਧੰਨਵਾਦ ਕੀਤਾ। ਉਹਨਾਂ ਇਹ ਵੀ ਕਿਹਾ ਕਿ ਜਿਵੇਂ ਖਡੂਰ ਸਾਹਿਬ ਦੇ ਸਮੂਹ ਦੁਕਾਨਦਾਰਾਂ ਨੇ ਗੁਰਮੁਖੀ ਨੂੰ ਮੁੱਖ ਰੱਖਦਿਆਂ ਦੁਕਾਨਾਂ ਦੇ ਬੋਰਡ ਗੁਰਮੁਖੀ ਵਿੱਚ ਲਗਵਾਏ ਹਨ ਤੇ ਉਸ ਦੀ ਸ਼ਲਾਂਘਾ ਕੀਤੀ, ਉੱਥੇ ਦੁਕਾਨਦਾਰਾਂ ਨੂੰ ਪਲਾਸਟਿਕ ਦੇ ਲਿਫਾਫੇ ਨਾ ਵਰਤਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਵਾਤਾਵਰਨ ਸੰਭਾਲ ਵਿੱਚ ਯੋਗਦਾਨ ਪਾ ਸਕਣ । ਇਸ ਮੌਕੇ ਦੁਕਾਨਦਾਰਾਂ ਨੂੰ ਸੈਂਪਲ ਦੇ ਤੌਰ ਤੇ ਬਾਇਓਡੀਗਰੇਡੇਬਲ ਲਿਫਾਫੇ ਵੰਡੇ ਗਏ ਅਤੇ ਸ਼ਹਿਰ ਵਾਲਿਆਂ ਨੂੰ ਕੱਪੜੇ ਦੇ ਥੈਲੇ ਵੰਡੇ ਗਏ। ਇਸ ਤੋਂ ਬਾਅਦ ਸਿੰਗਲ ਯੂਜ ਪਲਾਸਟਿਕ ਦੇ ਵਰਤੋਂ ਰੋਕਣ ਲਈ ਇੱਕ ਮੰਗ ਪੱਤਰ ਐਸ.ਡੀ.ਐਮ ਖਡੂਰ ਸਾਹਿਬ ਨੂੰ ਸੌਂਪਿਆ ਗਿਆ। ਇਸ ਸਾਰੇ ਪ੍ਰੋਗਰਾਮ ਦਾ ਸੰਚਾਲਨ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਨਗਰ ਦੀ ਪੰਚਾਇਤ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਮੇਨ ਬਜ਼ਾਰ ਦੀ ਕਮੇਟੀ ਅਤੇ ਬੀਬੀਆਂ ਦੀਆਂ ਸਭਾਵਾਂ ਦੇ ਸਹਿਯੋਗ ਨਾਲ ਕੀਤਾ ਗਿਆ।





ਕੂੜਾ ਪ੍ਰਬੰਧਨ ਸੰਬੰਧੀ ਸੈਮੀਨਾਰ ਅਤੇ ਪ੍ਰਦਰਸ਼ਨੀ ਦੀਆਂ ਵੱਖ-ਵੱਖ ਝਲਕੀਆਂ

## 5. ਵਿਸ਼ਵ ਵਾਤਾਵਰਨ ਦਿਵਸ

**ਵਿਸ਼ਾ : ਪਲਾਸਟਿਕ ਦੀ ਵਰਤੋਂ ਨੂੰ ਘੱਟ ਕਰਨਾ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਗੰਦੇ ਪਾਣੀ ਨੂੰ ਮੁੜ ਵਰਤੋਂ ਯੋਗ ਬਨਾਉਣਾ**

ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵਲੋਂ ਵਿਸ਼ਵ ਵਾਤਾਵਰਨ ਦਿਵਸ 2023 ਨੂੰ ਸਮਰਪਿਤ ਸਮਾਗਮ ਦੀ ਆਰੰਭਤਾ ਪਿੰਡ ਨਾਗੋਕੇ ਵਿਖੇ 253ਵਾਂ ਗੁਰੂ ਨਾਨਕ ਯਾਦਗਾਰੀ ਜੰਗਲ ਲਗਾ ਕੇ ਕੀਤੀ ਗਈ। ਉਪਰੰਤ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ – ਪਲਾਸਟਿਕ ਦੀ ਵਰਤੋਂ ਨੂੰ ਘੱਟ ਕਰਨਾ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਗੰਦੇ ਪਾਣੀ ਨੂੰ ਮੁੜ ਵਰਤੋਂ ਯੋਗ ਬਨਾਉਣਾ, ਵਿਸ਼ਿਆ ਉਪਰ ਵਿਚਾਰ ਚਰਚਾ ਕੀਤੀ ਗਈ । ਰਾਉਂਡ ਗਲਾਸ ਫਾਉਡੇਸ਼ਨ ਦੇ ਵਿਦਵਾਨ ਬੁਲਾਰੇ ਡਾ. ਰਜਨੀਸ਼ ਕੁਮਾਰ, ਟੀਮ ਮੈਂਬਰ ਭਰਪੂਰ ਸਿੰਘ ਅਤੇ ਤਵਪ੍ਰੀਤ ਸਿੰਘ ਨੇ ਕੂੜਾ ਕਰਕਟ ਦੀਆਂ ਵੱਖ-ਵੱਖ ਕਿਸਮਾਂ ਜਿਵੇਂ ਗਿੱਲਾ ਕੂੜਾ, ਸੁੱਕਾ ਕੂੜਾ ਆਦਿ ਦੇ ਪ੍ਰਬੰਧਨ ਬਾਰੇ ਪੇਸ਼ਕਾਰੀ ਰਾਹੀਂ ਸੁਚੱਜੇ ਢੰਗ ਤਰੀਕਿਆਂ ਨੂੰ ਬਾਖੂਬੀ ਢੰਗ ਨਾਲ ਪੇਸ਼ ਕੀਤਾ। ਸੰਸਥਾ ਵੱਲੋਂ ਜਾਗਰੂਕਤਾ ਲਈ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ। ਮਾਸਟਰ ਬਲਦੇਵ ਸਿੰਘ, ਸਰਪੰਚ ਪਿੰਡ ਕੱਲ੍ਹਾ ਨੇ ਆਪਣੇ ਪਿੰਡ ਵਿੱਚ ਚੱਲ ਰਹੇ ਵਾਤਾਵਰਨ ਬਚਾਓ ਅਤੇ ਸਫ਼ਾਈ ਕਾਰਜਾਂ ਬਾਰੇ ਦੱਸਦਿਆਂ ਪਿੰਡ ਪੱਧਰ 'ਤੇ ਵਾਤਾਵਰਨ ਕਾਰਜ ਕਰਨ ਵਾਸਤੇ ਪੰਚਾਇਤਾਂ ਨੂੰ ਦਰਪੇਸ਼ ਚਣੌਤੀਆਂ ਬਾਰੇ ਵਿਚਾਰ ਚਰਚਾ ਵੀ ਕੀਤੀ। ਸੈਮੀਨਰ ਦੇ ਮੁੱਖ ਮਹਿਮਾਨ ਸ. ਹਰਪਾਲ ਸਿੰਘ ਪੰਨੂੰ (ਮੁੱਖ ਖੇਤੀਬਾੜੀ ਅਫ਼ਸਰ, ਜ਼ਿਲ੍ਹਾ ਤਰਨ ਤਾਰਨ) ਨੇ ਦੱਸਿਆ ਕਿ ਖੇਤੀਬਾੜੀ ਮਹਿਕਮੇ ਵਲੋਂ ਸਿੱਧੀ ਬਜਾਈ ਅਤੇ ਨਹਿਰੀ ਪਾਣੀ ਦੀ ਵਰਤੋਂ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਹਨਾਂ ਨੇ ਕਾਰ ਸੇਵਾ ਖਡੂਰ ਸਾਹਿਬ ਵਲੋਂ ਵਾਤਾਵਰਨ ਦੀ ਸਾਂਭ-ਸੰਭਾਲ ਵਿੱਚ ਕੀਤਾ ਜਾ ਰਹੇ ਅਹਿਮ ਉਪਰਾਲਿਆਂ ਦੀ ਸਲਾਂਘਾ ਵੀ ਕੀਤੀ। ਬਾਬਾ ਸੇਵਾ ਸਿੰਘ ਜੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਸੰਸਥਾ ਵਲੋਂ ਬਣਾਏ ਗਏ ਖੱਦਰ ਦੇ ਝੋਲੇ ਅਤੇ ਸਾਹਿਤ ਦੇ ਕੇ ਸਨਮਾਨਿਤ ਕੀਤਾ ਗਿਆ। ਵੱਖ-ਵੱਖ ਨਗਰਾਂ ਦੇ ਸਰਪੰਚ, ਪੰਚਾਇਤ ਮੈਂਬਰ, ਕਿਸਾਨ ਭਰਾ, ਵਾਤਾਵਰਨ ਪ੍ਰੇਮੀ ਅਤੇ ਬੁੱਧੀਜੀਵੀ ਹਾਜ਼ਰ ਸਨ। ਇਸ ਦੇ ਨਾਲ ਹੀ ਵਾਤਾਵਰਨ ਦਿਵਸ 2023 ਨੂੰ ਸਮਰਿਪਤ ਸੰਸਥਾ ਵੱਲੋਂ ਕਲਮਬੋਲੀ,ਨਵੀਂ ਮੁੰਬਈ, ਮਹਾਂਰਾਸ਼ਟਰ ਵਿਖੇ ਸੜਕ ਦੇ ਕਿਨਾਰਿਆਂ ਤੇ 7000 ਰੁੱਖ ਲਗਾਏ ਗਏ। ਇਸੇ ਤਰ੍ਹਾਂ ਵਿਦਿਆਰਥੀਆਂ ਵਿੱਚ ਵਾਤਾਵਰਨ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸੰਸਥਾ ਅਧੀਨ ਚੱਲ ਰਹੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵੀ ਬਹੁਪੱਖੀ ਗਤੀਵਿਧੀਆਂ ਕਰਵਾਈਆਂ ਗਈਆਂ।

## 6. ਅੰਤਰਰਾਸ਼ਟਰੀ ਵਿਚਾਰ ਗੋਸ਼ਟੀ

**ਵਿਸ਼ਾ: ਜੈਵਿਕ ਖੇਤੀ ਅਪਣਾਓ ਮਿੱਟੀ ਨੂੰ ਜ਼ਹਿਰੀਲੀ ਹੋਣ ਤੋਂ ਬਚਾਓ**

ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਅਧੀਨ ਚੱਲ ਰਹੇ ਨਿਸ਼ਾਨ-ਏ-ਸਿੱਖੀ, ਕਾਰ ਸੇਵਾ ਖਡੂਰ ਸਾਹਿਬ ਅਤੇ ਐਸ.ਐਚ.ਆਰ.ਜੀ, ਲੰਡਨ ਦੇ ਸਹਿਯੋਗ ਨਾਲ 'ਜੈਵਿਕ ਖੇਤੀ ਅਪਣਾਓ, ਮਿੱਟੀ ਨੂੰ ਜ਼ਹਿਰੀਲੀ ਹੋਣ ਤੋਂ ਬਚਾਓ' ਵਿਸ਼ਾ ਆਧਾਰਿਤ ਇੱਕ ਰੋਜ਼ਾ ਅੰਤਰਰਾਸ਼ਟਰੀ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਇਸ ਖੇਤਰ ਦੇ ਮਾਹਿਰ ਅਤੇ ਸੂਝਵਾਨਾਂ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਸਮਾਗਮ ਵਿੱਚ ਸ. ਕੁਲਤਾਰ ਸਿੰਘ ਸੰਧਵਾਂ, ਸਪੀਕਰ ਪੰਜਾਬ ਵਿਧਾਨ ਸਭਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਵਿੱਚ ਸ.ਰਾਜਬੀਰ ਸਿੰਘ, ਬੋਟਨੀ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ, ਸਰਦਾਰ ਗੁਰਪ੍ਰੀਤ ਸਿੰਘ ਦਬੜੀਖਾਨਾ (ਜੈਵਿਕ ਖੇਤੀ ਮਾਹਿਰ), ਭਾਈ ਮਨਧੀਰ ਸਿੰਘ, ਸ. ਹਰਪ੍ਰੀਤ ਸਿੰਘ ਲੈਕਚਰਾਰ, ਯੰਗ ਇੰਨੋਵੇਟਿਵ ਫਾਰਮਰਜ਼ ਗਰੁੱਪ, ਮੈਡਮ ਮਧੂਬੀਰ ਕੌਰ, ਵਿਸ਼ੇਸ਼ ਸਲਾਹਕਾਰ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਅਤੇ ਸਰਦਾਰ ਅਵਤਾਰ ਸਿੰਘ, ਫਗਵਾੜਾ ਨੇ ਜੈਵਿਕ ਖੇਤੀ ਦੀ ਬੁਨਿਆਦ, ਇਸ ਸੰਬੰਧੀ ਗੁਰਮਤਿ ਫ਼ਲਸਫ਼ਾ ਅਤੇ ਉਪਦੇਸ਼, ਸਿਧਾਂਤ, ਵਿਧੀ, ਚੁਣੌਤੀਆਂ ਅਤੇ ਢੰਗ-ਤਰੀਕਿਆਂ ਬਾਰੇ ਵਿਸਥਾਰ ਸਹਿਤ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਖੇਤੀ ਵਿੱਚ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਤਿਆਗਣ ਅਤੇ ਇਸਦੇ ਲੰਮੇਰੇ ਪ੍ਰਭਾਵ ਅਤੇ ਫ਼ਾਇਦਿਆਂ ਬਾਰੇ ਵੀ ਜਾਣਕਾਰੀ ਦਿੱਤੀ। ਸਰਦਾਰ ਜਸਦੇਵ ਸਿੰਘ ਰਾਏ, ਡਾਇਰੈਕਟਰ ਐਸ. ਐਚ.ਆਰ.ਜੀ. ਲੰਡਨ ਨੇ ਇਸ ਸੈਮੀਨਾਰ ਵਿੱਚ ਆਏ ਹੋਏ ਬੁਲਾਰਿਆਂ ਦੁਆਰਾ ਦਿੱਤੇ ਗਏ ਭਾਸ਼ਣਾਂ ਦੀ ਪ੍ਰਸੰਸਾ ਕਰਦਿਆਂ ਦੱਸਿਆਂ ਕਿ ਜੈਵਿਕ ਖੇਤੀ ਅਪਨਾਉਣਾ ਸਮੇਂ ਦੀ ਮੰਗ ਹੈ ਅਤੇ ਉਸ ਪਾਸੇ ਵੱਲ ਧਿਆਨ ਦੇਣ ਦੀ ਜਰੂਰਤ ਹੈ ਤਾਂ ਜੋ ਜ਼ਹਿਰੀਲੀ ਹੋ ਰਹੀ ਮਿੱਟੀ ਨੂੰ ਠੀਕ ਕਰਕੇ ਇੱਕ ਵਧੀਆ ਵਾਤਾਵਰਨ ਸਿਰਜਿਆ ਜਾ ਸਕੇ । ਸ. ਕੁਲਤਾਰ ਸਿੰਘ ਸੰਧਵਾਂ, ਸਪੀਕਰ ਪੰਜਾਬ ਵਿਧਾਨ ਸਭਾ ਨੇ ਪਰਿਵਾਰ ਪੱਧਰ ਤੋਂ ਜੈਵਿਕ ਖੇਤੀ ਦੀ ਸ਼ੁਰੂਆਤ ਦੀ ਵਕਾਲਤ ਕੀਤੀ। ਉਹਨਾਂ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਵਾਤਾਵਰ ਪ੍ਰਤੀ ਕਾਰਜਾਂ ਬਾਰੇ ਭਰਪੂਰ ਸ਼ਲਾਘਾ ਕੀਤੀ। ਅੰਤ ਵਿੱਚ ਬਾਬਾ ਸੇਵਾ ਸਿੰਘ ਜੀ ਵੱਲੋਂ ਆਏ ਹੋਏ ਮੁੱਖ ਮਹਿਮਾਨ, ਬੁਲਾਰੇ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਖੱਦਰ ਦੇ ਝੋਲੇ ਦੇ ਕੇ ਸਨਮਾਨਿਤ ਕੀਤਾ ਗਿਆ।





ਵਿਚਾਰ ਗੋਸ਼ਟੀ ਦੇ ਵੱਖ ਵੱਖ ਦ੍ਰਿਸ਼

# ਯੂ.ਐੱਨ.ਐੱਫ.ਸੀ.ਸੀ ਵੱਲੋਂ ਆਯੋਜਿਤ COP-27 ਮਿਸਰ, COP-28 ਦੁਬਈ ਅਤੇ COP-29 ਬਾਕੂ ਵਿੱਚ ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਦੀ ਹਾਜ਼ਰੀ।



COP-27 ਵਿਖੇ ਸੰਸਥਾ ਦੇ ਨੁਮਾਇੰਦੇ

ਨਿਸ਼ਾਨ-ਏ-ਸਿੱਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੇ ਜਲਵਾਯੂ ਤਬਦੀਲੀ ਅਤੇ ਵਾਤਾਵਰਨ ਸੰਭਾਲ ਕਾਰਜਾਂ ਦੀ ਸਫ਼ਲਤਾ ਦੇ ਮੱਦੇ ਨਜ਼ਰ ਸੰਸਥਾ ਦੇ ਇਹਨਾਂ ਕਾਰਜਾਂ ਦੀ ਸ਼ਨਾਖ਼ਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਗਲਿਆਰਿਆਂ ਵਿੱਚ ਹੋ ਚੁੱਕੀ ਹੈ। ਇਸੇ ਤਹਿਤ ਡਾਕਟਰ ਜਸਦੇਵ ਸਿੰਘ ਰਾਏ ਯੂ.ਕੇ. ਦੇ ਵਿਸ਼ੇਸ਼ ਸਹਿਯੋਗ ਸਦਕਾ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਸੰਸਥਾ ਦੇ ਨੁਮਾਇੰਦੇ ਯੂ.ਐੱਨ.ਐਫ.ਸੀ.ਸੀ.ਸੀ. ਵੱਲੋਂ ਆਯੋਜਿਤ ਵਿਸ਼ਵ ਦੀ ਸਭ ਤੋਂ ਵੱਡੀ ਵਾਤਾਵਰਨ ਸੰਭਾਲ ਅਤੇ ਜਲਵਾਯੂ ਤਬਦੀਲੀ ਸੰਬੰਧੀ ਕਾਨਫਰੰਸ COP ਵਿੱਚ ਹਿੱਸਾ ਲੈਂਦੇ ਆ ਰਹੇ ਹਨ।

ਸਾਲ 2022 ਵਿੱਚ ਸ਼ਰਮ ਅਲ ਸ਼ੇਖ, ਈਜਿਪਟ ਵਿਖੇ ਹੋਈ COP 27 ਵਿੱਚ ਸੰਸਥਾ ਵੱਲੋਂ ਬਾਬਾ ਗੁਰਪ੍ਰੀਤ ਸਿੰਘ ਅਤੇ ਡਾ. ਕੰਵਲਜੀਤ ਸਿੰਘ ਸ਼ਮੂਲੀਅਤ ਕੀਤੀ ਗਈ।

ਸਾਲ 2023 ਵਿੱਚ ਐਕਸਪੋ ਸਿਟੀ, ਦੁਬਈ ਵਿਖੇ ਆਯੋਜਿਤ COP 28 ਵਿੱਚ ਸੰਸਥਾ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਸ੍ਰ. ਜਸਵਿੰਦਰ ਪਾਲ ਸਿੰਘ ਡਾਇਰੈਕਟਰ, ਸਿਮਰਜੀਤ ਸਿੰਘ, ਕੰਵਲਜੀਤ ਸਿੰਘ ਅਤੇ ਜਗਰੂਪ ਸਿੰਘ ਨੇ ਨੁਮਾਇੰਦਗੀ ਕੀਤੀ।

ਏਸੇ ਲੜੀ ਦੇ ਤਹਿਤ ਸਾਲ 2024 ਵਿੱਚ ਵੀ ਅਜ਼ਰਬਾਈਜਾਨ ਦੇਸ ਦੇ ਬਾਕੂ ਸ਼ਹਿਰ ਵਿਖੇ COP 29 ਆਯੋਜਿਤ ਕੀਤੀ ਗਈ। ਜਿਸ ਵਿੱਚ ਵੱਧਦੀ ਆਲਮੀ ਤਪਸ਼ ਅਤੇ ਇਸਦੇ ਗਹਿਰੇ ਪ੍ਰਭਾਵਾਂ ਦੇ ਮੱਦੇਨਜ਼ਰ 2024 ਵਰ੍ਹੇ ਦਾ ਵਿਸ਼ਵ ਪੱਧਰੀ ਜਲਵਾਯੂ ਸੰਮੇਲਨ COP 29 ਬਾਕੂ, ਅਜ਼ਰਬਾਈਜਾਨ ਵਿਖੇ ਕਰਵਾਇਆ ਗਿਆ। ਇਸ ਜਲਵਾਯੂ ਸੰਮੇਲਨ ਦੇ ਵਿੱਚ ਲਗਭਗ 200 ਮੁਲਕਾਂ ਤੋਂ 72,000 ਦੇ ਕਰੀਬ ਵੱਖ ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਨੁਮਾਇੰਦਿਆਂ,ਵਿਸ਼ਵ ਪੱਧਰੀ ਸੰਸਥਾਵਾਂ ਦੇ ਅਧਿਕਾਰੀਆਂ , ਵਿੱਦਿਅਕ ਅਤੇ ਖੋਜ ਅਦਾਰਿਆਂ ਸਮੇਤ ਸਮਾਜਿਕ ਅਤੇ ਨਾਗਰਿਕ ਸਮੂਹਾਂ ਦੇ ਵਿਅਕਤੀਆਂ ਨੇ ਭਾਗ ਲਿਆ ਅਤੇ ਵਿਸ਼ਵ-ਵਿਆਪੀ ਪੱਧਰ ਉੱਤੇ ਜਲਵਾਯੂ ਵਿੱਤੀ ਪ੍ਰਬੰਧਨ, ਪਾਰਦਰਸ਼ਤਾ ਯੁਕਤ ਕਾਰਜ ਪ੍ਰਬੰਧ, ਕਾਰਬਨ ਮਾਰਕੀਟ ਦੇ ਢਾਂਚੇ ਅਤੇ ਕਾਰਜਸ਼ੀਲਤਾ ਵਰਗੇ ਵੱਖ ਵੱਖ ਅਹਿਮ ਪਹਿਲੂਆਂ ਉੱਪਰ ਧਿਆਨ ਕੇਂਦਰਿਤ ਕੀਤਾ।



COP-28 ਵਿਖੇ ਸੰਸਥਾ ਦੇ ਨੁਮਾਇੰਦੇ

ਕੁਦਰਤ ਪ੍ਰੇਮੀ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ:) ਖਡੂਰ ਸਾਹਿਬ ਦੀ ਤਰਫ਼ੋਂ ਤਿੰਨ ਮੈਂਬਰੀ ਵਫ਼ਦ ਨੇ ਬਾਬਾ ਗੁਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਬਾਕੂ, ਅਜ਼ਰਬਾਈਜਾਨ ਵਿਖੇ ਯੂ.ਐਨ.ਐਫ.ਸੀ.ਸੀ.ਸੀ. ਵੱਲੋਂ ਆਯੋਜਿਤ ਜਲਵਾਯੂ ਤਬਦੀਲੀ 'ਤੇ ਆਧਾਰਿਤ ਇਸ ਅੰਤਰ-ਰਾਸ਼ਟਰੀ ਸੰਮੇਲਨ- COP 29 ਵਿੱਚ ਸ਼ਮੂਲੀਅਤ ਕੀਤੀ। ਸੰਸਥਾ ਨੇ ਡਾ. ਜਸਦੇਵ ਸਿੰਘ ਰਾਏ (ਐੱਸ.ਐਚ.ਆਰ. ਜੀ. ਲੰਡਨ) ਦੇ ਵਿਸ਼ੇਸ਼ ਸਹਿਯੋਗ ਸਦਕਾ ਇਸ ਅੰਤਰਰਾਸ਼ਟਰੀ ਸੰਮੇਲਨ ਵਿੱਚ ਇੱਕ ਹਫ਼ਤੇ ਵਾਸਤੇ ਜਲਵਾਯੂ ਤਬਦੀਲੀ ਦੇ ਅੰਤਰਗਤ ਕਾਰਜਸ਼ੀਲ ਵਿਸ਼ਵ ਦੀਆਂ ਵੱਖ- ਵੱਖ ਸੰਸਥਾਵਾਂ ਨਾਲ ਪ੍ਰਦਰਸ਼ਨੀ ਖੇਮਾ ਸਾਂਝਾ ਕੀਤਾ ਅਤੇ ਖਡੂਰ ਸਾਹਿਬ ਵਿਖੇ ਚੱਲ ਰਹੇ ਵਾਤਾਵਰਨ, ਜਲਵਾਯੂ ਅਤੇ ਕੁਦਰਤੀ ਖੇਤੀ ਸੰਬੰਧੀ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ ਸੰਸਥਾ ਦੇ ਨੁਮਾਇੰਦਿਆਂ ਨੇ ਵਿਸ਼ਵ ਦੇ ਵਿਭਿੰਨ ਖਿੱਤਿਆਂ ਵਿੱਚ ਜਲਵਾਯੂ ਤਬਦੀਲੀ ਦੇ ਅਲੱਗ-ਅਲੱਗ ਖੇਤਰਾਂ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਨਾਲ ਸੰਬੰਧਿਤ ਗਿਆਨ ਅਤੇ ਕਾਰਜ ਪ੍ਰਣਾਲੀਆਂ ਦੇ ਅਦਾਨ-ਪ੍ਰਦਾਨ ਸੰਬੰਧੀ ਆਪਸੀ ਤਾਲਮੇਲ, ਸਹਿਯੋਗ ਅਤੇ ਸਿਖਲਾਈ ਨੂੰ ਲੈ ਕੇ ਵੀਚਾਰ-ਵਟਾਂਦਰੇ ਕੀਤੇ ਤਾਂ ਜੋ ਜਲਵਾਯੂ ਤਬਦੀਲੀ ਅਤੇ ਇਸਦੇ ਪ੍ਰਭਾਵਾਂ ਨਾਲ ਨਜਿੱਠਣ ਵਾਸਤੇ ਵਿਸ਼ਵ ਪੱਧਰੀ ਲਾਮਬੰਦੀ ਕੀਤੀ ਜਾ ਸਕੇ। ਬਾਬਾ ਗੁਰਪ੍ਰੀਤ ਸਿੰਘ ਜੀ ਨੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਕੁਦਰਤ-ਪੱਖੀ ਖੇਤੀ ਅਤੇ ਜਲਵਾਯੂ ਨਿਆਂ ਆਧਾਰਿਤ ਇੱਕ ਸਾਈਡ-ਈਵੈਂਟ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਮੁੱਢਲੇ ਉਪਦੇਸ਼ਾਂ ਤੋਂ ਪ੍ਰੇਰਨਾ ਲੈਂਦਿਆਂ ਸਿੱਖ ਪ੍ਰੰਪਰਾਵਾਂ ਦੀ ਰੌਸ਼ਨੀ ਵਿੱਚ ਚੱਲ ਰਹੇ ਵਾਤਾਵਰਨ ਸੰਭਾਲ ਕਾਰਜਾਂ ਉੱਤੇ ਚਾਨਣਾ ਪਾਇਆ। ਇਸ ਮੌਕੇ ਬਾਬਾ ਜੀ ਨੇ ਕਿਸਾਨਾਂ ਨੂੰ ਕੁਦਰਤ ਪੱਖੀ ਖੇਤੀ ਵਿੱਚ ਦਰਪੇਸ਼ ਚੁਣੌਤੀਆਂ ਅਤੇ ਉਹਨਾਂ ਦੇ ਸੁਚੱਜੇ ਹੱਲ ਦੀ ਗੱਲਬਾਤ ਕਰਦਿਆਂ ਜਲਵਾਯੂ ਨਿਆਂ ਸੰਬੰਧੀ ਜ਼ਮੀਨੀ ਪੱਧਰ ਉੱਪਰ ਠੋਸ ਹੱਲ ਆਧਾਰਿਤ ਨੀਤੀ ਨਿਰਮਾਣ ਅਤੇ ਇਸਦੀ ਪਾਲਣਾ ਉੱਤੇ ਵੀ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਅੱਜ ਸਮੁੱਚੇ ਵਿਸ਼ਵ ਦੇ




COP-29 ਸਾਈਡ ਇਵੈਂਟ ਮੌਕੇ ਬਾਬਾ ਗੁਰਪ੍ਰੀਤ ਸਿੰਘ ਜੀ ਵੱਖ-ਵੱਖ ਦੇਸ਼ਾਂ ਦੇ ਨੁਮਾਇੰਦਿਆਂ ਨਾਲ




**COP-29 ਸਾਈਡ ਇਵੈਂਟ ਮੌਕੇ ਬਾਬਾ ਗੁਰਪ੍ਰੀਤ ਸਿੰਘ ਜੀ ਵੱਖ-ਵੱਖ ਦੇਸ਼ਾਂ ਦੇ ਨੁਮਾਇੰਦਿਆਂ ਨਾਲ**

ਮਨੁੱਖਾਂ ਨੂੰ ਜਲਵਾਯੂ ਤਬਦੀਲੀ ਦੇ ਹੱਲ ਵਾਸਤੇ ਇਕਜੁੱਟ ਹੋ ਕੇ ਆਪਸੀ ਸਹਿਯੋਗ, ਸਦਭਾਵਨਾ, ਅਦਾਨ-ਪ੍ਰਦਾਨ ਅਤੇ ਤਾਲਮੇਲ ਦੇ ਨਾਲ ਵੱਖ-ਵੱਖ ਖਿੱਤਿਆਂ ਵਿੱਚ ਕਾਰਜ ਕਰਨੇ ਚਾਹੀਦੇ ਹਨ। ਇਸ ਵਫ਼ਦ ਵਿੱਚ ਬਾਬਾ ਗੁਰਪ੍ਰੀਤ ਸਿੰਘ ਜੀ ਦੇ ਨਾਲ ਸੂਬੇਦਾਰ ਬਲਬੀਰ ਸਿੰਘ ਅਤੇ ਲੈਕਚਰਾਰ ਜਗਰੂਪ ਸਿੰਘ ਵੀ ਸੰਸਥਾ ਦੇ ਨੁਮਾਇੰਦਿਆਂ ਵਜੋਂ ਸ਼ਾਮਿਲ ਹੋਏ। COP 29 ਵਿੱਚ ਸੰਸਾਰ ਦੇ ਵੱਖ ਵੱਖ ਕੋਨਿਆਂ ਤੋਂ ਆਏ ਭਾਗੀਦਾਰਾਂ ਵੱਲੋਂ ਗੱਲਬਾਤ ਦੌਰਾਨ ਸੰਸਥਾ ਦੇ ਕਾਰਜਾਂ ਉੱਪਰ ਤਸੱਲੀ ਪ੍ਰਗਟ ਕੀਤੀ ਗਈ ਅਤੇ ਵਾਤਾਵਰਨ ਕਾਰਜਾਂ ਵਿਚਲੇ ਆਪਸੀ ਸਹਿਯੋਗ ਅਤੇ ਆਦਾਨ ਪ੍ਰਦਾਨ ਵਾਸਤੇ ਸੰਪਰਕ ਵੀ ਸਾਂਝੇ ਕੀਤੇ ਗਏ।




**ਬਾਬਾ ਗੁਰਪ੍ਰੀਤ ਸਿੰਘ ਜੀ COP-29 ਅਜ਼ਰਬਾਈਜਾਨ ਬਾਕੂ ਵਿਖੇ**

2025 ਦਾ ਵਿਸ਼ਵ ਪੱਧਰੀ ਜਲਵਾਯੂ ਸੰਮੇਲਨ COP30 ਬੈਲੇਮ, ਬ੍ਰਾਜ਼ੀਲ ਵਿਖੇ ਕਰਵਾਇਆ। ਇਸ ਵਿੱਚ 194 ਦੇਸਾਂ ਤੋਂ ਲਗਭਗ 50,000 ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਵੱਲੋਂ ਬਾਬਾ ਮਨਸਾ ਸਿੰਘ ਅਤੇ ਸ. ਜਗਰੂਪ ਸਿੰਘ ਦੁਆਰਾ ਸੰਸਥਾ ਦੇ ਵਾਤਾਵਰਨ ਅਤੇ ਜਲਵਾਯੂ ਤਬਦੀਲੀ ਸੰਬੰਧੀ ਵੱਖ ਵੱਖ ਕਾਰਜਾਂ ਨੂੰ ਇੱਕ ਪ੍ਰਦਰਸ਼ਨੀ ਖੇਮੇ ਰਾਹੀਂ ਸਾਂਝਾ ਕੀਤਾ ਗਿਆ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਖਡੂਰ ਸਾਹਿਬ ਦੇ ਵੱਖ-ਵੱਖ ਵਿਦਿਆਰਥੀਆਂ ਵੱਲੋਂ ਚਿੱਤਰਕਾਰੀ ਦੇ ਮਾਧਿਅਮ ਰਾਹੀਂ ਜਲਵਾਯੂ ਤਬਦੀਲੀ ਅਤੇ ਉਸ ਦੇ ਭਿਆਨਕ ਪ੍ਰਭਾਵਾਂ ਨੂੰ ਦਰਸਾਉਂਦੀਆਂ ਤਸਵੀਰਾਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ। ਬੱਚਿਆਂ ਵੱਲੋਂ ਬਣਾਈਆਂ ਗੰਭੀਰ ਚਿੰਤਨ ਆਧਾਰਿਤ ਤਸਵੀਰਾਂ ਨੂੰ ਵੱਖ-ਵੱਖ ਦੇਸ਼ਾਂ ਤੋਂ ਆਏ ਨੁਮਾਇੰਦਿਆਂ ਨੇ ਖੂਬ ਸਲਾਹਿਆ। ਇਸ ਦੌਰਾਨ ਯੂ.ਐਸ ਕਲਾਈਮੇਟ ਰਜਿਸਟਰੀ ਅਤੇ ਤਨਜ਼ਾਨੀਆਂ ਪਵੇਲੀਅਨ ਵਿਖੇ ਡਾ. ਜਸਦੇਵ ਸਿੰਘ ਰਾਏ ਯੂ.ਕੇ. ਦੇ ਸਹਿਯੋਗ ਨਾਲ ਕਰਵਾਏ ਇਵੈਂਟ ਵਿੱਚ ਨਿਸ਼ਾਨ ਏ ਸਿੱਖੀ ਕਾਰ ਸੇਵਾ ਖਡੂਰ ਸਾਹਿਬ ਦੁਆਰਾ ਸੰਚਾਲਿਤ ਵੱਖ-ਵੱਖ ਵਾਤਾਵਰਨ ਪ੍ਰੋਜੈਕਟਾਂ ਦੀ ਜਾਣਕਾਰੀ ਵੀ ਸਾਂਝਾ ਕੀਤੀ ਗਈ। ਵੱਖ-ਵੱਖ ਦੇਸ਼ਾਂ ਦੇ ਸਰਕਾਰੀ ਅਤੇ ਗੈਰ-ਸਰਕਾਰੀ ਨੁਮਾਇੰਦਿਆਂ ਵੱਲੋਂ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਆਪਸੀ ਤਾਲਮੇਲ ਅਤੇ ਕਾਰਜਸ਼ੈਲੀ ਅਦਾਨ-ਪ੍ਰਦਾਨ ਦੀਆਂ ਸੰਭਾਵਨਾਵਾਂ ਨੂੰ ਵਿਚਾਰਿਆ ਗਿਆ। ਇਸ ਦੌਰਾਨ ਮਿਸਟਰ ਅਲਰਟ ਬਾਰਸੇਗਿਆਨ (ਐੱਸ.ਐਚ.ਆਰ.ਜੀ.) ਦੁਆਰਾ ਇੱਕ ਅੰਤਰਰਾਸ਼ਟਰੀ ਸਾਈਡ ਇਵੈਂਟ ਦੌਰਾਨ ਸੰਸਥਾ ਦੇ ਕਾਰਜਾਂ ਨੂੰ ਵਿਸ਼ੇਸ ਤੌਰ 'ਤੇ ਇੱਕ ਪੇਸ਼ਕਾਰੀ ਰਾਹੀਂ ਵੀ ਸਾਂਝਾ ਕੀਤਾ ਗਿਆ।

# "ਲੰਗਰ ਮਾਤਾ ਖੀਵੀ ਜੀ" ਲੰਗਰ ਹਾਲ ਵਿਖੇ ਲੰਗਰ ਤਿਆਰ ਕਰਨ ਅਤੇ ਛਕਾਉਣ ਦੀ ਸੇਵਾ



ਮਾਤਾ ਖੀਵੀ ਜੀ ਪਹਿਲੇ ਐਸੇ ਗੁਰੂ ਮਹਿਲ ਅਤੇ ਪਹਿਲੇ ਸਿੱਖ ਇਸਤਰੀ ਹਨ, ਜਿਨ੍ਹਾਂ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਵਿੱਚ ਆਇਆ। ਮਾਤਾ ਖੀਵੀ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਹਿਲ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਪ੍ਰਾਪਤੀ ਤੋਂ ਬਾਅਦ ਖਡੂਰ ਸਾਹਿਬ ਨੂੰ ਸਿੱਖੀ ਪ੍ਰਚਾਰ ਪ੍ਰਸਾਰ ਦਾ ਕੇਂਦਰ ਸਥਾਪਿਤ ਕਰਦੇ ਹਨ ਗੁਰੂ ਸਾਹਿਬ ਜੀ ਜਿੱਥੇ ਖਡੂਰ ਸਾਹਿਬ ਵਿਖੇ ਸੰਗਤ ਵਿੱਚ 'ਸ਼ਬਦ' ਦਾ ਲੰਗਰ ਵਰਤਾਉਂਦੇ ਸਨ, ਉੱਥੇ ਮਾਤਾ ਖੀਵੀ ਜੀ ਹੱਥੀ ਘਿਆਲੀ ਖੀਰ ਤਿਆਰ ਕਰਕੇ ਸੰਗਤਾਂ ਵਿੱਚ ਵਰਤਾਇਆ ਕਰਦੇ ਸਨ। ਮਾਤਾ ਖੀਵੀ ਜੀ ਦੇ ਘਿਆਲੀ ਖੀਰ ਵਾਲੇ ਲੰਗਰ ਦਾ ਬਿਰਤਾਂਤ ਗੁਰਬਾਣੀ ਵਿੱਚ ਆਇਆ ਹੈ

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ ॥**

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਦੇ ਨਾਂ ਉੱਪਰ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਉਸਾਰੇ ਗਏ 3 ਮੰਜ਼ਿਲਾ ਲੰਗਰ ਹਾਲ ਵਿੱਚ ਸਮੂਹ ਸੰਗਤ ਦੇ ਸਹਿਯੋਗ ਨਾਲ ਮਾਤਾ ਖੀਵੀ ਜੀ ਵੱਲੋਂ ਲੰਗਰ ਵਿੱਚ 'ਖੀਰ ਘਿਆਲੀ' ਬਣਾ ਕੇ ਵਰਤਾਉਣ ਦੀ ਪਰੰਪਰਾ ਨੂੰ ਪੂਰਨ ਅਦਬ ਅਤੇ ਉਤਸ਼ਾਹ ਨਾਲ ਜਾਰੀ ਰੱਖਿਆ ਜਾ ਰਿਹਾ ਹੈ। ਲੰਗਰ ਵਿੱਚ ਸੇਵਾ ਕਰਨ ਲਈ ਹੋਰ ਸੰਗਤਾਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਇਲਾਕੇ ਭਰ ਦੇ ਲਗਭਗ 80 ਪਿੰਡਾਂ ਦੀਆਂ ਸੰਗਤਾਂ ਜੋ ਕਿ ਮਹੀਨੇ ਵਾਰ ਆਪਣੀ ਤਰੀਕ ਨੂੰ ਆਪਣੇ ਹੀ ਆਵਾਜਾਈ ਸਾਧਨਾਂ ਰਾਹੀਂ ਆਉਂਦੀਆਂ ਹਨ, ਅਤੇ ਗੁਰੂ ਕਾ ਲੰਗਰ ਤਿਆਰ ਕਰਨ, ਵਰਤਾਉਣ ਅਤੇ ਸਫ਼ਾਈ ਆਦਿ ਦਾ ਪ੍ਰਬੰਧ ਪੂਰਨ ਸ਼ਰਧਾ, ਲਗਨ ਅਤੇ ਉਤਸ਼ਾਹ ਨਾਲ ਕਰਦੀਆਂ ਹਨ।

| ਤਰੀਕ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| 1 | ਖਡੂਰ ਸਾਹਿਬ, ਬਹਾਦਰਪੁਰ, ਭਲਾਈਪੁਰ | 03 |
| 2 | ਦੁਲਚੀਪੁਰ, ਵੜਿੰਗ ਸੂਬਾ ਸਿੰਘ | 02 |
| 3 | ਮੁਗਲਾਣੀ, ਸ਼ਿੰਗਾਰਪੁਰ | 02 |
| 4 | ਨਾਗੋਕੇ, ਅਲੀਆ | 02 |
| 5 | ਸੰਘਰ ਕਲਾਂ, ਲਿੱਧੜ, ਘੱਗੇ, ਟੌਂਗ | 04 |
| 6 | ਦੇਲਾਂਵਾਲ | 01 |
| 7 | ਖੋਜਕੀਪੁਰ | 01 |
| 8 | ਚੱਕ ਕਰੇ ਖਾਂ, ਕੋਟਲੀ, ਅੱਲੋਵਾਲ, ਢੋਟਾ | 04 |
| 9 | ਮੱਲ੍ਹਾ, ਏਕਲਗੱਡਾ | 02 |
| 10 | ਕੁੜੀਵਲਾਹ, ਨੱਥੋ ਕੇ | 02 |
| 11 | ਧਾਰੜ, ਤਾਰਾਗੜ੍ਹ | 02 |
| 12 | ਵੇਂਈਪੂਈ , ਲਾਲਪੁਰਾ, ਕੋਟ ਮਹਿਤਾਬ | 03 |
| 13 | ਮੀਆਂਵਿੰਡ, ਬਦੇਸ਼ਾ, ਹੋਠੀਆਂ | 03 |
| 14 | ਵੈਰੋਵਾਲ, ਦਾਰਾਪੁਰ, ਕੀੜੀਸ਼ਾਹੀ, ਭਲੋਜਲਾ, ਬੋਤਲਕੀੜੀ, ਗਗੜੇਵਾਲ | 06 |
| 15 | ਮਾਲਚੱਕ, ਦੀਨੇਵਾਲ | 02 |
| 16 | ਮਥਰੇਵਾਲ, ਕਾਜੀਵਾਲ, ਕੰਗ | 03 |

| ਤਰੀਕ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| 17 | ਅਹਿਮਦਪੁਰ, ਦੋਵੇਂ ਵਰਿਆਂਹ, ਨੌਸ਼ਹਿਰਾ ਪੰਨੂੰਆਂ, ਠੱਠੀਆਂ ਮਹੰਤਾਂ | 05 |
| 18 | ਮੁੱਛਲ, ਉੱਪਲ | 02 |
| 19 | ਚੱਕ ਮਹਿਰ | 01 |
| 20 | ਜਵੰਦਪੁਰ, ਫਾਜ਼ਿਲਪੁਰ, ਬਹਿਕ ਮੁੰਡਾ ਪਿੰਡ | 03 |
| 21 | ਜੱਬੋਵਾਲ, ਬਾਲੀਆ, ਮੰਝਪੁਰ, ਮੱਲ੍ਹੀਆਂ | 04 |
| 22 | ਤੁੜ, ਟਾਂਡਾ | 02 |
| 23 | ਵਰਾਣਾ | 01 |
| 24 | ਰੈਸ਼ੀਆਣਾ , ਕੱਲ੍ਹਾ | 02 |
| 25 | ਢੋਟੀਆਂ | 01 |
| 26 | ਬਾਣੀਆਂ, ਮੰਡਾਲਾ, ਘਸੀਟਪੁਰ | 03 |
| 27 | ਜਾਮਾਰਾਏ | 01 |
| 28 | ਸਹਿਸਰਾ, ਜਾਤੀ ਉਮਰਾ, ਤੱਖਤੂ ਚੱਕ, ਛੋਟੀ ਸਰਲੀ ਵੱਡੀ ਸਰਲੀ, ਖ਼ੱਖ | 06 |
| 29 | ਜਲਾਲਾਬਾਦ , ਰਾਮਪੁਰ | 02 |
| 30 | ਬਿਹਾਰੀਪੁਰ, ਆਲਮਪੁਰ, ਬੋਦੇਵਾਲ,ਭਿੰਡਰ | 04 |
| 31 | ਸੰਘਰ ਕੋਟ | 01 |
| | ਕੁੱਲ ਜੋੜ | **80** |

# ਲੰਗਰ ਮਾਤਾ ਖੀਵੀ ਜੀ ਵਿਖੇ 'ਖੀਰ ਘਿਆਲੀ' ਵਾਸਤੇ ਦੁੱਧ ਅਤੇ ਹੋਰ ਰਸਦਾਂ ਦੀ ਸੇਵਾ

ਮਾਤਾ ਖੀਵੀਂ ਜੀ ਆਪਣੇ ਹੱਥੀ 'ਖੀਰ ਘਿਆਲੀ' ਬਣਾ ਕੇ ਵਰਤਾਇਆਂ ਕਰਦੇ ਸਨ । ਉਸੇ ਪਰੰਪਰਾ ਨੂੰ ਬਰਕਰਾਰ ਰੱਖਦਿਆਂ ਅੱਜ ਵੀ ਮਾਤਾ ਖੀਵੀਂ ਲੰਗਰ ਹਾਲ ਵਿੱਚ ਖੀਰ ਬਣਾ ਕੇ ਵਰਤਾਈ ਜਾ ਰਹੀ ਹੈ । ਰੋਜ਼ਾਨਾ ਬਣਦੀ ਖੀਰ ਲਈ ਦੁੱਧ ਅਤੇ ਹੋਰ ਰਸਦਾਂ ਦੀ ਸੇਵਾ ਇਲਾਕੇ ਦੇ ਲਗਭਗ 39 ਪਿੰਡਾਂ ਦੀਆ ਸੰਗਤਾਂ ਦੁਆਰਾ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਨਿਭਾਈ ਜਾ ਰਹੀ ਹੈ । ਇਹ ਸੇਵਾ ਪਿੰਡਾਂ ਦੀਆਂ ਸੰਗਤਾਂ ਹਫ਼ਤਾਵਾਰੀ ਗਜਾ ਕਰਕੇ ਦੁੱਧ ਅਤੇ ਰਸਦਾਂ ਨਿੱਜੀ ਸਾਧਨਾਂ ਰਾਹੀਂ ਪਹੁੰਚਾਉਂਦੀਆਂ ਹਨ । ਇਹਨਾਂ ਦਾ ਵੇਰਵਾ ਅੱਗੇ ਲਿਖੇ ਅਨੁਸਾਰ ਹੈ:-

| ਦਿਨ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| ਐਤਵਾਰ | ਖਡੂਰ ਸਾਹਿਬ, ਆਲਮਪੁਰ | 02 |
| ਸੋਮਵਾਰ | ਅਲੀਆ, ਨਾਗੋਕੇ, ਕੋਟਲੀ, ਭਰੋਵਾਲ, ਜਲਾਲਾਬਾਦ | 05 |
| ਮੰਗਲਵਾਰ | ਮੁਗਲਾਣੀ, ਸੰਘਰ ਕੋਟ, ਸੰਘਰ ਕਲਾਂ, ਵੇਂਈਪੂਈਂ | 04 |
| ਬੁੱਧਵਾਰ | ਬਾਣੀਆਂ, ਮੰਡਾਲਾ, ਘਸੀਟਪੁਰ, ਬਾਠ, ਏਕਲਗੱਡਾ | 05 |

| ਦਿਨ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| ਵੀਰਵਾਰ | ਚੱਕ ਕਰੇ ਖਾਂ , ਕੰਗ , ਮਾਲਚੱਕ , ਅੱਲੋਵਾਲ , ਕਾਜੀਵਾਲ , ਅਹਿਮਦਪੁਰ, ਦੀਨੇਵਾਲ, ਮਥਰੇਵਾਲ, ਢੋਟਾ, ਦੇਉ | 10 |
| ਸ਼ੁੱਕਰਵਾਰ | ਵੈਰੋਵਾਲ, ਜਵੰਦਪੁਰ, ਰਾਮਪੁਰ, ਬੋਦਲਕੀੜੀ, ਮੀਆਂਵਿੰਡ | 05 |
| ਸ਼ਨੀਵਾਰ | ਜਾਤੀਉਮਰਾ, ਦੁਲਚੀਪੁਰ, ਕੁੜੀਵਲਾਹ, ਵੜਿੰਗ ਸੂਬਾ ਸਿੰਘ, ਮੱਲ੍ਹਾ , ਬਿਹਾਰੀਪੁਰ , ਸਰਲੀ ਕਲਾਂ , ਤੱਖਤੂਚੱਕ | 08 |
| | **ਕੁਲ ਜੋੜ** | **39** |

ਲੰਗਰ ਵਿੱਚ ਰੋਜ਼ਾਨਾ ਬਣਦੀ ਖੀਰ ਲਈ ਖੰਡ ਦੀ ਸੇਵਾ ਭਾਈ ਬੂਟਾ ਸਿੰਘ ਜੀ ਇੰਗਲੈਂਡ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ ਅਤੇ ਖੀਰ ਵਾਸਤੇ ਚੌਲਾਂ ਦੀ ਸੇਵਾ 'ਲਾਲ ਕਿਲ੍ਹਾ' ਅੰਮ੍ਰਿਤਸਰ ਵਾਲਿਆਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਰੋਜ਼ਾਨਾ ਬਣਦੀ ਖੀਰ ਲਈ ਦੁੱਧ ਅਤੇ ਹੋਰ ਰਸਦਾਂ ਦੀ ਸੇਵਾ ਇਲਾਕੇ ਦੇ ਲਗਭਗ 13 ਪਿੰਡਾਂ ਦੀਆ ਸੰਗਤਾਂ ਦੁਆਰਾ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਨਿਭਾਈ ਜਾ ਰਹੀ ਹੈ। ਇਹ ਸੇਵਾ ਗੁਰੂ ਘਰ ਦੀਆ ਦੋ ਗੱਡੀਆਂ ਰਾਹੀ ਹਰ ਐਤਵਾਰ ਗਜਾ ਕਰਕੇ ਦੁੱਧ ਅਤੇ ਰਸਦਾਂ ਲਿਆਂਉਣ ਲਈ ਸੰਗਤਾਂ ਦੀ ਭਾਵਨਾਂ ਮੁਤਾਬਕ ਚਲਾਈਆਂ ਜਾਂਦੀਆਂ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਦਿਨ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| ਐਤਵਾਰ | ਰਾਮਪੁਰ , ਝੀਤੇ ਕਲਾਂ , ਬੰਡਾਲਾ , ਨੋਨੇ , ਖੱਬੇ ਡੋਗਰਾ , ਰਾਜੇਵਾਲਾ ਖੂਹ , ਪੱਖੋਕੇ | 07 |
| ਐਤਵਾਰ | ਜਲਾਲਾਬਾਦ , ਨਰੋਤਮਪੁਰ , ਘੱਗੇ , ਭਲਾਈਪੁਰ , ਭਲੋਜਲਾ , ਕੋਟ ਮਹਿਤਾਬ | 06 |
| | **ਕੁੱਲ ਜੋੜ** | **13** |
| | **ਰੋਜਾਨਾ ਬਣਦੀ ਖੀਰ ਲਈ ਦੁੱਧ ਅਤੇ ਹੋਰ ਰਸਦਾਂ ਦੀ ਸੇਵਾ ਕਰਦੇ ਕੁੱਲ ਨਗਰਾਂ ਦਾ ਜੋੜ 39 + 13 = 52** | |

## ਕਹੀ-ਟੋਕਰੀ ਅਤੇ ਹੋਰ ਸੇਵਾਵਾਂ ਦਾ ਵੇਰਵਾ

ਬਾਬਾ ਗੁਰਮੁਖ ਸਿੰਘ ਜੀ ਵੱਲੋਂ ਅਰੰਭ ਕੀਤੀ ਗਈ ਕਾਰ ਸੇਵਾ ਸੰਗਤਾਂ ਦੁਆਰਾ ਨਿਭਾਈਆਂ ਜਾਣ ਵਾਲੀਆਂ ਸੇਵਾਵਾਂ ਰਾਹੀਂ ਚੱਲ ਰਹੀ ਹੈ। ਕਾਰ ਸੇਵਾ ਵਿੱਚ ਕਹੀ - ਟੋਕਰੀ ਦੀ ਮਹਾਨ ਪਰਉਪਕਾਰੀ ਸੇਵਾ ਵਿੱਚ ਸੰਗਤਾਂ ਨੂੰ ਸ਼ਾਮਲ ਕਰਨ ਲਈ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਦੋ ਗੱਡੀਆਂ (ਟਰੱਕ) ਵੱਖ-ਵੱਖ ਰੂਟਾਂ ਤੇ ਪੱਕੇ ਤੌਰ ਤੇ ਸੇਵਾ ਵਿੱਚ ਲਾਈਆਂ ਹੋਈਆਂ ਹਨ। ਇਹ ਗੱਡੀਆਂ ਰੋਜਾਨਾ ਸੰਗਤਾਂ ਨੂੰ ਚੱਲ ਰਹੀ ਸੇਵਾ ਵਾਲੇ ਅਸਥਾਨਾਂ ਉੱਪਰ ਅਤੇ ਫਿਰ ਵਾਪਿਸ ਨਗਰਾਂ ਵਿੱਚ ਪਹੁੰਚਾਉਦੀਆਂ ਹਨ। ਸੇਵਾ ਵਿੱਚ ਸ਼ਾਮਲ ਲਗਭਗ 92 ਨਗਰਾਂ ਦਾ ਦਿਨ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਦਿਨ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| ਸੋਮਵਾਰ | ਕਿਲ੍ਹਾ ਮੇਘਾ | 01 |
| ਮੰਗਲਵਾਰ | ਖੇਲੇ, ਭੋਈਆਂ, ਭੈਲ ਢਾਏ ਵਾਲਾ | 03 |
| ਬੁੱਧਵਾਰ | ਬਾਣੀਆਂ, ਮੰਡਾਲਾ | 02 |
| ਵੀਰਵਾਰ | ਫੇਰੂਮਾਨ, ਪੱਡੇ | 02 |
| ਸ਼ੁੱਕਰਵਾਰ | ਸ਼ੇਖਚੱਕ, ਲਾਲਪੁਰਾ | 02 |
| ਸ਼ਨੀਵਾਰ | ਲਿੱਧੜ, ਘੱਗੇ, ਟੌਂਗ | 03 |
| ਐਤਵਾਰ | ਜਲਾਲਾਬਾਦ, ਰਾਮਪੁਰ, ਗਿਆਰਾ ਵਾਲਾ ਮੋੜ | 03 |
| ਸੋਮਵਾਰ | ਭਲਾਈਪੁਰ, ਗਗੜੇਵਾਲ, ਭਲੋਜਲਾਂ | 03 |
| ਮੰਗਲਵਾਰ | ਧੂੰਦਾ, ਝੰਡੇਰ, ਖੱਖ | 03 |
| ਬੁੱਧਵਾਰ | ਚੀਮੇਬਾਠ, ਪੱਡੇਆਣਾ, ਨਰਿੰਜਨਪੁਰਾ, ਰਤਨਗੜ੍ਹ, ਲੋਹਗੜ੍ਹ, ਬਾਬਾ ਬਕਾਲਾ ਸਾਹਿਬ | 06 |
| ਵੀਰਵਾਰ | ਭੰਗਵਾਂ, ਗਹਿਰੀ ਮੰਡੀ, ਜੰਡਿਆਲਾ ਗੁਰੂ | 03 |
| ਸ਼ੁੱਕਰਵਾਰ | ਦੇਲਾਂਵਾਲ, ਜਵੰਦਪੁਰ, ਫਾਜ਼ਿਲਪੁਰ | 03 |
| ਸ਼ਨੀਵਾਰ | ਦੀਨੇਵਾਲ, ਮਾਲਚੱਕ, ਜਹਾਂਗੀਰ | 03 |
| ਐਤਵਾਰ | ਰਮਾਣਾ ਚੱਕ, ਧੂਲਕਾ, ਬਾਣੀਆ | 04 |
| ਸੋਮਵਾਰ | ਜੱਬੋਵਾਲ, ਬਾਲੀਆ, ਡੇਹਰੀਵਾਲ, ਟਾਂਗਰਾ, ਮੱਲੀਆਂ | 05 |

| ਦਿਨ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| ਮੰਗਲਵਾਰ | ਲਾਲੂ ਘੁੰਮਣ, ਪੰਡੋਰੀ ਹਸਨ, ਬਘੇਲ ਸਿੰਘ ਵਾਲਾ | 03 |
| ਬੁੱਧਵਾਰ | ਦੋਵੇ ਵਰਿਆਹ, ਠੱਠੀਆਂ ਮਹੰਤਾ, ਸੁਹਾਵਾ, ਚੋਹਲਾ ਸਾਹਿਬ ਵੱਡਾ | 05 |
| ਵੀਰਵਾਰ | ਮਥਰੇਵਾਲ, ਕਾਜੀਵਾਲ, ਕੰਗ | 03 |
| ਸ਼ੁੱਕਰਵਾਰ | ਠਰੂ, ਕੋਟ ਕਲਾਂ, ਕੋਟ ਖੁਰਦ, ਕੋਟ ਧਰਮਚੰਦ, ਨੂਰਦੀ ਕਿਲ੍ਹਾ ਕਵੀ ਸੰਤੋਖ ਸਿੰਘ | 05 |
| ਸ਼ਨੀਵਾਰ | ਦੁਲਚੀਪੁਰ, ਵੜਿੰਗ ਸੂਬਾ ਸਿੰਘ | 02 |
| ਐਤਵਾਰ | ਬੰਡਾਲਾ, ਝੀਤੇ, ਰਾਮਪੁਰ, ਏਕਲਗੱਡਾ | 04 |
| ਸੋਮਵਾਰ | ਚੁਤਾਲਾ, ਪਿੱਦੀ | 02 |
| ਮੰਗਲਵਾਰ | ਰੂੜੇਹਾਸਿਲ, ਸੰਘੇ, ਤੱਖਤੂਚੱਕ | 03 |
| ਬੁੱਧਵਾਰ | ਬਾਠ, ਭੁੱਲਰ, ਦੇਉ | 03 |
| ਵੀਰਵਾਰ | ਨਾਗੋਕੇ, ਅਲੀਆ | 02 |
| ਸ਼ੁੱਕਰਵਾਰ | ਨੋਨੈ, ਖੱਬੇ, ਰਾਜੇਵਾਲ, ਜੋਗਾ ਸਿੰਘ ਵਾਲਾ, ਮੱਲੀਆਂ | 05 |
| ਸ਼ਨੀਵਾਰ | ਖੱਖ, ਦੋਵੇਂ ਸਰਲੀਆਂ,ਮੱਲ੍ਹਾ, ਕੁੜੀਵਲਾਹ, ਤੱਖਤੂ ਚੱਕ, ਸ਼ੇਖਾਂ ਵਾਲੀ, ਜਾਤੀ-ਉਮਰਾ | 07 |
| ਐਤਵਾਰ | ਪੱਖੋਕੇ, ਬਾਗੜੀਆਂ, ਜਾਣੀਆਂ, ਸ਼ੇਖਾਂ ਵਾਲੀ | 04 |
| | **ਕੁੱਲ ਜੋੜ** | **94** |

## ਖਡੂਰ ਸਾਹਿਬ ਦੀਆਂ ਪੱਤੀਆਂ ਦੀ ਸੇਵਾ-

ਕਾਰ ਸੇਵਾ ਖਡੂਰ ਸਾਹਿਬ ਦੁਆਰਾ ਚੱਲ ਰਹੀਆਂ ਸੇਵਾਵਾਂ ਵਿੱਚ ਨਗਰ ਖਡੂਰ ਸਾਹਿਬ ਦੀਆਂ ਵੱਖ-ਵੱਖ ਪੱਤੀਆਂ ਹਫ਼ਤੇ ਦੇ ਨਿਯਤ ਕੀਤੇ ਦਿਨਾਂ ਨੂੰ ਆਪਣੀ ਵਾਰੀ ਅਨੁਸਾਰ ਸ਼ਰਧਾ ਭਾਵਨਾ ਨਾਲ ਹਾਜ਼ਰੀਆਂ ਭਰਕੇ ਸੇਵਾਵਾਂ ਨਿਭਾਉਂਦੀਆਂ ਹਨ।

| ਦਿਨ | ਨਗਰਾਂ ਦੇ ਨਾਂ |
|---|---|
| ਮੰਗਲਵਾਰ | ਬੱਸੀ ਦੀ ਪੱਤੀ |
| ਬੁੱਧਵਾਰ | ਖਵਾਸਪੁਰ |
| ਵੀਰਵਾਰ | ਗੁਰਮੁਖਾਂ ਦੀ ਪੱਤੀ |
| ਸ਼ੁੱਕਰਵਾਰ | ਮੁਗਲਾਣੀ |
| ਸ਼ਨੀਵਾਰ | ਫੱਲਿਆਂ ਦੀ ਪੱਤੀ |
| ਐਤਵਾਰ | ਆਲਮਪੁਰ ਗੋਇੰਦਵਾਲ ਸਾਹਿਬ ਰੋਡ |

## ਇਮਾਰਤਾਂ ਦੀ ਉਸਾਰੀ ਵਾਸਤੇ ਮਿਸਤਰੀ ਸਿੰਘਾਂ ਦੀ ਸੇਵਾ

ਕਾਰ ਸੇਵਾ ਖਡੂਰ ਸਾਹਿਬ ਰਾਹੀਂ ਉਸਾਰੀ ਕਾਰਜਾਂ ਵਿੱਚ ਵੱਖ-ਵੱਖ ਨਗਰਾਂ ਦੇ ਮਿਸਤਰੀ ਸਿੰਘਾਂ ਵੱਲੋਂ ਨਿਸ਼ਕਾਮ ਸੇਵਾ ਨਿਭਾਈ ਜਾਂਦੀ ਹੈ। ਇਹਨਾਂ ਮਿਸਤਰੀ ਸਿੰਘਾਂ ਨੂੰ ਨਗਰਾਂ ਤੋਂ ਚੱਲ ਰਹੀ ਸੇਵਾ ਵਾਲੇ ਅਸਥਾਨਾਂ ਤੱਕ ਅਤੇ ਵਾਪਿਸ ਨਗਰਾਂ ਵਿੱਚ ਪਹੁੰਚਾਉਣ ਲਈ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਗੱਡੀ ਪੱਕੇ ਤੌਰ ਤੇ ਸੇਵਾ ਵਿੱਚ ਲਾਈ ਗਈ ਹੈ। ਜਿਸਦਾ ਹਫ਼ਤਾਵਾਰੀ ਰੂਟ ਦਾ ਵੇਰਵਾ ਨਗਰ ਵਾਰ ਹੇਠ ਲਿਖੇ ਅਨੁਸਾਰ ਹੈ:-

| ਦਿਨ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| ਸੋਮਵਾਰ | ਖੇਜਕੀਪੁਰ, ਘੱਗੇ, ਸੱਕਿਆਂਵਾਲੀ | 03 |
| ਮੰਗਲਵਾਰ | ਰੂੜੇਆਸਲ, ਚੁਤਾਲਾ | 02 |
| ਬੁੱਧਵਾਰ | ਬਾਗੜੀਆਂ, ਬਾਠ, | 02 |
| ਵੀਰਵਾਰ | ਫੇਲੋਕੇ | 01 |
| ਸ਼ੁੱਕਰਵਾਰ | ਪਰਿੰਗੜੀ, ਪਨਗੋਟਾ, ਨੰਦੇੜ, ਸੈਦਪੁਰ | 04 |
| ਸ਼ਨੀਵਾਰ | ਪੱਖੋਕੇ , ਜਹਾਂਗੀਰ | 02 |
| ਐਤਵਾਰ | ਵੈਰੋਵਾਲ ਬਾਵਿਆਂ, ਬਿਹਾਰੀਪੁਰ | 02 |
| ਸੋਮਵਾਰ | ਭੇਰਸ਼ੀ ਰਾਜਪੂਤਾ, ਜੱਸੋ ਨੰਗਲ, ਚੱਕ ਕਰੇ ਖਾਂ, ਢੋਟਾ | 04 |
| ਮੰਗਲਵਾਰ | ਲਹੁਕਾ, ਜੌਂੜਾ, ਨੱਥੋ ਚੱਕ, ਜੰਡੋਕੇ ਸਰਹਾਲੀ | 04 |
| ਬੁੱਧਵਾਰ | ਰਾਹਲਚਾਲ, ਰਾਣੀਵਲਾਹ, ਵਰਾਣਾ, ਜਾਮਾਰਾਏ, ਕੌੜਾ ਵਧਾਣਾ | 05 |
| ਵੀਰਵਾਰ | ਕਾਜੀਵਾਲ, ਦੇਊ, ਮਥਰੇਵਾਲ | 03 |
| ਸ਼ੁੱਕਰਵਾਰ | ਕੋਟ ਧਰਮ ਚੰਦ, ਛੋਟਾ ਕੋਟ, ਵੱਡਾ ਕੋਟ | 03 |
| ਸ਼ਨੀਵਾਰ | ਬੰਡਾਲਾ, ਬੁੱਤ | 02 |
| ਐਤਵਾਰ | ਜਾਤੀਉਮਰਾ, ਸੰਘਰ, ਕੁੜੀਵਲਾਹ, ਮੱਲ੍ਹਾ, ਘਸੀਟਪੁਰ | 05 |
| | **ਕੁਲ ਜੋੜ** | **42** |

ਉਸਾਰੀ ਕਾਰਜਾਂ ਵਿੱਚ ਵੱਖ-ਵੱਖ ਨਗਰਾਂ ਦੇ ਮਿਸਤਰੀ ਸਿੰਘਾਂ ਵੱਲੋਂ ਨਿਸ਼ਕਾਮ ਸੇਵਾ ਨਿਭਾਉਣ ਵਾਲੇ ਨਗਰਾ ਦਾ ਕੁੱਲ ਜੋੜ 42

## ਸੇਵਾਦਾਰਾਂ ਵਾਸਤੇ ਕੁੜਤੀਆਂ ਕਛਹਿਰਿਆਂ ਵਾਸਤੇ ਸੇਵਾ

ਕਾਰ ਸੇਵਾ ਖਡੂਰ ਸਾਹਿਬ ਵਿੱਚ ਵੱਖ-ਵੱਖ ਸੇਵਾਵਾਂ ਨਿਭਾ ਰਹੇ ਸਮੂਹ ਸੇਵਾਦਾਰਾਂ ਅਤੇ ਸਮੇਂ-ਸਮੇਂ ਇਥੇ ਰਹਿ ਕੇ ਸੇਵਾ ਨਿਭਾਉਣ ਵਾਲੀਆਂ ਸੰਗਤਾਂ ਲਈ ਕੁੜਤੀਆਂ-ਕਛਹਿਰੇ ਆਦਿ ਸਿਉਣ ਲਈ ਵੀ ਵੱਖ-ਵੱਖ ਨਗਰਾਂ ਦੇ ਦਰਜੀ ਸਿੰਘ ਨਿਸ਼ਕਾਮ ਸੇਵਾ ਨਿਭਾਉਦੇ ਹਨ। ਜਿੰਨਾਂ ਦਾ ਵੇਰਵਾਂ ਹੇਠ ਲਿਖੇ ਅਨੁਸਾਰ ਹੈ।

| ਦਿਨ | ਨਗਰਾਂ ਦੇ ਨਾਂ | ਨਗਰਾਂ ਦੀ ਗਿਣਤੀ |
|---|---|---|
| ਹਰ ਮਹੀਨੇ ਦੀ 1 ਤਾਰੀਖ ਨੂੰ | ਚੋਹਲਾ ਸਾਹਿਬ | 01 |
| ਬਾਕੀ ਨਗਰ | ਖਡੂਰ ਸਾਹਿਬ , ਨੌਸ਼ਹਿਰਾ ਪੰਨੂੰਆਂ , ਪੱਟੀ , ਢੋਟੀਆਂ , ਫਤਿਆਬਾਦ | 05 |
| | ਕੁੱਲ ਜੋੜ | 06 |

# ਕਾਰ ਸੇਵਾ ਖਡੂਰ ਸਾਹਿਬ
# ਦੁਆਰਾ ਪੁਰਾਤਤਵ ਵਿਭਾਗ ਦੇ ਨਿਯਮਾਂ ਅਨੁਸਾਰ
# ਸੰਭਾਲੀਆਂ ਗਈਆਂ ਪੁਰਾਤਨ ਇਤਿਹਾਸਕ ਯਾਦਗਾਰਾਂ



ਬਾਰਾਂਦਰੀ ਸ੍ਰੀ ਗੁਰੂ ਅੰਗਦ ਦੇਵ ਜੀ, ਖਡੂਰ ਸਾਹਿਬ



ਖੂਹ ਬਾਬਾ ਅਜਿੱਤਾ ਰੰਧਾਵਾ ਜੀ, ਡੇਰਾ ਬਾਬਾ ਨਾਨਕ



ਅੱਠ ਨੁੱਕਰਾ ਖੂਹ, ਪਾਤਸ਼ਾਹੀ ਪੰਜਵੀਂ ਓਠੀਆਂ, ਬਟਾਲਾ



ਖੂਹ ਬਾਬਾ ਬੁੱਢਾ ਸਾਹਿਬ ਜੀ, ਬੀੜ ਬਾਬਾ ਬੁੱਢਾ ਜੀ, ਝਬਾਲ



ਖੂਹ ਬੀਬੀ ਅਮਰੋ ਜੀ, ਖਡੂਰ ਸਾਹਿਬ



ਖੂਹੀ ਮਾਤਾ ਖੀਵੀ ਜੀ ਲੰਗਰ ਹਾਲ, ਖਡੂਰ ਸਾਹਿਬ

ਭਾਰਤ ਸਰਕਾਰ ਵੱਲੋਂ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਖਡੂਰ ਸਾਹਿਬ ਨੂੰ ਇਨਕਮ ਟੈਕਸ ਦੀ ਧਾਰਾ 12AA ਅਧੀਨ ਆਮਦਨ ਉੱਪਰ ਟੈਕਸ ਤੋਂ ਛੋਟ ਦਿੱਤੀ ਗਈ ਹੈ ਅਤੇ FCRA ਐਕਟ ਅਧੀਨ ਰਜਿਸਟਰਡ ਕੀਤਾ ਗਿਆ ਹੈ, ਜਿਸ ਤਹਿਤ ਟਰੱਸਟ ਲੋਕ ਭਲਾਈ ਦੇ ਕਾਰਜਾਂ ਲਈ ਵਿਦੇਸ਼ ਤੋਂ ਦਾਨ ਪ੍ਰਾਪਤ ਕਰ ਸਕਦਾ ਹੈ। ਦਾਨ ਦੇਣ ਵਾਲੀਆਂ ਸੰਗਤਾਂ ਨੂੰ ਇਨਕਮ ਟੈਕਸ ਵਿਭਾਗ ਦੇ ਕਾਨੂੰਨ ਦੀ ਧਾਰਾ 80-G ਅਨੁਸਾਰ ਛੋਟ ਦੇਣ ਦੀ ਮਨਜ਼ੂਰੀ ਦਿੱਤੀ ਗਈ ਹੈ। ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਮਨੁੱਖਤਾ ਦੀ ਭਲਾਈ ਲਈ ਚੱਲ ਰਹੇ ਸੇਵਾ ਦੇ ਕਾਰਜਾਂ ਲਈ ਤਨ, ਮਨ, ਧਨ ਨਾਲ ਯੋਗਦਾਨ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਸੰਗਤਾਂ ਦੀ ਸਹੂਲਤ ਲਈ ਸਟੇਟ ਬੈਂਕ ਆਫ ਇੰਡੀਆ, ਰੇਲਵੇ ਰੋਡ ਤਰਨ ਤਾਰਨ ਵਿਖੇ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਖਡੂਰ ਸਾਹਿਬ ਦੇ ਨਾਮ ਦੇ ਖਾਤੇ ਖੋਲੇ ਗਏ ਹਨ। ਜਿੰਨ੍ਹਾਂ ਦਾ ਅਕਾਊਂਟ ਨੰਬਰ

### ਕੇਵਲ ਭਾਰਤੀਆਂ ਲਈ

Bank Name : State Bank of India
Account No. 30751576190, (ਬਚਤ ਖਾਤਾ)
Account No. 38451107507 (ਚਾਲੂ ਖਾਤਾ)
IFSC Code : IFSC Code:SBIN0000723

### ਕੇਵਲ ਵਿਦੇਸ਼ੀ ਸੰਗਤਾਂ ਲਈ

Bank Name : State Bank of India
Account No. 00000040107479084
IFSC Code : SBIN0000691
SWIFT Code: SBININBB104

ਕਾਰਪੋਰੇਟ ਅਦਾਰਿਆਂ ਵਲੋਂ ਆਪਣੇ ਸਮਾਜਿਕ ਜਿੰਮੇਵਾਰੀ ਅਧੀਨ ਧਨ ਦੇਣ ਲਈ CSR number: CSR00010872

# ਨਿਸ਼ਾਨ-ਏ-ਸਿੱਖੀ ਦੇ ਚਮਕਦੇ ਸਿਤਾਰੇ

## ਐਨ.ਡੀ.ਏ. ਵਿੱਚ ਸਫ਼ਲ ਹੋਏ ਵਿਦਿਆਰਥੀ



ਆਦੇਸ਼ਪ੍ਰਕਾਸ਼ ਸਿੰਘ, ਤਰਨ ਤਾਰਨ
ਹਰਸਿਦਕਪਾਲ ਸਿੰਘ, ਲੁਧਿਆਣਾ
ਧਰਮਵੀਰ ਸਿੰਘ, ਹੁਸ਼ਿਆਰਪੁਰ
ਧਰਮਪ੍ਰੀਤ ਸਿੰਘ, ਹੁਸ਼ਿਆਰਪੁਰ
ਰਿਤੂਪਾਲ ਸਿੰਘ, ਪਠਾਨਕੋਟ
ਨਵਨੀਤ ਸਿੰਘ, ਹੁਸ਼ਿਆਰਪੁਰ
ਇੰਦਰਪਾਲ ਸਿੰਘ, ਅੰਮ੍ਰਿਤਸਰ
ਪ੍ਰੀਤਮ ਸਿੰਘ, ਕਪੂਰਥਲਾ



ਅਮਿਤੇਸ਼ਵਰ ਸਿੰਘ, ਫ਼ਿਰੋਜ਼ਪੁਰ
ਅਭਿਮਨਯੁ ਮਹਾਜਨ, ਪਠਾਨਕੋਟ
ਆਮੀਨਜੋਤ ਸਿੰਘ, ਮੁਕਤਸਰ
ਦਪਿੰਦਰਦੀਪ ਸਿੰਘ, ਫ਼ਿਰੋਜ਼ਪੁਰ
ਅਭੈਜੀਤ ਸਿੰਘ, ਬਠਿੰਡਾ
ਹਰਵੀਰ ਸਿੰਘ, ਬਠਿੰਡਾ
ਗੁਰਸਿਮਰਨਜੀਤ ਸਿੰਘ, ਕਪੂਰਥਲਾ
ਸਹਿਜਪ੍ਰੀਤ ਸਿੰਘ, ਗੁਰਦਾਸਪੁਰ



ਜੋਬਨਪ੍ਰੀਤ ਸਿੰਘ, ਗੁਰਦਾਸਪੁਰ
ਸਾਹਿਲ, ਹਿਸਾਰ
ਸਹਿਜਪ੍ਰੀਤ ਸਿੰਘ, ਤਰਨ ਤਾਰਨ, ਭਾਰਤ 'ਚੋਂ 7ਵਾਂ ਸਥਾਨ
ਜੈਬੀਰ ਸਿੰਘ, ਤਰਨ ਤਾਰਨ, ਭਾਰਤ 'ਚੋਂ 39ਵਾਂ ਸਥਾਨ
ਸਿਦਕਪ੍ਰੀਤ ਸਿੰਘ, ਜਲੰਧਰ
ਧਰਵਿੰਦਰ ਸਿੰਘ, ਸੰਗਰੂਰ
ਸਿਦਕਬੀਰ ਸਿੰਘ, ਤਰਨ ਤਾਰਨ
ਹਰਬੀਰ ਸਿੰਘ, ਤਰਨ ਤਾਰਨ
ਜਸਕਰਨ ਸਿੰਘ, ਤਰਨ ਤਾਰਨ

## CDS ਰਾਹੀਂ ਸਫ਼ਲ ਹੋਏ ਵਿਦਿਆਰਥੀ



ਚੰਨਪ੍ਰੀਤ ਸਿੰਘ, ਅੰਮ੍ਰਿਤਸਰ
ਲਵਪ੍ਰੀਤ ਸਿੰਘ, ਕਪੂਰਥਲਾ
ਜੈਸਮੀਨ ਕੌਰ, ਕਪੂਰਥਲਾ

## NDA ਰਾਹੀਂ SSB ਇੰਟਰਵਿਊ ਪਾਸ ਕਰ ਚੁੱਕੇ ਵਿਦਿਆਰਥੀ (2025-26)



ਗੁਰਚੇਤਨ ਸਿੰਘ, ਗੁਰਦਾਸਪੁਰ
ਏਕਨੂਰ ਸਿੰਘ, ਅੰਮ੍ਰਿਤਸਰ
ਅਰਮਾਨਦੀਪ ਸਿੰਘ, ਤਰਨ ਤਾਰਨ
ਨਵਰੂਪ ਸਿੰਘ, ਫ਼ਿਰੋਜ਼ਪੁਰ
ਨਵਾਬਪ੍ਰੀਤ ਸਿੰਘ, ਅੰਮ੍ਰਿਤਸਰ

## CDS ਦੇ ਲਿਖਤੀ ਇਮਤਿਹਾਨ ਵਿੱਚ ਸਫ਼ਲ ਹੋਏ ਵਿਦਿਆਰਥੀ



ਗੁਰਵੀਨ ਕੌਰ, ਤਰਨ ਤਾਰਨ
ਜਸਸਿਮਰਨ ਸਿੰਘ, ਕਪੂਰਥਲਾ

## PCS ਪ੍ਰੀਲਿਮਨਰੀ ਪ੍ਰੀਖਿਆ ਪਾਸ ਕਰਕੇ ਮੇਨਜ਼ ਪ੍ਰੀਖਿਆ ਲਈ ਕੁਆਲੀਫਾਈ ਕਰਨ ਵਾਲੇ ਵਿਦਿਆਰਥੀ



ਹਰਦੀਪ ਕੌਰ, ਬੀ.ਏ. (ਸੋਸ਼ਲ ਸਟੱਡੀਜ਼)
ਚਰਨਪ੍ਰੀਤ ਸਿੰਘ, ਬੀ.ਏ. (ਸੋਸ਼ਲ ਸਟੱਡੀਜ਼)
ਕਿਰਨਬੀਰ ਕੌਰ, ਬੀ.ਏ. (ਸੋਸ਼ਲ ਸਟੱਡੀਜ਼)
ਅੰਮ੍ਰਿਤਪਾਲ ਕੌਰ, ਬੀ.ਏ. (ਸੋਸ਼ਲ ਸਟੱਡੀਜ਼)
ਗੁਰਹਿੰਮਤਬੀਰ ਸਿੰਘ, ਬੀ.ਏ. (ਸੋਸ਼ਲ ਸਟੱਡੀਜ਼)
ਪਰਮਪ੍ਰੀਤ ਸਿੰਘ, ਇਕ ਸਾਲਾ ਕੋਰਸ 2024-2025

**ਇਸ ਤੋਂ ਇਲਾਵਾ 103 ਵਿਦਿਆਰਥੀ ਮਰਚੈਂਟ ਨੇਵੀ ਵਿੱਚ ਸੇਵਾਵਾਂ ਨਿਭਾ ਰਹੇ ਹਨ।**